ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 21 | 03 June 2020 to 09 June 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

ਅੰਦਰ ਪੜ੍ਹੋ

4 ਖ਼ਬਰਸਾਰ
ਨਿਊਯਾਰਕ 'ਚ ਹਿੰਸਕ ਪ੍ਰਦਰਸ਼ਨਾਂ ਦੌਰਾਨ 300 ਤੋਂ ਵੱਧ ਲੋਕ ਗ੍ਰਿਫਤਾਰ



13 ਵਿਸ਼ੇਸ਼ ਲੇਖ
ਜੂਨ '84 ਦਾ ਵੱਡਾ ਦੁਖਾਂਤ ਤੇ ਗੁਰੂ ਨਾਨਕ ਪੰਥ ਦਾ ਭਵਿੱਖ



14 ਵਿਸ਼ੇਸ਼ ਰਿਪੋਰਟ
ਸੰਤ ਅਕਾਲ ਤਖ਼ਤ ਉੱਪਰ ਨਹੀਂ ਸਨ



# ਰਾਸ਼ਟਰਪਤੀ ਟਰੰਪ ਵੱਲੋਂ ਵਾਸ਼ਿੰਗਟਨ ਫੌਜ ਹਵਾਲੇ

## ਹੋਰ ਰਾਜਾਂ ਵਿਚ ਵੀ ਫੌਜ ਭੇਜਣ ਦੀ ਚਿਤਾਵਨੀ, ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਤੇ ਲੁੱਟਮਾਰ ਦਾ ਸਿਲਸਲਾ ਜਾਰੀ, ਹਜਾਰਾਂ ਗ੍ਰਿਫਤਾਰੀਆਂ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:**
ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਹਿੰਸਾ, ਲੁੱਟਮਾਰ, ਅਗਜ਼ਨੀ ਤੇ ਗੁੰਡਾਗਰਦੀ ਉਪਰ ਕਾਬੂ ਪਾਉਣ ਲਈ ਵਾਸ਼ਿੰਗਟਨ ਵਿਚ ਫੌਜ ਦੇ ਹਜਾਰਾਂ ਜਵਾਨਾਂ ਨੂੰ ਭੇਜ ਰਹੇ ਹਨ ਤੇ ਜੇਕਰ ਬਾਕੀ ਰਾਜ ਪ੍ਰਦਰਸ਼ਨਕਾਰੀਆਂ 'ਤੇ ਨਿਯੰਤਰਣ ਨਹੀਂ ਕਰ ਸਕਦੇ ਤਾਂ ਰਾਜਾਂ ਵਿਚ ਵੀ ਉਹ ਫੌਜ ਤਾਇਨਾਤ ਕਰ ਦੇਣਗੇ। ਰੋਜ ਗਾਰਡਨ ਵਿਖੇ ਸੰਬੋਧਨ ਕਰਦਿਆਂ ਟਰੰਪ ਨੇ ਰਾਜਾਂ ਦੇ ਗਵਰਨਰਾਂ ਨੂੰ ਕਿਹਾ ਕਿ ਉਹ ਹਿੰਸਾ ਉਪਰ ਕਾਬੂ ਪਾਉਣ ਲਈ ਕੌਮੀ ਗਾਰਡਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ। ਨਾਲ ਹੀ ਉਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਉਹ ਫੌਜ ਭੇਜਕੇ ਸਮੱਸਿਆ ਤੁਰੰਤ ਹੱਲ ਕਰ ਦੇਣਗੇ। ਰਾਸ਼ਟਰਪਤੀ ਨੇ ਕਿਹਾ ਕਿ ਇਹ ਸ਼ਾਂਤਮਈ ਪ੍ਰਦਰਸ਼ਨ ਨਹੀਂ ਹਨ ਬਲਕਿ ਇਹ ਘਰੇਲੂ ਅਤੰਕ ਹੈ।

**ਰਾਤ ਭਰ ਝੜਪਾਂ**

ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਵਿਅਕਤੀ ਦੀ ਹੋਈ ਮੌਤ ਤੋਂ ਬਾਅਦ ਅਮਰੀਕਾ ਦੇ ਕਈ ਸ਼ਹਿਰਾਂ ਵਿਚ 7 ਵੇਂ ਦਿਨ ਵੀ ਹਿੰਸਕ ਪ੍ਰਦਰਸ਼ਨ ਜਾਰੀ ਰਹੇ। ਪ੍ਰਦਰਸ਼ਨਕਾਰੀਆਂ ਨੇ ਲੁੱਟਮਾਰ ਤੇ ਭੰਨਤੋੜ ਕੀਤੀ। ਮਿਨੀਐਪੋਲਿਸ ਤੇ ਹੋਰ ਅਮਰੀਕੀ ਸ਼ਹਿਰਾਂ ਵਿਚ ਪ੍ਰਦਰਸ਼ਕਾਰੀਆਂਤੇ ਪੁਲਿਸ ਵਿਚਾਲੇ ਰਾਤ ਭਰ ਝੜਪਾਂ ਹੋਈਆਂ। ਦੇਸ਼ ਭਰ ਵਿਚ 5000 ਦੇ ਕਰੀਬ ਵਿਅਕਤੀਆਂਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਲਾਸ ਏਂਜਲਸ ਵਿਚ ਪ੍ਰਦਰਸ਼ਨਕਾਰੀ ਸੜਕਾਂ ਉਪਰ ਲੇਟ ਗਏ ਜਿਨਾਂ ਨੂੰ ਪੁਲਿਸ ਗ੍ਰਿਫ਼ਤਾਰ ਕਰਕੇ ਲੈ ਗਈ। ਵਾਸ਼ਿੰਗਟਨ, ਡੀ.ਸੀ ਵਿਚ




ਲੋਕਾਂ ਨੇ ਕਰਫ਼ਿਊ ਦੀ ਉਲੰਘਣਾ ਕਰਕੇ ਪ੍ਰਦਰਸ਼ਨ ਕੀਤਾ। ਵਾਈਟ ਹਾਊਸ ਦੇ ਬਿਲਕੁਲ ਨਾਲ ਲੱਗਦੇ ਇਕ ਪਾਰਕ ਵਿਚ ਪ੍ਰਦਰਸ਼ਨਕਾਰੀਆਂ ਨੂੰ ਦਾਖਲ ਹੋਣ ਤੋਂ ਰੋਕਣ ਲਈ ਪੁਲਿਸ ਨੇ ਅਥਰੂ ਗੈਸ ਦੇ ਗੋਲੇ ਸੁੱਟੇ ਤੇ ਰੱਬੜ ਦੀਆਂ ਗੋਲੀਆਂ ਚਲਾਈਆਂ। ਨਿਊਯਾਰਕ ਵਿਚ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਪਹਿਲੇ ਦਿਨ ਦੀ ਤੁਲਨਾ ਵਿਚ ਸ਼ਹਿਰ 'ਚ ਦੁੱਗਣੇ ਸੁਰੱਖਿਆ ਜਵਾਨ ਤਾਇਨਾਤ ਕੀਤੇ ਗਏ ਹਨ ਪਰ ਪ੍ਰਦਰਸ਼ਨਕਾਰੀ ਬੇਖੌਫ਼ ਹਨ। ਅਧਿਕਾਰੀਆਂਨੇ ਵਾਰ ਵਾਰ ਸਪੱਸ਼ਟ ਕੀਤਾ ਹੈ ਕਿ ਜੋ ਵੀ ਕੋਈ ਬਿਨਾਂਕਾਰਨ ਘਰ ਤੋਂ ਬਾਹਰ ਨਿਕਲੇਗਾ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਤੇ ਉਸ ਵਿਰੁੱਧ ਕੇਸ ਦਰਜ ਕੀਤਾ ਜਾਵੇਗਾ ਪਰ ਲੋਕਾਂ ਉਪਰ ਇਸ ਚਿਤਾਵਨੀ ਦਾ ਕੋਈ ਅਸਰ ਨਹੀਂ ਹੋ ਰਿਹਾ।

ਬਾਕੀ ਸਫ਼ਾ 32 'ਤੇ

# ਹਵਾਰਾ ਕਮੇਟੀ ਵੱਲੋਂ ਅਕਾਲ ਤਖਤ 'ਤੇ ਪਾਠ ਤੇ ਅਰਦਾਸ

**ਅੰਮ੍ਰਿਤਸਰ/ਏ.ਟੀ.ਨਿਊਜ਼:** ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਮਾਰੇ ਗਏ ਸਮੂਹ ਸ਼ਹੀਦਾਂ ਦੀ ਯਾਦ ਵਿਚ ਘੱਲੂਘਾਰਾ ਹਫਤੇ ਦੀ ਸ਼ੁਰੂਆਤ ਕੀਤੀ ਗਈ। ਪਹਿਲੇ ਦਿਨ ਹਵਾਰਾ ਕਮੇਟੀ ਦੇ ਆਗੂਆਂ ਨੇ ਗੁਰਦੁਆਰਾ ਬਾਬਾ ਅਟਲ ਰਾਏ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਸ਼ਹੀਦਾਂ ਦੀ ਯਾਦ ਵਿਚ ਪਾਠ ਅਤੇ ਅਰਦਾਸ ਕੀਤੀ। ਇਸ ਦੌਰਾਨ ਦਲ ਖਾਲਸਾ ਨੇ 5 ਜੂਨ ਨੂੰ ਸ਼ਹੀਦੀ ਮਾਰਚ ਕੱਢਣ ਲਈ ਜ਼ਿਲਾ ਪ੍ਰਸ਼ਾਸਨ ਨੂੰ ਪੱਤਰ ਸੌਂਪਿਆ ਹੈ।

ਅੱਜ ਘੱਲੂਘਾਰਾ ਹਫਤੇ ਦੀ ਸ਼ੁਰੂਆਤ ਵੇਲੇ ਹਵਾਰਾ ਕਮੇਟੀ ਦੇ ਮੈਂਬਰਾਂ ਨੇ ਗੁਰਦੁਆਰਾ ਬਾਬਾ ਅਟਲ ਰਾਏ ਵਿਖੇ ਜਾ ਕੇ ਪਾਠ ਕੀਤੇ। ਇਸ ਮੌਕੇ ਪ੍ਰੋਫੈਸਰ ਬਲਜਿੰਦਰ ਸਿੰਘ, ਸਤਨਾਮ ਸਿੰਘ ਝੰਜੀਆਂ ਅਤੇ ਤਰਲੋਕ ਸਿੰਘ (ਪੰਜ ਪਿਆਰਿਆਂ ਵਿਚੋਂ), ਭੁਪਿੰਦਰ ਸਿੰਘ ਜਰਮਨੀ, ਮਹਾਬੀਰ ਸਿੰਘ



ਸੁਲਤਾਨਵਿੰਡ, ਸੁਖਰਾਜ ਸਿੰਘ ਵੇਰਕਾ ਸ਼ਾਮਲ ਹੋਏ। ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ ਨੇ ਆਖਿਆ ਕਿ ਘੱਲੂਘਾਰੇ ਦੀ ਸ਼ੁਰੂਆਤ ਇਕ ਜੂਨ ਤੋਂ ਹੋ ਗਈ ਸੀ। ਇਕ ਜੂਨ 1984 ਨੂੰ ਗੁਰਦੁਆਰਾ ਬਾਬਾ ਅਟਲ ਰਾਏ ਦੀ ਸਿਖਰਲੀ ਮੰਜ਼ਿਲ 'ਤੇ ਬੱਬਰ ਖਾਲਸਾ ਦੇ ਭਾਈ ਮਹਿੰਗਾ ਸਿੰਘ ਸੀਆਰਪੀਐੱਫ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ। ਉਨਾਂ ਦੀ ਯਾਦ ਵਿਚ ਅੱਜ ਹਵਾਰਾ ਕਮੇਟੀ ਦੇ ਮੈਂਬਰਾਂ ਵੱਲੋਂ ਪਾਠ ਕੀਤਾ ਗਿਆ ਹੈ।

## ਕਰੋਨਾ ਸੰਕਟ : ਦਲ ਖਾਲਸਾ ਨੂੰ ਘੱਲੂਘਾਰਾ ਸ਼ਹੀਦੀ ਮਾਰਚ ਕੱਢਣ ਦੀ ਨਹੀਂ ਮਿਲੀ ਇਜਾਜਤ

ਕਰੋਨਾ ਸੰਕਟ ਦੇ ਚਲਦਿਆਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਬਰਸੀ ਮੌਕੇ ਸਿੱਖ ਜਥੇਬੰਦੀ ਦਲ ਖਾਲਸਾ ਵਲੋਂ ਪੰਜ ਜੂਨ ਨੂੰ ਕੱਢੇ ਜਾਣ ਵਾਲੇ ਘੱਲੂਘਾਰਾ ਸ਼ਹੀਦੀ ਮਾਰਚ ਨੂੰ ਕੱਢਣ ਦੀ ਪੁਲੀਸ ਨੇ ਆਗਿਆ ਨਹੀਂ ਦਿੱਤੀ। ਸਿੱਟੇ ਵਜੋਂ ਦਲ ਖਾਲਸਾ ਵਲੋਂ ਹੁਣ ਸੰਕੇਤਕ ਤੌਰ 'ਤੇ ਸਿਰਫ ਪੰਜ ਪਾਰਟੀ ਆਗੂ ਪੈਦਲ ਮਾਰਚ ਕਰ ਕੇ ਪੰਜ ਜੂਨ ਨੂੰ ਸ੍ਰੀ ਅਕਾਲ ਤਖਤ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਗੇ। ਇਸ ਦੌਰਾਨ 6 ਜੂਨ ਨੂੰ ਹਰ ਸਾਲ ਦਿੱਤਾ ਜਾਂਦਾ ਅੰਮ੍ਰਿਤਸਰ ਬੰਦ ਦਾ ਸੱਦਾ ਵੀ ਇਸ ਵਾਰ ਨਹੀਂ ਦਿੱਤਾ ਗਿਆ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com













ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਗ੍ਰੀਨਫੀਲਡ ਪ੍ਰਾਜੈਕਟ: ਨਕੋਦਰ ਤੋਂ ਸਿੱਧਾ ਅੰਮ੍ਰਿਤਸਰ 'ਚੋਂ ਲੰਘੇਗਾ ਦਿੱਲੀ-ਕੱਟੜਾ ਐਕਸਪ੍ਰੈੱਸਵੇਅ

## ਪਹਿਲੇ ਪੜਾਅ 'ਤੇ ਆਵੇਗੀ 25,000 ਕਰੋੜ ਰੁਪਏ ਲਾਗਤ

**ਨਵੀਂ ਦਿੱਲੀ/ ਏ.ਟੀ.ਨਿਊਜ਼:** ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਵਾਸੀਆਂ ਦੀ ਲੰਬੇ ਸਮੇਂ ਦੀ ਮੰਗ ਪੂਰੀ ਕਰਦਿਆਂ ਦਿੱਲੀ-ਅੰਮ੍ਰਿਤਸਰ ਐਕਸਪ੍ਰੈੱਸਵੇਅ ਦੇ ਹਿੱਸੇ ਵਜੋਂ ਨਕੋਦਰ ਤੋਂ ਅੰਮ੍ਰਿਤਸਰ ਤੱਕ (ਵਾਇਆ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ) ਨਵੀਂ ਸੜਕ ਬਣਾਉਣ ਦਾ ਐਲਾਨ ਕੀਤਾ ਹੈ। ਸੜਕ, ਆਵਾਜਾਈ ਅਤੇ ਹਾਈਵੇਅਜ ਬਾਰੇ ਮੰਤਰੀ ਨੇ ਦੱਸਿਆ ਕਿ ਇਸ ਐਕਸਪ੍ਰੈੱਸਵੇਅ ਨਾਲ ਅੰਮ੍ਰਿਤਸਰ ਤੋਂ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਦਾ ਮੌਜੂਦਾ ਅੱਠ ਘੰਟਿਆਂ ਦਾ ਸਫਰ ਘਟ ਕੇ ਚਾਰ ਘੰਟਿਆਂ ਦਾ ਰਹਿ ਜਾਵੇਗਾ। ਉਨਾਂ ਦੱਸਿਆ ਕਿ ਐਕਸਪ੍ਰੈੱਸਵੇਅ ਦੇ ਪਹਿਲੇ ਪੜਾਅ 'ਤੇ 25,000 ਕਰੋੜ ਰੁਪਏ ਦੀ ਲਾਗਤ ਆਵੇਗੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਨਾਲ ਰੀਵਿਊ ਮੀਟਿੰਗ ਵਿੱਚ ਇਸ ਸੇਧ ਬਾਰੇ ਅੰਤਿਮ ਛੋਹਾਂ ਦੇਣ ਮਗਰੋਂ ਗਡਕਰੀ ਨੇ ਕਿਹਾ, "ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਦੇ ਹਿੱਸੇ ਵਜੋਂ ਨਕੋਦਰ ਤੋਂ ਅੰਮ੍ਰਿਤਸਰ ਤੱਕ ਵਾਇਆ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ... ਨਵੀਂ ਸੜਕ (ਗ੍ਰੀਨਫੀਲਡ ਕੁਨੈਕਟੀਵਿਟੀ) ਦਾ ਨਿਰਮਾਣ ਕੀਤਾ ਜਾਵੇਗਾ। ਇਹ ਪ੍ਰਸਤਾਵਿਤ ਐਕਸਪ੍ਰੈੱਸਵੇਅ ਸਿੱਖ ਧਰਮ ਦੇ ਪੰਜ ਗੁਰੂਆਂ ਦੇ ਪਵਿੱਤਰ ਸ਼ਹਿਰਾਂ ਨੂੰ ਇੱਕ ਸੜਕ ਰਾਹੀਂ ਜੋੜੇਗਾ।" ਗਡਕਰੀ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਗੁਰਦਾਸਪੁਰ ਤੱਕ ਵੀ ਪੂਰੀ ਸੜਕ ਬਣਾਈ ਜਾਵੇਗੀ, ਜੋ ਸਿਗਨਲ ਰਹਿਤ ਹੋਵੇਗੀ। ਉਨਾਂ ਕਿਹਾ ਕਿ ਗ੍ਰੀਨਫੀਲਡ ਸੇਧ ਨਾਲ ਨਾ ਕੇਵਲ ਅੰਮ੍ਰਿਤਸਰ ਲਈ ਸਭ ਤੋਂ ਛੋਟਾ ਰਸਤਾ ਬਣੇਗਾ ਬਲਕਿ ਇਹ ਕਈ ਧਾਰਮਿਕ ਸ਼ਹਿਰਾਂ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਅਤੇ ਡੇਰਾ ਬਾਬਾ ਨਾਨਕ/ਕਰਤਾਰਪੁਰ ਸਾਹਿਬ ਕੌਮਾਂਤਰੀ ਲਾਂਘੇ ਨੂੰ ਵੀ ਜੋੜੇਗੀ। ਅੰਮ੍ਰਿਤਸਰ ਵੱਲ ਸੇਧ ਦੇ ਮਾਮਲੇ 'ਤੇ ਵਿਚਾਰ ਅਤੇ ਹੱਲ ਲਈ ਅੱਜ ਗਡਕਰੀ ਦੀ ਅਗਵਾਈ ਹੇਠ ਵੀਡੀਓ ਕਾਨਫਰੰਸ ਰਾਹੀਂ ਚਰਚਾ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਣੇ ਕੇਂਦਰੀ ਮੰਤਰੀਆਂ ਹਰਸਿਮਰਤ ਕੌਰ ਬਾਦਲ, ਹਰਦੀਪ ਸਿੰਘ ਪੁਰੀ, ਜਤੇਂਦਰ ਸਿੰਘ ਅਤੇ ਵੀਕੇ ਸਿੰਘ ਨੇ ਸ਼ਮੂਲੀਅਤ ਕੀਤੀ।

# ਪਾਕਿਸਤਾਨ ਵਲੋਂ ਭਾਰਤੀ ਡਿਪਲੋਮੈਟ ਤਲਬ

**ਇਸਲਾਮਾਬਾਦ/ਏ.ਟੀ.ਨਿਊਜ਼:** ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਦੋ ਅਧਿਕਾਰੀਆਂ ਨੂੰ ਭਾਰਤ ਵਲੋਂ ਜਾਸੂਸੀ ਦੇ ਦੋਸ਼ ਹੇਠ ਬਰਖਾਸਤ ਕੀਤੇ ਜਾਣ ਦੇ ਫੈਸਲੇ ਦਾ ਕਰੜਾ ਵਿਰੋਧ ਕਰਦਿਆਂ ਪਾਕਿਸਤਾਨ ਨੇ ਅੱਜ ਸੀਨੀਅਰ ਭਾਰਤੀ ਡਿਪਲੋਮੈਟ ਨੂੰ ਤਲਬ ਕੀਤਾ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਦੱਸਿਆ ਕਿ ਭਾਰਤ ਵਲੋਂ ਐਤਵਾਰ ਨੂੰ ਪਾਕਿਤਸਾਨ ਹਾਈ ਕਮਿਸ਼ਨ ਦੇ ਦੋ ਅਧਿਕਾਰੀਆਂ ਨੂੰ ਜਾਸੂਸੀ ਕਰਨ ਦੇ ਦੋਸ਼ ਹੇਠ 'ਅਣਚਾਹਿਆ ਵਿਅਕਤੀ' ਐਲਾਨਿਆ ਗਿਆ ਸੀ ਅਤੇ ਦੋਹਾਂ ਨੂੰ 24 ਘੰਟਿਆਂ ਦੇ ਅੰਦਰ ਮੁਲਕ ਛੱਡਣ ਦੇ ਹੁਕਮ ਦਿੱਤੇ ਗਏ ਸਨ। ਦੋਵੇਂ ਅਧਿਕਾਰੀਆਂ ਆਬਿਦ ਹੁਸੈਨ ਅਤੇ ਮੁਹੰਮਦ ਤਾਹਿਰ ਨੂੰ ਦਿੱਲੀ ਪੁਲੀਸ ਨੇ ਭਾਰਤ ਦੀ ਸੁਰੱਖਿਆ ਵਿਵਸਥਾ ਸਬੰਧੀ ਸੰਵੇਦਨਸ਼ੀਲ ਦਸਤਾਵੇਜ ਪ੍ਰਾਪਤ ਕਰਨ ਮੌਕੇ ਕਾਬੂ ਕੀਤਾ ਸੀ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਬਿਆਨ ਰਾਹੀਂ ਦੱਸਿਆ, "ਸਰਕਾਰ ਵਲੋਂ ਇਨਾਂ ਦੋਵਾਂ ਅਧਿਕਾਰੀਆਂ ਨੂੰ ਅਣਚਾਹੇ ਵਿਅਕਤੀ ਐਲਾਨਿਆ ਗਿਆ ਹੈ ਕਿਉਂਕਿ ਇਹ ਆਪਣੇ ਕੂਟਨੀਤਕ ਮਿਸ਼ਨ ਦੇ ਮੈਂਬਰ ਦੇ ਰੁਤਬੇ ਅਨੁਸਾਰ ਬੇਮੇਲ ਗਤੀਵਿਧੀਆਂ ਵਿੱਚ ਸ਼ਾਮਲ ਹੋ ਰਹੇ ਸਨ ਅਤੇ ਇਨਾਂ ਨੂੰ 24 ਘੰਟਿਆਂ ਦੇ ਅੰਦਰ ਮੁਲਕ ਛੱਡਣ ਲਈ ਆਖਿਆ ਗਿਆ ਹੈ।" ਪਾਕਿਸਤਾਨ ਵਿਦੇਸ਼ ਦਫਤਰ ਨੇ ਅੱਜ ਕਿਹਾ ਕਿ ਭਾਰਤ ਦੇ ਕੂਟਨੀਤਕ ਮਾਮਲਿਆਂ ਬਾਰੇ ਇੰਚਾਰਜ ਨੂੰ ਅੱਜ ਤਲਬ ਕੀਤਾ ਗਿਆ ਅਤੇ ਪਾਕਿਸਤਾਨ ਹਾਈ ਕਮਿਸ਼ਨ ਦੇ ਦੋ ਅਧਿਕਾਰੀਆਂ ਨੂੰ ਅਣਚਾਹੇ ਵਿਅਕਤੀ ਐਲਾਨੇ ਜਾਣ ਦੀ ਨਿੰਦਾ ਕਰਦਿਆਂ ਉਨਾਂ ਖਲਿਾਫ ਲੱਗੇ ਸਾਰੇ 'ਨਿਰਆਧਾਰ' ਦੋਸ਼ਾਂ ਨੂੰ ਰੱਦ ਕੀਤਾ ਗਿਆ। ਪਾਕਿਸਤਾਨ ਨੇ ਇਹ ਵੀ ਕਿਹਾ ਕਿ ਭਾਰਤ ਦੀ ਕਾਰਵਾਈ ਕੂਟਨੀਤਕ ਰਿਸ਼ਤਿਆਂ ਅਤੇ ਨੇਮਾਂ ਬਾਰੇ ਵੀਏਨਾ ਕਨਵੈਨਸ਼ਨ ਦੀ 'ਸਪੱਸ਼ਟ ਉਲੰਘਣਾ' ਹੈ।

# ਕਰਮਨ ਸ਼ਹਿਰ ਦੇ 'ਵਾਲਮਾਰਟ' ਸੀਨੀਅਰ ਗਰੇਜੂਏਟ ਸਮਾਗਮ




**ਕਰਮਨ/ਕੁਲਵੰਤ ਧਾਲੀਆ/ਨੀਟਾ ਮਾਛੀਕੇ:** ਕੋਵਿਡ-19 ਦੇ ਚੱਲਦਿਆਂ ਦੁਨੀਆਂ ਭਰ ਦੇ ਸਕੂਲ ਬੰਦ ਹੋ ਗਏ ਅਤੇ ਸਾਰੀ ਪੜਾਈ ਆਨ-ਲਾਈਨ ਕਰ ਦਿੱਤੀ ਗਈ। ਜਿਸ ਕਾਰਨ ਸਾਲ 2020 ਦੌਰਾਨ ਸਾਰੇ ਸਕੂਲਾ ਵਿੱਚ ਹੋਣ ਵਾਲੇ ਗਰੇਜੂਏਸ਼ਨ ਸਮਾਗਮ ਰੱਦ ਹੋ ਗਏ। ਜਦ ਕਿ ਇੱਥੋ ਦੇ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਲਈ ਹਾਈ ਸਕੂਲ ਤੋਂ ਗਰੇਜੂਏਸ਼ਨ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਸਕੂਲਾਂ ਵਿੱਚ ਵੱਡੇ ਪੱਧਰ 'ਤੇ ਸਮਾਗਮ ਹੁੰਦੇ ਹਨ। ਜਿਸ ਦੌਰਾਨ ਸਾਰੇ ਗਰੇਜੂਏਟ ਬੱਚਿਆਂ ਨੂੰ ਉਨਾਂ ਦੇ ਹਾਈ ਸਕੂਲ ਡਿਪਲੋਮੇ ਦੇਣ ਤੋਂ ਇਲਾਵਾ ਹੋਰ ਵੱਖ-ਵੱਖ ਅਕਾਦਮਿਕ ਅਤੇ ਖੇਡਾਂ ਵਿੱਚ ਮਾਣ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਜਾਂਦਾ ਹੈ। ਯੋਗ ਬੱਚਿਆਂ ਨੂੰ ਅਗਲੀ ਪੜਾਈ ਲਈ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ। ਪਰ ਇਸ ਸਾਲ ਕਰੋਨਾ ਵਾਇਰਸ ਕਰਕੇ ਇਹ ਸਮਾਗਮ ਨਹੀਂ ਹੋ ਸਕੇ, ਪਰ ਸ਼ੋਸ਼ਲ ਡਿਸਟਿਸ ਨੂੰ ਮੁੱਖ ਰੱਖਦੇ ਹੋਏ ਬੱਚਿਆ ਡਿਪਲੋਮੇ ਅਤੇ ਬਾਕੀ ਸਨਮਾਨ ਦਿੱਤੇ।

ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸੁਪਰ ਸਟੋਰ 'ਵਾਲਮਾਰਟ' (Walmart) ਨੇ ਜਿੱਥੇ ਹਾਈ ਸਕੂਲ ਦੇ ਬਹੁਤ ਸਾਰੇ ਬੱਚਿਆ ਨੂੰ ਸਕੂਲ ਬੰਦ ਦੌਰਾਨ ਕੰਮ ਦਿੱਤਾ, ਉੱਥੇ ਉਨਾਂ ਦੇ ਸਨਮਾਨ ਵਿੱਚ ਆਪਣੇ ਕਰਮਨ ਵਾਲੇ ਸਟੋਰ ਦੇ ਅੰਦਰ ਉਚੇਚਾ ਸਮਾਗਮ ਕੀਤਾ। ਜਿੱਥੇ ਬੱਚੇ ਆਪਣੇ ਕੈਪ ਅਤੇ ਗਾਊਨ (Cap and Gown) ਪਾ ਕੇ ਅੰਦਰ ਦਾਖਲ ਹੋਏ ਅਤੇ ਉੱਥੇ ਉਨਾਂ ਦੀ ਪਹਿਚਾਣ ਕਰਾਉਦੇ ਹੋਏ ਸਰਟੀਫ਼ਿਕੇਟ ਅਤੇ ਗਿਫਟ ਕਾਰਡ ਦਿੱਤੇ ਗਏ। ਇਸ ਤਰਾਂ ਬੱਚਿਆਂ ਨੂੰ ਮਾਣ-ਸਨਮਾਨ ਦਿੱਤੇ ਹੋਏ, ਉਨਾਂ ਦੀ ਖ਼ੁਸ਼ੀ ਨੂੰ ਹੋਰ ਵਧਾਇਆ। ਜਿਸ ਤੋਂ ਬੱਚੇ ਅਤੇ ਬੱਚਿਆਂ ਦੇ ਮਾਪੇ ਬਹੁਤ ਖ਼ੁਸ਼ ਸਨ। ਵਾਲਮਾਰਟ (Walmart) ਦੇ ਇਸ ਉਪਰਾਲੇ ਦੀ ਸਭ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।







Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਨਿਊਯਾਰਕ ’ਚ ਹਿੰਸਕ ਪ੍ਰਦਰਸ਼ਨਾਂ ਦੌਰਾਨ 300 ਤੋਂ ਵੱਧ ਲੋਕ ਗ੍ਰਿਫਤਾਰ

## ਮੇਅਰ ਨੇ ਇਸ ਨੂੰ ‘ਤਣਾਅ ਵਾਲੀ ਰਾਤ’ ਕਿਹਾ

**ਨਿਊਯਾਰਕ/ਰਾਜ ਗੋਗਨਾ:** ਨਿਊਯਾਰਕ ਸ਼ਹਿਰ ਦੇ ਰਾਤੋ-ਰਾਤ ਹੋਏ ਹਿੰਸਕ ਪੁਲਿਸ ਵਿਰੋਧੀ ਵਹਿਸ਼ੀਆਨਾ ਪ੍ਰਦਰਸ਼ਨਾਂ ਵਿੱਚ 300 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਵਿਚ ਮੇਅਰ ਬਿਲ ਡੀ ਬਲਾਸੀਓ ਨੇ ਪੁਲਿਸ ਅਧਿਕਾਰੀਆਂ ਲਈ ਇਹ ‘ਤਣਾਅ’ ਵਾਲੀ ਰਾਤ ਕਿਹਾ।ਸੋਸ਼ਲ ਮੀਡੀਆ ‘ਤੇ ਫੈਲਦੀ ਇੱਕ ਵੀਡੀਓ ਨੇ ਪੁਲਿਸ ਫੋਰਸ ਦੀ ਵਰਤੋਂ ਬਾਰੇ ਪਹਿਲਾਂ ਤੋਂ ਹੀ ਤਿੱਖੀ ਬਹਿਸ ਨੂੰ ਹੁਲਾਰਾ ਦਿੱਤਾ ਕਿਉਂਕਿ ਕੈਮਰੇ ਤੇ ਫੜੀ ਗਈ ਇੱਕ ਘਟਨਾ ਨੇ ਨਿਊਯਾਰਕ ਸਿਟੀ ਕਰੂਜ਼ਰ ਨੂੰ ਸਿਟੀ ਵਿੱਚ ਪ੍ਰਦਰਸ਼ਨਕਾਰੀਆਂ ਦੀ ਭੀੜ ਵਿੱਚ ਭੜਕਦਿਆਂ ਦਿਖਾਇਆ ਗਿਆ ਹੈ।ਬਿਲ.ਡੀ ਬਲਾਸੀਓ ਨੇ ਕਿਹਾ ਕਿ ਉਹ ਇਸ ਘਟਨਾ ਲਈ ਅਧਿਕਾਰੀਆਂ ਨੂੰ ਦੋਸ਼ੀ ਨਹੀਂ ਠਹਿਰਾਉਣਗੇ, ਇਸ ਦੀ ਬਜਾਏ ਇਹ ਕਹਿ ਰਹੇ ਸਨ, ਕਿ ਵਿਰੋਧੀਆਂ ਲਈ ਐਨਵਾਈਪੀਡੀ ਵਾਹਨਾਂ ਦੇ ਆਲੇ-ਦੁਆਲੇ ਪਾਣੀ ਦੀਆਂ ਬੋਤਲਾਂ ਅਤੇ ਹੋਰ ਚੀਜ਼ਾਂ ਸੁੱਟਣੀਆਂ ਗ਼ਲਤ ਸਨ।ਮੇਅਰ ਡੀ ਬਲਾਸੀਓ ਨੇ ਸ਼ਨੀਵਾਰ ਦੇਰ ਰਾਤ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਕਿਹਾ, “ਪ੍ਰਦਰਸ਼ਨਕਾਰੀਆਂ ਲਈ ਇੱਕ ਪੁਲਿਸ ਵਾਹਨ ਦਾ ਘਿਰਾਓ ਕਰਨਾ ਅਤੇ ਪੁਲਿਸ ਅਧਿਕਾਰੀਆਂ ਨੂੰ ਧਮਕੀਆਂ ਦੇਣਾ ਅਣਉਚਿਤ ਹੈ।ਪ੍ਰਦਰਸ਼ਨਾਂ ਦੌਰਾਨ ਪੁਲਿਸ ਨੇ ਹੁਣ ਤੱਕ 345 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕੀਤਾ।ਮੇਅਰ ਨੇ ਕਿਹਾ ਕਿ ਹਿੰਸਾ ਦੀਆਂ ਘਟਨਾ ਉਨਾਂ ਸੈਂਕੜੇ ਲੋਕਾਂ ਦੀ ਇੱਕ ਛੋਟੀ ਜਿਹੀ ਨੁਮਾਇੰਦਗੀ ਸੀ ।ਜੋ ਮਿਨਿਆਪੋਲਿਸ ਵਿੱਚ ਇੱਕ ਗੋਰੇ ਪੁਲਿਸ ਅਧਿਕਾਰੀ ਨੇ ਗਲੇ ‘ਤੇ ਗੋਡੇ ਟੇਕਣ ਤੋਂ ਬਾਅਦ ਪੁਲਿਸ ਦੇ ਰਿਵਾਜ ਅਨੁਸਾਰ ਮਰਨ ਵਾਲੇ ਇੱਕ ਕਾਲੇ ਆਦਮੀ, ਜਾਰਜ ਫਲਾਇਡ ਦੀ ਮੌਤ ਦੇ ਵਿਰੋਧ ਵਿੱਚ ਸ਼ਹਿਰ ਵਿੱਚ ਹਿੰਸਕ ਘਟਨਾਵਾਂ ਹੋ ਗਈਆ।ਮੇਅਰ ਡੀ ਬਲਾਸੀਉ ਨੇ ਅੱਧੀ ਰਾਤ ਤੋਂ ਪਹਿਲਾਂ ਕਿਹਾ, “ਕਿ ਸ਼ਾਂਤਮਈ ਪ੍ਰਦਰਸ਼ਨਕਾਰੀ, ਜੇ ਤੁਸੀਂ ਅੱਜ ਰਾਤ ਨੂੰ ਬਾਹਰ ਆ ਗਏ ਹੋ ... ਅਸੀਂ ਤੁਹਾਡੇ ਮੁੱਦਿਆਂ ਨੂੰ ਸੁਣਦੇ ਹਾਂ, ਨਿਆਂ ਦੀ ਜ਼ਰੂਰਤ ਹੈ । ਫਿਰ ਵੀ ਭੜਕੇ ਪ੍ਰਦਰਸ਼ਨਕਾਰੀਆ ਨੇ ਸਰਕਾਰੀ ਮਸ਼ੀਨਰੀ ਤੇ ਪ੍ਰਾਪਰਟੀ ਦਾ ਨੁਕਸਾਨ ਕਰ ਦਿੱਤਾ । ਜਿਸ ਦੇ ਇਵਜਾਨੇ ਵਜੋਂ ਢੇਰ ਸਾਰੀਆਂ ਗ੍ਰਿਫ਼ਤਾਰੀਆਂ ਕਰਨੀਆਂ ਪਈਆ ਹਨ।ਇੰਨਾਂ ਵਿਰੁੱਧ ਕਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ। ਐਨਵਾਈਪੀਡੀ ਦੇ ਸੂਤਰਾਂ ਅਨੁਸਾਰ ਸ਼ਨੀਵਾਰ ਰਾਤ ਨੂੰ ਗ੍ਰਿਫਤਾਰ ਕੀਤੇ ਗਏ 345 ਪ੍ਰਦਰਸ਼ਨਕਾਰੀਆਂ ਵਿੱਚੋਂ ਮੇਅਰ ਬਿਲ ਡੀ ਬਲਾਸੀਓ ਦੀ ਬੇਟੀ ਚਿਆਰਾ ਬਲਾਸੀ ਵੀ ਸ਼ਾਮਲ ਸੀ।




# ਅਮਰੀਕੀ ਰਾਸ਼ਟਰਪਤੀ ਨੇ ਵਿਸ਼ਵ ਸਿਹਤ ਸੰਗਠਨ ਨਾਲੋਂ ਨਾਤਾ ਤੋੜਿਆ

## ਹੌਂਗਕਾਂਗ ਦਾ ਵਿਸ਼ੇਸ਼ ਰੁੱਤਬਾ ਖਤਮ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਸਮੀ ਤੌਰ ‘ਤੇ ਵਿਸ਼ਵ ਸਿਹਤ ਸੰਗਠਨ ਨਾਲੋਂ ਸਬੰਧ ਤੋੜਨ ਦਾ ਐਲਾਨ ਕੀਤਾ ਹੈ। ਟਰੰਪ ਨੇ ਕਿਹਾ ਕਿ ਚੀਨ ਹਰ ਸਾਲ 4 ਕਰੋੜ ਡਾਲਰ ਦਿੰਦਾ ਹੈ ਤੇ ਉਸ ਦਾ ਵਿਸ਼ਵ ਸਿਹਤ ਸੰਗਠਨ ਉਪਰ ਮੁਕੰਮਲ ਨਿਯੰਤਰਣ ਹੈ ਜਦ ਕਿ ਅਮਰੀਕਾ ਪ੍ਰਤੀ ਸਾਲ 450 ਕਰੋੜ ਡਾਲਰ ਦਿੰਦਾ ਹੈ। ਉਨਾਂ ਕਿਹਾ ਕਿ ਉਸ ਦਾ ਪ੍ਰਸ਼ਾਸਨ ਵਿਸ਼ਵ ਸਿਹਤ ਸੰਗਠਨ ਵਿਚੋਂ ਬਾਹਰ ਆ ਜਾਵੇਗਾ। ਇਸ ਦੇ ਨਾਲ ਹੀ ਰਾਸ਼ਟਰਪਤੀ ਨੇ ਹੌਂਗਕੌਂਗ ਦਾ ਵਿਸ਼ੇਸ਼ ਵਪਾਰ ਦਾ ਦਰਜਾ ਖਤਮ ਕਰ ਦਿੱਤਾ ਹੈ। ਇਹ ਦੋ ਅਜਿਹੇ ਨਿਰਨੇ ਹਨ ਜਿਨਾਂ ਨਾਲ ਚੀਨ ਤੇ ਅਮਰੀਕਾ ਵਿਚਾਲੇ ਟਕਰਾਅ ਹੋਰ ਡੂੰਘਾ ਹੋ ਜਾਣ ਦੀ ਸੰਭਾਵਨਾ ਹੈ। ਟਰੰਪ ਨੇ ਕਿਹਾ ਕਿ ਹੌਂਗਕੌਂਗ ਅਮਰੀਕਾ ਦੇ ਵਿਸ਼ੇਸ਼ ਵਿਵਹਾਰ ਦਾ ਹੱਕ ਨਹੀਂ ਰਖਦਾ ਕਿਉਂਕਿ ਇਹ ਚੀਨ ਤੋਂ ਖੁਦਮੁਖਤਾਰ ਨਹੀ ਹੈ। ਟਰੰਪ ਨੇ ਕਿਹਾ ਕਿ ਉਹ ਹੌਂਗਕੌਂਗ ਵੱਲੋਂ ਹੁਣ ਤੱਕ ਮਾਣੀਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਖਤਮ ਕਰਨ ਦਾ ਆਦੇਸ਼ ਦੇਣਗੇ। ਇਨਾਂ ਸਹੂਲਤਾਂ ਵਿਚ ਬਰਾਮਦ ਕੰਟਰੋਲ, ਟੈਕਸਾਂ ਵਿਚ ਛੋਟ ਤੇ ਹੋਰ ਲਾਭ ਸ਼ਾਮਿਲ ਹਨ।

# ਪੁਲਿਸ ਹਿਰਾਸਤ ਵਿਚ ਮਾਰੇ ਗਏ ਜਾਰਜ ਦੇ ਪਰਿਵਾਰ ਨੂੰ ਨਿਆਂ ਮਿਲੇਗਾ : ਡੋਨਾਲਡ ਟਰੰਪ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਪੁਲਿਸ ਹਿਰਾਸਤ ਵਿਚ ਮਾਰੇ ਗਏ ਜਾਰਜ ਫਲਾਇਡ ਦੇ ਪਰਿਵਾਰ ਨਾਲ ਗੱਲ ਕੀਤੀ ਹੈ ਤੇ ਦੁੱਖ ਸਾਂਝਾ ਕੀਤਾ ਹੈ। ਉਨਾਂ ਕਿਹਾ ਕਿ ‘ਮੈਂ ਪਰਿਵਾਰ ਦਾ ਦੁੱਖ ਸਮਝਦਾ ਹਾਂ। ਪਰਿਵਾਰ ਨਿਆਂ ਦਾ ਹੱਕਦਾਰ ਹੈ ਤੇ ਮਿਨੀਪੋਲਿਸ ਦੇ ਲੋਕ ਸੁਰੱਖਿਅਤ ਜੀਵਨ ਜੀਣ ਦੇ ਹੱਕਦਾਰ ਹਨ।’ ਇਸ ਮਾਮਲੇ ਵਿਚ ਪਰਿਵਾਰ ਨੂੰ ਨਿਆਂ ਮਿਲੇਗਾ। ਇਸ ਤੋਂ ਪਹਿਲਾਂ ਟਰੰਪ ਨੇ ਟਵੀਟ ਕਰਕੇ ਮਿਨੀਪੋਲਿਸ ਵਿਚ ਹੋ ਰਹੀ ਹਿੰਸਾ ਬਾਰੇ ਕਿਹਾ ਸੀ ਕਿ ਸ਼ਹਿਰ ਦਾ ਮੇਅਰ ਬਹੁਤ ਕਮਜੋਰ ਵਿਅਕਤੀ ਹੈ ਤੇ ਠੱਗ ਲੋਕ ਜਾਰਜ ਲਾਇਡ ਦੀ ਯਾਦ ਦੀ ਤੌਹੀਨ ਕਰ ਰਹੇ ਹਨ।



**ਪੁਲਿਸ ਅਧਿਕਾਰੀ ਗ੍ਰਿਫ਼ਤਾਰ**

ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਇਕ ਸਾਬਕਾ ਪੁਲਿਸ ਅਧਿਕਾਰੀ ਡੈਰਿਕ ਚੁਵਿਨ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਉਸ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲੈਣ ਦੇ ਬਾਵਜੂਦ ਮਿਨੀਪੋਲਿਸ, ਮੈਮਫਿਸ, ਲਾਸ ਏਂਜਲਸ ਤੇ ਹੋਰ ਥਾਵਾਂ ’ਤੇ ਹਿੰਸਾ ਤੇ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਹਿੰਸਾ ਨੂੰ ਵੇਖਦਿਆਂ ਮਿਨੀਪੋਲਿਸ ਵਿਚ ਕਰਫ਼ਿਊ ਲਾਉਣਾ ਪਿਆ ਹੈ। ਵਿਖਾਵਾਕਾਰੀਆਂ ਨੇ ਕਰਫ਼ਿਊ ਦੀ ਉਲੰਘਣਾ ਕਰਦਿਆਂ ਆਪਣਾ ਵਿਰੋਧ ਜਾਰੀ ਰਖਿਆ ਤੇ ਉਨਾਂ ਨੇ ਗਰਨੇਡ ਸੁੱਟੇ ਤੇ ਪਥਰਾਅ ਵੀ ਕੀਤਾ। ਪੁਲਿਸ ਨੇ ਆਪਣੇ ਬਚਾਅ ਲਈ ਪ੍ਰਦਰਸ਼ਨਕਾਰੀਆਂ ’ਤੇ ਰਬੜ ਦੀਆਂ ਗੋਲੀਆਂ ਚਲਾਈਆਂ। ਐਟਲਾਂਟਾ ਦੇ ਹੇਠਲੇ ਖੇਤਰ ਵਿਚ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੀ ਇਕ ਕਾਰ ਨੂੰ ਅੱਗ ਲਾ ਦਿੱਤੀ, ਪੁਲਿਸ ਉਪਰ ਬੋਤਲਾਂ ਨਾਲ ਹਮਲਾ ਕੀਤਾ ਤੇ ਇਕ ਰੈਸਟੋਰੈਂਟ ਦੀ ਭੰਨਤੋੜ ਕੀਤੀ। ਸੀ.ਐਨ.ਐਨ ਹੈਡਕੁਆਰਟਰ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਟਕਰਾਅ ਹੋਇਆ। ਇਥੇ ਵਰਣਨਯੋਗ ਹੈ ਕਿ ਵਾਇਰਲ ਹੋਈ ਵੀਡੀਓ ਵਿਚ ਪੁਲਿਸ ਅਧਿਕਾਰੀ ਨੇ ਜਾਰਜ ਫਲਾਇਡ ਨੂੰ ਜਮੀਨ ਉਪਰ ਲੰਮਾ ਪਾਇਆ ਹੋਇਆ ਹੈ ਤੇ ਉਸ ਦਾ ਗੋਡਾ ਮਰੋੜਕੇ ਉਸ ਦੀ ਠੋਡੀ ਨਾਲ ਲਾਇਆ ਹੋਇਆ ਹੈ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਦੋਸ਼ੀ ਵਿਰੁੱਧ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

# ਟਰੰਪ ਦੀ ਬਿਆਨਬਾਜੀ ਨੇ ਬਲਦੀ ਉਪਰ ਤੇਲ ਪਾਇਆ: ਜੋਅ ਬਿਡੇਨ




**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਚੋਣ ਮੈਦਾਨ ਵਿਚ ਨਿਤਰਨ ਵਾਲੇ ਡੈਮੋਕਰੈਟਿਕ ਉਮੀਦਾਵਰ ਜੋਅ ਬਿਡੇਨ ਨੇ ਦੇਸ਼ ਵਿਚ ਹੋ ਰਹੇ ਪ੍ਰਦਰਸ਼ਨਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਰਾਸ਼ਟਰਪਤੀ ਵੱਲੋਂ ਕੀਤੀ ਗਈ ਬਿਆਨਬਾਜ਼ੀ ਨੇ ਬਲਦੀ ਉਪਰ ਤੇਲ ਪਾਉਣ ਦਾ ਕੰਮ ਕੀਤਾ ਹੈ। ਉਨਾਂ ਕਿਹਾ ਕਿ ਟਰੰਪ ਨੇ ਆਪਣੇ ਟਵੀਟ ਵਿਚ ਜਿਨਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਹ 1970 ਵਿਆਂ ਵਿਚ ਇਕ ਨਸਲਵਾਦੀ ਪੁਲਿਸ ਅਧਿਕਾਰੀ ਦੀ ਟਿਪਣੀ ਸੀ। ਟਰੰਪ ਨੇ ਟਵੀਟ ਵਿਚ ਕਿਹਾ ਸੀ ‘ ਜਦੋਂ ਲੁੱਟਮਾਰ ਸ਼ੁਰੂ ਹੁੰਦੀ ਹੈ ਤਾਂ ਗੋਲੀਬਾਰੀ ਸ਼ੁਰੂ ਹੁੰਦੀ ਹੈ।‘ ਬਿਡੇਨ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਰਾਸ਼ਟਰਪਤੀ ਇਹੋ ਜਿਹੀ ਸ਼ਬਦਾਵਲੀ ਵਰਤ ਰਹੇ ਹਨ। ਉਨਾਂ ਕਿਹਾ ਕਿ ਰਾਸ਼ਟਰਪਤੀ ਨੂੰ ਸਾਡੀ ਸਾਰਿਆਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਨਾ ਕਿ ਕੇਵਲ ਉਨਾਂ ਲੋਕਾਂ ਦੀ ਜਿਨਾਂ ਨੇ ਉਸ ਨੂੰ ਵੋਟਾਂ ਪਾਈਆਂ ਹਨ।

# ਖੱਬੇ ਪੱਖੀ ‘ਅੰਟੀਫਾ’ ਨੂੰ ਅੱਤਵਾਦੀ ਜਥੇਬੰਦੀ ਐਲਾਨਿਆ ਜਾਵੇਗਾ: ਟਰੰਪ

## ਅਗਜ਼ਨੀ ਤੇ ਹਿੰਸਾ ਦੀਆਂ ਘਟਨਾਵਾਂ ਦਾ ਸਿਲਸਿਲਾ ਜਾਰੀ, 15 ਹੋਰ ਸ਼ਹਿਰਾਂ ਵਿਚ ਕਰਫ਼ਿਊ ਲਾਗੂ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਕੇ ਐਲਾਨ ਕੀਤਾ ਹੈ ਕਿ ਉਸ ਦਾ ਵਿਚਾਰ ਹੈ ਕਿ ਮਿਨੀਐਪੋਲਿਸ ਵਿਖੇ ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਦੀ ਹੋਈ ਮੌਤ ਤੋਂ ਬਾਅਦ ਹੋ ਰਹੀ ਹਿੰਸਾ ਪਿੱਛੇ ਖੱਬੇ ਪੱਖੀ ਗਰੁੱਪ ‘ਅੰਟੀਫਾ’ ਦਾ ਹੱਥ ਹੈ। ਉਹ ‘ਅੰਟੀਫਾ’ ਨੂੰ ਅੱਤਵਾਦੀ ਜਥੇਬੰਦੀ ਕਰਾਰ ਦੇ ਦੇਣਗੇ। ‘ਅੰਟੀਫਾ’ ਜਿਸ ਨੂੰ ‘ਐਂਟੀ ਫਾਸਿਸ਼ਟ’ ਗਰੁੱਪ ਵਜੋਂ ਜਾਣਿਆ ਜਾਂਦਾ ਹੈ, ਪਿਛਲੇ ਸਾਲਾਂ ਦੌਰਾਨ ਕੁਝ ਹਿੰਸਕ ਝੜਪਾਂ ਵਿਚ ਸ਼ਾਮਿਲ ਰਿਹਾ ਹੈ। ਇਸ ਤੋਂ ਪਹਿਲਾਂ ਕੈਨੇਡੀ ਸਪੇਸ ਸੈਂਟਰ ਵਿਚ ਰਾਸ਼ਟਰਪਤੀ ਨੇ ਕਿਹਾ ਸੀ ਕਿ ਹਿੰਸਾ ਫੈਲਾਉਣ ਦੀ ਅਗਵਾਈ ‘ਅੰਟੀਫਾ’ ਤੇ ਹੋਰ ਖੱਬੇ ਪੱਖੀ ਗਰੁੱਪ ਕਰ ਰਹੇ ਹਨ। ਇਹ ਗੁਰੱਪ ਲੋਕਾਂ ਵਿਚ ਡਰ ਪੈਦਾ ਕਰ ਰਹੇ ਹਨ, ਨੌਕਰੀਆਂ ਖਤਮ ਕਰ ਰਹੇ ਹਨ,ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ ਤੇ ਸਾੜਫੂਕ ਕਰ ਰਹੇ ਹਨ। ਇਨਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਇਸੇ ਦੌਰਾਨ ਜਾਰਜ ਫਲਾਇਡ ਦੀ ਮੌਤ ਲਈ ਜਿੰਮੇਵਾਰ 3 ਹੋਰ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਤੇ ਪੁਲਿਸ ਵਿਭਾਗ ਵਿਚ ਸੁਧਾਰਾਂ ਨੂੰ ਲੈ ਕੇ ਤਕਰੀਬਨ ਪੂਰੇ ਦੇਸ਼ ਵਿਚ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ ਰਿਹਾ। ਹਾਲਾਤ ਨੂੰ ਕਾਬੂ ਹੇਠ ਕਰਨ ਲਈ 15 ਹੋਰ ਸ਼ਹਿਰਾਂ ਵਿਚ ਕਰਫ਼ਿਊ ਲਾ ਦਿੱਤਾ ਗਿਆ ਹੈ। ਇਸ ਤਰਾਂ ਹੁਣ ਤੱਕ 40 ਸ਼ਹਿਰਾਂ ਕਰਫ਼ਿਊ ਹੇਠ ਆ ਗਏ ਹਨ। ਹਾਲਾਂ ਕਿ ਜਿਆਦਾਤਰ ਪ੍ਰਦਰਸ਼ਨ ਸ਼ਾਂਤਮਈ ਰਹੇ ਪਰ ਕਈ ਥਾਵਾਂ ’ਤੇ ਵਾਹਣਾਂ ਨੂੰ ਸਾੜਨ ਤੇ ਲੁੱਟਮਾਰ ਦੀਆਂ ਘਟਨਾਵਾਂ ਵਾਪਰਨ ਉਪਰੰਤ ਪੁਲਿਸ ਨੇ ਭੀੜ ਉਪਰ ਕਾਬੂ ਪਾਉਣ ਲਈ ਅਥਰੂ ਗੈਸ ਦੇ ਗੋਲੇ ਛੱਡੇ ਤੇ ਲਾਠੀਚਾਰਜ ਕੀਤਾ। ਸ਼ਿਕਾਗੋ ਦੇ ਹੇਠਲੇ ਖੇਤਰ ਵਿਚ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਵਿਚ ਹਿੱਸਾ ਲਿਆ। ਹਾਲਾਂ ਕਿ ਪ੍ਰਦਰਸ਼ਨ ਸ਼ਾਂਤਮਈ ਸ਼ੁਰੂ ਹੋਇਆ ਸੀ ਪਰ ਰਾਤ ਭਰ ਸ਼ਿਕਾਗੋ ਤੇ ਨਾਲ ਲੱਗਦੇ ਖੇਤਰਾਂ ਵਿਚ ਹਿੰਸਾ ਤੇ ਭੰਨਤੋੜ ਦਾ ਸਿਲਸਿਲਾ ਚਲਦਾ ਰਿਹਾ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵਾਹਣਾਂ ਨੂੰ ਅੱਗਾਂ ਲਾਈਆਂ ਤੇ ਕਾਰੋਬਾਰੀ ਬਿਲਡਿੰਗਾਂ ਦੇ ਸ਼ੀਸ਼ੇ ਤੇ ਖਿੜਕੀਆਂ ਤੋੜ ਦਿੱਤੀਆਂ। ਭੀੜ ਉਪਰ ਕਾਬੂ ਪਾਉਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ। ਸਾਂਤਾ ਮੋਨੀਕਾ (ਕੈਲੀਫੋਰਨੀਆ) , ਲਾਸ ਏਂਜਲਸ , ਸਾਵਾਨਾਹ (ਜਾਰਜੀਆ), ਫਿਲਾਡੈਲਫੀਆ ਤੇ ਹੋਰ ਥਾਵਾਂ ’ਤੇ ਹਿੰਸਾ ਤੇ ਲੁੱਟਖੋਹ ਦੀਆਂ ਘਟਨਾਵਾਂ ਹੋਈਆਂ ਹਾਲਾਂਕਿ ਮੌਕੇ ਉਪਰ ਪੁਲਿਸ ਤੇ ਹੋਰ ਸੁਰੱਖਿਆ ਜਵਾਨ ਮੌਜੂਦ ਸਨ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਹਨ ਕਿ ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ’ਚ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਤੇ ਉਨਾਂ ਵਿਰੁੱਧ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।



# ਜ਼ਿਲਾ ਲੁਧਿਆਣਾ ਦੇ ਸਰਕਾਰੀ ਹਸਪਤਾਲਾਂ ਵਿੱਚ ਵੈਂਟੀਲੇਟਰ ਨਹੀਂ

**ਲੁਧਿਆਣਾ/ਏ.ਟੀ.ਨਿਊਜ਼:** ਪੰਜਾਬ ਦੇ ਲੁਧਿਆਣਾ ਜ਼ਿਲੇ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਵੈਂਟੀਲੇਟਰ ਜਾਂ ਆਈਸੀਯੂ ਨਹੀਂ ਹਨ। ਲੁਧਿਆਣਾ ਪੰਜਾਬ ਦਾ ਸਭ ਤੋਂ ਵੱਧ ਆਬਾਦੀ ਵਾਲਾ ਜ਼ਿਲਾ ਹੈ। ਇੱਥੇ ਤਕਰੀਬਨ 35 ਲੱਖ ਦੀ ਆਬਾਦੀ ਕੋਰੋਨਾ ਵਾਇਰਸ ਦੇ ਪੜਾਅ ਕੋਵਿਡ (ਪੱਧਰ -3) ਦੇ ਇਲਾਜ ਲਈ ਪੂਰੀ ਤਰਾਂ ਨਿੱਜੀ ਹਸਪਤਾਲਾਂ ’ਤੇ ਨਿਰਭਰ ਹੈ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਲੁਧਿਆਣਾ ਮੈਡੀਕਲ ਕੇਅਰ ਸੈਂਟਰਾਂ ਵਿਚ ਇਕ ਵੀ ਮਰੀਜ਼ ਨਹੀਂ ਹੈ। 108 ਸਕੀਮ ਅਧੀਨ 30 ਐਂਬੂਲੈਂਸਾਂ ਹਨ, ਪਰ ਕਿਸੇ ਕੋਲ ਵੀ ਬੇਸਿਕ ਲਾਈਫ ਸਪੋਰਟ (ਬੀਐਲਐਸ) ਉਪਕਰਨ ਨਹੀਂ ਹਨ। ਪਿਛਲੇ ਹਫ਼ਤੇ, ਇੱਥੋਂ ਦੇ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਮਾੜੀ ਕੁਆਲਟੀ ਦੇ ਮਾਸਕਾਂ ਕਾਰਨ ਪ੍ਰਦਰਸ਼ਨ ਕੀਤਾ ਅਤੇ ਇੱਥੇ ਪੱਧਰ -2 ਦੇ ਆਈਸੋਲੇਸ਼ਨ ਕੇਂਦਰ ਵਿੱਚ ਕੋਰੋਨਾ ਮਰੀਜ਼ਾਂ ਨੂੰ ਦਿੱਤੇ ਜਾ ਰਹੇ ਮਾੜੇ ਭੋਜਨ ਦੀਆਂ ਬਹੁਤ ਸਾਰੀਆਂ ਵੀਡੀਓਜ਼ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈਆਂ। ਲੁਧਿਆਣਾ ਦੇ ਸਿਵਲ ਸਰਜਨ ਡਾ. ਰਾਜੇਸ਼ ਬੱਗਾ ਨੇ ਕਿਹਾ, ‘ਜ਼ਿਲੇ ਦੇ ਕਿਸੇ ਵੀ ਸਰਕਾਰੀ ਹਸਪਤਾਲ ਵਿੱਚ ਵੈਂਟੀਲੇਟਰ ਨਹੀਂ ਹਨ। ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਕਿ ਸਿਵਲ ਹਸਪਤਾਲ ਵਿੱਚ ਚਾਰ ਵੈਂਟੀਲੇਟਰ ਬੇਕਾਰ ਪਏ ਹੋਏ ਹਨ। ਇਨਾਂ ਨੂੰ ਚਲਾਉਣ ਲਈ ਹਸਪਤਾਲ ਵਿੱਚ ਕੋਈ ਸਟਾਫ ਨਹੀਂ ਹੈ। ਇਨਾਂ ਮਸ਼ੀਨਾਂ ਨੂੰ ਨੇੜਲੇ ਕ੍ਰਿਸ਼ਚਨ ਮੈਡੀਕਲ ਕਾਲਜ ਤੇ ਹਸਪਤਾਲ (ਸੀਐਮਸੀਐਚ) ਵਿਖੇ ਲਿਜਾਇਆ ਗਿਆ, ਜਿੱਥੇ ਕੋਰੋਨਾ ਦਾ ਇਲਾਜ ਕੀਤਾ ਜਾਂਦਾ ਹੈ।’ ਇਨਾਂ ਵੈਂਟੀਲੇਟਰਾਂ ਨੂੰ 31 ਮਾਰਚ ਨੂੰ ਵਾਪਰੀ ਇਕ ਘਟਨਾ ਤੋਂ ਬਾਅਦ ਤਬਦੀਲ ਕੀਤਾ ਗਿਆ ਸੀ। 31 ਮਾਰਚ ਦੌਰਾਨ ਸਰਕਾਰੀ ਹਸਪਤਾਲ ਤੋਂ 32 ਸਾਲਾ ਕੋਰੋਨਾ ਵਾਇਰਸ ਸੰਬੰਧੀ ਮਰੀਜ਼ ਨੂੰ ਰਾਜਿੰਦਰ ਮੈਡੀਕਲ ਕਾਲਜ, ਪਟਿਆਲਾ ਰੈਫਰ ਕਰ ਦਿੱਤਾ ਗਿਆ, ਜਿੱਥੇ ਕੁਝ ਹੀ ਘੰਟਿਆਂ ਵਿੱਚ ਉਸ ਦੀ ਮੌਤ ਹੋ ਗਈ। ਡਾ. ਰਾਜੇਸ਼ ਬੱਗਾ ਨੇ ਕਿਹਾ ਕਿ ਸਾਡੇ ਕੋਲ ਹੁਣ ਯੋਗ ਸਿਸਟਮ ਨਾਲ ਭਰਪੂਰ ਆਕਸੀਜਨ ਬੈੱਡ ਹਨ। ਇਸ ਸਬੰਧ ਵਿੱਚ ਰਾਜ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਨੇ ਸੀਐਮਸੀ ਐਚ ਵਿੱਚ ਪੰਜ ਬੈੱਡਾਂ ਦੇ ਆਈਸੀਯੂ ਤਿਆਰ ਕੀਤੇ ਹਨ। ਉਨਾਂ ਨੇ ਕਿਹਾ ਕਿ ਸਾਡੇ ਸਰਕਾਰੀ ਹਸਪਤਾਲਾਂ ਵਿਚ ਇਹ ਸਾਰੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਪਰ ਨਹੀਂ ਹਨ। ਪਰ ਅਸੀਂ 600 ਕਰੋੜ ਰੁਪਏ ਦੀ ਲਾਗਤ ਨਾਲ ਸਿਹਤ ਨਾਲ ਜੁੜੇ ਬੁਨਿਆਦੀ ਢਾਂਚੇ ਨੂੰ ਯੋਗ ਬਣਾਉਣ ਦੀ ਯੋਜਨਾ ਬਣਾਈ ਹੈ, ਜਿਸ ਤਹਿਤ ਸਾਰੇ ਜ਼ਿਲਾ ਹੈੱਡਕੁਆਰਟਰਾਂ ਵਿਚ ਆਈ.ਸੀ.ਯੂ. ਤੇ ਹਰੇਕ ਤਰਾਂ ਦੀਆਂ ਮੈਡੀਕਲ ਸਹੂਲਤਾਂ ਮੌਜੂਦ ਹੋਣਗੀਆਂ।

ਸਿਵਲ ਹਸਪਤਾਲ ਦੇ ਇੱਕ ਡਾਕਟਰ, ਦੇਵੇਂਦਰ ਸਿੱਧੂ ਨੇ ਕਿਹਾ, ‘ਮਾੜੇ ਸਾਹ ਲੈਣ ਵਾਲੇ ਵਾਲਵ ਵਾਲੇ ਮਾਸਕ ਲਗਾ ਕੇ ਅਸੀਂ ਪ੍ਰਦਰਸ਼ਨ ਵੀ ਕੀਤੇ ਸਨ, ਪਰ ਹੁਣ ਸਪਲਾਈ ਵਿੱਚ ਸੁਧਾਰ ਕੀਤਾ ਗਿਆ ਹੈ ਅਤੇ ਕਾਫ਼ੀ ਕਿੱਟਾਂ ਆ ਰਹੀਆਂ ਹਨ। ਇਹ ਮਾਮਲਾ ਉਦੋਂ ਚੁੱਕਿਆ ਗਿਆ ਜਦੋਂ ਚਾਰ ਵਾਰਡ ਹੈਲਪਰ ਕੋਰੋਨਾ ਵਾਇਰਸ ਦੇ ਸ਼ਿਕਾਰ ਹੋ ਗਏ।’ ਡਾ. ਬੱਗਾ ਨੇ ਕਿਹਾ, ‘ਜਦੋਂ ਮਰੀਜ਼ ਕੋਰੋਨਾ ਪਾਜ਼ੀਟਿਵ ਪਾਇਆ ਜਾਂਦਾ ਹੈ, ਅਸੀਂ ਉਸ ਨੂੰ ਸਿੱਧਾ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀਐਮਸੀਐਚ) ਸ਼ਿਫਟ ਕਰਦੇ ਹਾਂ। ਅਸੀਂ ਸਾਰੇ ਕੋਰੋਨਾ ਸਕਾਰਾਤਮਕ ਮਰੀਜ਼ਾਂ ਦਾ ਲੈਵਲ -2 ਦਾ ਇਲਾਜ ਕਰਦੇ ਹਾਂ, ਭਾਵੇਂ ਉਨਾਂ ਦੇ ਹਲਕੇ ਲੱਛਣ ਹੋਣ ਜਾਂ ਦਰਮਿਆਨੇ ਹੋਣ।’ ਲੈਵਲ -3 ਵਿਚ 84 ਬੈੱਡਾਂ ਵਿਚ 25 ਮਰੀਜ਼ ਸਨ। ਉਨਾਂ ਵਿੱਚੋਂ ਚਾਰ ਸੀਐਮਸੀਐਚ, ਡੀਐਮਸੀਐਚ, ਫੋਰਟਿਸ ਹਸਪਤਾਲ ਅਤੇ ਐਸਪੀਐਸ ਹਸਪਤਾਲ ਵਿਚ ਸ਼ਿਫਟ ਕਰ ਦਿੱਤੇ ਗਏ। ਹੁਣ ਤੱਕ, ਚਾਰ ਮਰੀਜ਼ਾਂ ਨੂੰ ਵੈਂਟੀਲੇਟਰ ਸਹਾਇਤਾ ਦੀ ਜ਼ਰੂਰਤ ਪਈ ਹੈ ਪਰ ਬਾਅਦ ਵਿੱਚ ਉਨਾਂ ਸਾਰਿਆਂ ਦੀ ਮੌਤ ਹੋ ਗਈ। ਉਨਾਂ ਵਿਚੋਂ ਇਕ 52 ਸਾਲਾ ਏਐਸਆਈ ਸੀ, ਜਿਸ ਦੀ 18 ਅਪ੍ਰੈਲ ਨੂੰ ਫੋਰਟਿਸ ਹਸਪਤਾਲ ਵਿਚ ਮੌਤ ਹੋ ਗਈ ਸੀ। 28 ਅਪ੍ਰੈਲ ਤੱਕ, ਲੁਧਿਆਣਾ ਵਿਚ ਕੋਰੋਨਾ ਦੇ 18 ਕੇਸ ਸਾਹਮਣੇ ਆਏ, ਜਿਨਾਂ ਵਿਚੋਂ ਚਾਰ ਦੀ ਮੌਤ ਹੋ ਗਈ। 29 ਅਪ੍ਰੈਲ ਤੋਂ 15 ਮਈ ਤੱਕ 118 ਕੇਸ ਦਰਜ ਕੀਤੇ ਗਏ ਸਨ। ਇਸ ਸਮੇਂ ਕੋਰੋਨਾ ਦੇ ਮਾਮਲਿਆਂ ਦੀ ਗਿਣਤੀ 284 ਤੋਂ ਵਧੀਕ ਹੋ ਗਈ ਹੈ ਜਦੋਂ ਕਿ ਮ੍ਰਿਤਕਾਂ ਦੀ ਗਿਣਤੀ 14 ਹੋ ਗਈ ਹੈ।

## ਸੁਹਿਰਦ ਪੱਤਰਕਾਰ ਸੁਰਿੰਦਰਪਾਲ ਸਰਾਓ ਨਹੀਂ ਰਹੇ



ਅੰਮ੍ਰਿਤਸਰ ਟਾਈਮਜ਼ ਦੇ ਸਾਬਕਾ ਸੰਪਾਦਕ ਸੁਰਿੰਦਰਪਾਲ ਸਰਾਓ ਦਾ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਅਦਾਰਾ ਅੰਮ੍ਰਿਤਸਰ ਟਾਈਮਜ਼ ਉਹਨਾਂ ਪ੍ਰਤੀਭਾ ਅਤੇ ਪੱਤਰਕਾਰੀ ਪ੍ਰਤੀ ਵਚਨਬੱਧਤਾ ਨੂੰ ਸਿਜਦਾ ਕਰਦਾ ਹੋਇਆ, ਉਹਨਾਂ ਦੇ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਦੇ ਦੁੱਖ ਵਿਚ ਸ਼ਰੀਕ ਹੈ।

ਸੁਰਿੰਦਰਪਾਲ ਨੇ ਆਪਣਾ ਪੱਤਰਕਾਰੀ ਦ ਸਫਰ “ਦੇਸ਼ ਸੇਵਕ” ਤੋਂ ਸ਼ੁਰੂ ਕੀਤਾ। ਉਹ ਨਿਊਜ਼ ਮੈਗਜ਼ੀਨ “ਹੰਸ ਸਰਵਰ” ਦੀ ਟੀਮ ਵਿਚ ਵੀ ਰਹੇ। ਉਹਨਾਂ ਦੇ ਅਚਾਨਕ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਸੁਰਿੰਦਰਪਾਲ ਸਰਾਓ ਨੂੰ ਯਾਦ ਕਰਦਿਆਂ

ਮੈਨੂੰ ਬਹੁਤ ਦੁੱਖ ਹੋਇਆ ਜਦੋਂ ਫੇਸਬੁੱਕ ’ਤੇ ਸੁਰਿੰਦਰਪਾਲ ਸਿੰਘ ਸਰਾਓ ਦੇ ਅਕਾਲ ਚਲਾਣੇ ਦੀ ਖ਼ਬਰ ਪੜੀ। ਯਕੀਨ ਨਹੀਂ ਹੋ ਰਿਹਾ ਸੀ ਕਿ ਇਹ ਭਾਣਾ ਵਰਤ ਗਿਆ ਹੈ। ਮੈਂ ਤੁਰਤ ਇਕ ਹੋਰ ਮਿੱਤਰ ਪੱਤਰਕਾਰ ਨੂੰ ਫ਼ੋਨ ਕਰ ਕੇ ਸੁਰਿੰਦਰਪਾਲ ਸਰਾਓ ਦੀ ਮੌਤ ਬਾਰੇ ਪੁਛਿਆ, ਤਾਂ ਉਨਾਂ ਕਿਹਾ ਕਿ ਖ਼ਬਰ ਸੱਚੀ ਹੈ। ਇਕ ਦਮ ਮੇਰੀਆਂ ਅੱਖਾਂ ਅੱਗੇ ਸੁਰਿੰਦਰਪਾਲ ਸਰਾਓ ਦਾ ਹਸਦਾ ਖਿੜਿਆ ਚਿਹਰਾ ਆ ਗਿਆ। ਸੁਰਿੰਦਰਪਾਲ ਬਹੁਤ ਹੀ ਖ਼ੁਸ਼ਮਿਜਾਜ਼ ਅਤੇ ਮਿਹਨਤੀ ਸੀ। ਮੈਨੂੰ ਉਸ ਨਾਲ ਤਕਰੀਬਨ 2 ਸਾਲ ਇਕੱਠਿਆਂ ਕੰਮ ਕਰਨ ਦਾ ਮੌਕਾ ਮਿਲਿਆ। ਉਹ ਬਹੁਤ ਹੀ ਵਧੀਆ ਇਨਸਾਨ ਸੀ। ਅਪਣੇ ਕੰਮ ਵਿਚ ਪੂਰਾ ਨਿਪੁੰਨ ਅਤੇ ਉਸ ਵਿਚ ਦਫ਼ਤਰੀ ਕੰਮ ਵਿਚ ਕੋਈ ਕਮੀ-ਪੇਸ਼ੀ ਬਾਰੇ ਕਿਸੇ ਨੂੰ ਕੁੱਝ ਕਹਿਣ ਅਤੇ ਖ਼ੁਦ ਸੁਣਨ ਦੀ ਸਮਰੱਥਾ ਸੀ। ਉਹ ਅਪਣੇ ਖਾਣ ਪੀਣ ਦਾ ਬਹੁਤ ਧਿਆਨ ਰੱਖਦਾ ਸੀ ਅਤੇ ਕਸਰਤ ਵੀ ਰੋਜ਼ਾਨਾ ਕਰਦਾ ਸੀ। ਸੁਰਿੰਦਰਪਾਲ ਇਕ ਵਧੀਆ ਮਿੱਤਰ ਹੋਣ ਦੇ ਨਾਲ ਨਾਲ ਇਕ ਚੰਗਾ ਪੱਤਰਕਾਰ ਅਤੇ ਨਾਵਲਕਾਰ ਵੀ ਸੀ। ਮੈਨੂੰ ਅਫ਼ਸੋਸ ਹੈ ਕਿ ਸਾਥੋਂ ਇਕ ਮਿੱਤਰ ਸਦਾ ਲਈ ਵਿਛੜ ਗਿਆ ਹੈ।

**- ਜਸਵੰਤ ਸਿੰਘ**
(ਸੀਨੀਅਰ ਪੱਤਰਕਾਰ)



# 'ਪਿੰਡ ਵਾਲਾ ਘਰ' ਗੀਤ ਪ੍ਰਦੇਸ਼ੀਆਂ ਨੂੰ ਯਾਦ ਕਰਾ ਰਿਹਾ ਪੰਜਾਬ

## ਥਾਂਦੀ ਦੀ ਗੀਤਕਾਰੀ ਅਤੇ ਕਲੇਰ ਕੰਠ ਦੀ ਗਾਇਕੀ ਦਾ ਸੁਮੇਲ



**ਫਰਿਜ਼ਨੋ/ਕੁਲਵੰਤਧਾਲੀਆਂ/ਨੀਟਾਮਾਛੀਕੇ:** ਅੱਜ ਦੇ ਸਮੇਂ ਵਿੱਚ ਸੰਗੀਤ ਇੰਡਸਟਰੀ ਵਿਉਪਾਰਕ ਧੰਦਾ ਬਣ ਕੇ ਰਹਿ ਗਈ ਏ। ਜਿਸ ਵਿੱਚ ਆ ਕੇ ਹਰ ਕੋਈ ਪੈਸ਼ੇ ਕਮਾਉਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਪੰਜਾਬੀ ਸੱਭਿਆਚਾਰ ਦੇ ਨਾਂ 'ਤੇ ਨਵੀਂ ਪੀੜੀ ਦੇ ਗਾਇਕ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅੰਦਰ ਤਜਰਬੇ ਕਰ ਅਜਿਹਾ ਕੁਝ ਕਰ ਰਹੇ ਹਨ ਕਿ ਨਵੀਂ ਪੀੜੀ ਸੱਚ-ਮੁੱਚ ਹੀ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ, ਗੁੰਮਰਾਹ ਹੁੰਦੀ ਜਾ ਰਹੀ ਹੈ। ਪਰ ਅੱਜ ਦੇ ਇਸ ਦੌਰ ਵਿੱਚ ਕੁਝ ਅਜਿਹੇ ਗੀਤਕਾਰ ਅਤੇ ਗਾਇਕ ਵੀ ਹਨ ਜੋ ਵਪਾਰਕ ਨਹੀਂ ਬਣੇ, ਸਗੋਂ ਸੱਭਿਆਚਾਰ ਦੇ ਵਾਰਸ਼ ਬਣ ਸੇਵਾ ਕਰ ਰਹੇ ਹਨ। ਜਿੰਨਾਂ ਵਿੱਚੋਂ ਇਕ ਕੈਲੀਫੋਰਨੀਆ ਰਹਿੰਦੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਹੈ। ਜਿਸ ਨੇ ਗਾਇਕੀ ਨੂੰ ਧੰਦਾ ਨਹੀਂ ਬਣਾਇਆ। ਸਗੋਂ ਆਪਣੇ ਸ਼ੌਕ ਨਾਲ ਗੀਤ ਲਿਖੇ ਅਤੇ ਗਾਏ ਹਨ। ਇਸੇ ਕਰਕੇ ਉਸਦੇ ਗੀਤ ਯੂ-ਟਿਊਬ 'ਤੇ ਪਾਉਦਿਆਂ ਸਾਰ ਲੱਖਾਂ ਸਰੋਤੇ ਨਾਲ ਜੋੜ ਲੈਂਦੇ ਹਨ। ਉਸ ਨੇ ਬਹੁਤ ਸਾਰੇ ਗੀਤ ਆਪ ਗਾ ਰਿਕਾਰਡ ਕਰਵਾਏ ਅਤੇ ਇਸ ਤੋਂ ਇਲਾਵਾ ਚੰਗੇ-ਚੰਗੇ ਕਲਾਕਾਰ ਵੀ ਉਨਾਂ ਦੇ ਗੀਤ ਰਿਕਾਰਡ ਕਰਵਾ ਚੁੱਕੇ ਹਨ। ਇਸੇ ਹੀ ਲੜੀ ਤਹਿਤ ਧਰਮਵੀਰ ਥਾਂਦੀ ਦਾ ਲਿਖਿਆਂ ਅਤੇ ਕਲੇਰ ਕੰਠ ਦੁਆਰਾ ਗਾਇਆ ਕੁਝ ਦਿਨ ਪਹਿਲਾ ਰਿਲੀਜ਼ ਹੋਇਆ ਗੀਤ 'ਪਿੰਡ ਵਾਲਾ ਘਰ' ਹਰ ਪ੍ਰਦੇਸ਼ੀ ਬੈਠੇ ਪੰਜਾਬੀ ਦੇ ਦਿਲ ਦੀ ਹੂਕ ਬਣ ਚੁੱਕਿਆ ਹੈ। ਇਸ ਗੀਤ ਦਾ ਸੰਗੀਤ ਜੱਸੀ ਬ੍ਰਦਰਜ਼ ਨੇ ਦਿੱਤਾ ਹੈ। ਜਿਸ ਦੇ ਬੋਲਾ ਵਿੱਚ ਇਕ ਸਾਲਾ-ਬੱਧੀ ਪੰਜਾਬ ਵਿੱਚ ਖਾਲੀ ਪਿਆ ਘਰ ਢਹਿਣ 'ਤੇ ਹੋ ਵਿਦੇਸ਼ੀ ਵਸਦੇ ਆਪਣੇ ਮਾਲਕ ਨੂੰ ਸੱਦ ਰਿਹਾ ਹੈ। ਘਰ ਅਤੇ ਘਰ ਦੇ ਮਾਲਕ ਦੇ ਵਿੱਚਕਾਰ ਬਹੁਤ ਹੀ ਵਿਯੋਗ ਵਾਲਾ, ਪਰ ਸੱਚਾ ਸੰਵਾਦ ਰਚਿਆ ਹੈ। ਜੋ ਸ੍ਰੋਤਿਆਂ ਨੂੰ ਨਾਲ ਲੈ ਤੁਰਦਾ ਹੈ। ਇਸ ਗੀਤ ਦੀ ਦੂਸਰੀ ਗੱਲ ਸੋਨੇ 'ਤੇ ਸੁਹਾਗੇ ਵਾਲੀ ਇਹ ਹੈ ਕਿ ਇਸ ਨੂੰ ਸੁਹਿਰਦ ਅਤੇ ਸੁਰੀਲੀ ਅਵਾਜ਼ ਦੇ ਮਾਲਕ ਕਲੇਰ ਕੰਠ ਨੇ ਗਾਇਆ ਹੈ। ਸਮੁੱਚੇ ਤੋਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਧਰਮਵੀਰ ਥਾਂਦੀ ਦੀ ਗੀਤਕਾਰੀ ਅਤੇ ਕਲੇਰ ਕੰਠ ਦੀ ਗਾਇਕੀ ਨੇ ਇਸ ਗੀਤ ਨੂੰ ਅੱਜ ਦੇ ਦੌਰ ਵਿੱਚ ਆਏ ਗੀਤਾਂ ਵਿੱਚੋਂ ਪਹਿਲੇ ਸਥਾਨ 'ਤੇ ਖੜਾ ਕਰ ਦਿੱਤਾ ਹੈ। ਜੋ ਵੀ ਇਸ ਗੀਤ ਨੂੰ ਸੁਣਦਾ ਹੈ ਤਾਂ ਉਹ ਪੰਜਾਬ ਵਿੱਚ ਵਿੱਛੜੇ ਆਪਣੇ ਘਰ ਦਾ ਵਿਯੋਗ ਜ਼ੂਰ ਮਹਿਸੂਸ ਕਰਦਾ ਹੈ। ਅਸਲ ਗੀਤਕਾਰੀ ਜਾਂ ਗਾਇਕੀ ਵੀ ਇਹੀ ਹੈ ਕਿ ਜੋ ਤੁਹਾਡੀ ਧੁਰ ਰੂਹ ਤੱਕ ਉਤਰ ਜਾਵੇ, ਉਹ ਸਫਲ ਹੈ। ਸਾਨੂੰ ਅਜਿਹੇ ਗੀਤਾਂ ਨੂੰ ਸੁਨਣਾ ਅਤੇ ਨਵੀਂ ਪੀੜੀ ਨੂੰ ਸੁਨਾਉਣਾ ਚਾਹੀਦਾ ਹੈ। ਜਿਸ ਨਾਲ ਸੱਭਿਆਚਾਰ ਵੀ ਜਿਉਦਾ ਰਹੇ ਅਤੇ ਨਵੀਂ ਪੀੜੀ ਵੀ ਰੌਲੇ-ਰੱਪੇ ਵਾਲੀ ਵਪਾਰਕ ਗਾਇਕੀ ਤੋਂ ਬਚ ਸਕੇ। ਇਸ ਨਵੇਂ ਗੀਤ ਦੀ ਸਫਲਤਾ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਘੱਲੂਘਾਰਾ ਜੂਨ 84 ਕਾਰਨ ਸਿੱਖਾਂ ਦੀਆਂ ਗ੍ਰਿਫਤਾਰੀਆਂ ਦੀ ਯੂਨਾਈਟਿਡ ਖਾਲਸਾ ਦਲ ਵਲੋਂ ਨਿਖੇਧੀ

## ਭਾਈ ਵਰਿਆਮ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਲਗਾਈ ਜਾਵੇ

**ਲੰਡਨ/ਏ.ਟੀ.ਨਿਊਜ਼:** ਕਾਂਗਰਸ ਦੀ ਕੈਪਟਨ ਸਰਕਾਰ ਵਲੋਂ ਜੂਨ 1984 ਦੇ ਖੂਨੀ ਘੱਲੂਘਾਰੇ ਦੀ ਸਾਲਾਨਾ ਯਾਦ ਨੂੰ ਮੁੱਖ ਰੱਖਦਿਆਂ ਸਰਗਰਮ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਸਿੱਖ ਕੌਮ ਦੀ ਅਜਾਦੀ ਵਾਸਤੇ ਚੱਲ ਰਹੇ ਸੰਘਰਸ਼ ਨੂੰ ਦਬਾਇਆ ਨਹੀਂ ਜਾ ਸਕੇਗਾ । ਇਹ ਸੰਘਰਸ਼ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਅਤੇ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭ ਕੀਤਾ ਗਿਆ ਹੈ ਅਤੇ ਇਹ ਸੰਘਰਸ਼ ਹੱਕ,ਸੱਚ,ਇਨਸਾਫ ਅਤੇ ਧਰਮ ਤੇ ਅਧਾਰਿਤ ਹੈ । ਉਸ ਸਤਿਕਾਰਯੋਗ ਮਹਾਂਪੁਰਖ ਦੇ ਬਚਨ ਹਨ ਕਿ ਸਿੱਖ ਕੌਮ ਗੇਂਦ ਦੀ ਨਿਆਂਈਂ ਹੈ ਜਿੰਨਾ ਇਸਨੂੰ ਕੋਈ ਦਬਾਉਣ ਦਾ ਯਤਨ ਕਰੇਗਾ ਉੱਨਾ ਹੀ ਇਹ ਜਿਆਦਾ ਉੱਭਰੇਗੀ । ਸਿੱਖ ਵਿਰੋਧੀ ਲਾਬੀ ਨੂੰ ਸੰਤਾਂ ਦੇ ਇਹਨਾਂ ਬਚਨਾਂ ਨੂੰ ਚੰਗੀ ਤਰਾਂ ਸਮਝ ਕੇ ਕੰਧ ਤੇ ਲਿਖ ਲੈਣਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਕੋਈ ਭੁਲੇਖਾ ਨਾ ਰਹੇ । ਜਿਕਰਯੋਗ ਹੈ ਕਿ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ 36 ਵੀਂ ਵਰੇ ਗੰਢ ਮੌਕੇ ਭਾਈ ਭੁਪਿੰਦਰ ਸਿੰਘ ਸਮੇਤ ਕਈ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਬਹੁਤ ਸਾਰੇ ਸਿੱਖ ਨੌਜਵਾਨਾਂ ਦੇ ਘਰਾਂ ਤੇ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਪੁਲਿਸ ਦੇ ਇਸ ਧੱਕੜ ਅਤੇ ਪੱਖਪਾਤੀ ਰਵੱਈਏ ਦੀ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੇਸਰੀ ਪ੍ਰਣਾਮ ਕਰਦਿਆਂ ਅਹਿਦ ਦਾ ਪ੍ਰਗਟਾਵਾ ਕੀਤਾ ਗਿਆ ਹੈ ਕਿ ਖਾਲਿਸਤਾਨ ਦਾ ਸੰਘਰਸ਼ ਜਾਰੀ ਰੱਖਾਂਗੇ। ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸ੍ਰੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਗਈ ਹੈ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਭਾਈ ਵਰਿਆਮ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਈ ਜਾਵੇ ਜਿਹਨਾਂ ਨੇ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਆਪਣੀ ਜਿੰਦਗੀ ਦੇ 26 ਸਾਲ ਜੇਲ ਗੁਜ਼ਾਰੇ ਹਨ ।

ਜਿਕਰਯੋਗ ਹੈ ਸਿੱਖਾਂ ਦੀਆਂ ਨੱਬੇ ਫਸਿਦੀ ਤੋਂ ਵੱਧ ਕੁਰਬਾਨੀਆਂ ਨਾਲ ਅਜਾਦ ਹੋਏ ਭਾਰਤ ਵਿੱਚ ਸਿੱਖ ਹੱਕਾਂ ਹਿਤਾਂ ਦਾ ਘਾਣ ਲਗਾਤਾਰ ਜਾਰੀ ਹੈ । ਜਿਸ ਤੋਂ ਨਿਜਾਤ ਪਾਉਣ ਅਤੇ ਬਰਾਬਰ ਦੇ ਸ਼ਹਿਰੀ ਬਣ ਕੇ ਜਿਉਣ ਦਾ ਹੱਕ ਪ੍ਰਾਪਤ ਕਰਨ ਲਈ ਦਮਦਮੀ ਟਕਸਾਲ ਦੇ ਮੁਖੀ ਮਹਾਨ ਸਿੱਖ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਸੰਘਰਸ਼ ਅਰੰਭ ਕੀਤਾ ਗਿਆ ਜੋ ਕਿ ਉਹਨਾਂ ਦੀ ਲਾਸਾਨੀ ਸ਼ਹਾਦਤ ਤੋਂ ਬਾਅਦ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਹੋ ਚੁੱਕਾ ਹੈ । ਜਿਸ ਵਿੱਚ ਯੋਗਦਾਨ ਪਾਉਂਦੇ ਹੋਏ ਸਿੱਖ ਨੌਜਵਾਨਾਂ ਸ਼ਹਾਦਤਾਂ ਪ੍ਰਾਪਤ ਕਰ ਗਏ ਹ ,ਹਜਾਰਾਂ ਸਿੱਖਾਂ ਨੂੰ ਅਣਮਨੁੱਖੀ ਤਸੱਦਦ ਦਾ ਸ਼ਿਕਾਰ ਬਣਾਇਆ ਗਿਆ, ਹਾਜਾਰਾਂ ਸਿੱਖਾਂ ਨੂੰ ਲੰਬੇ ਸਮੇਂ ਲਈ ਜੇਹਲਾਂ ਵਿੱਚ ਬੰਦ ਕੀਤਾ ਗਿਆ ।ਸਰਕਾਰੀ ਵਰਦੀਧਾਰੀ ਅੱਤਵਾਦੀਆਂ ਵਲੋਂ ਸਿੱਖ ਪਰਿਵਾਰਾਂ ਤੇ ਅਜਿਹੇ ਜ਼ੁਲਮ ਕੀਤੇ ਗਏ ਹਨ ਜਿਹਨਾਂ ਸਾਹਮਣੇ ਹਿਟਲਰ,ਅਬਦਾਲੀ ,ਜਕਰੀਏ ,ਮੀਰ ਮੰਨੂ ਦੇ ਜ਼ੁਲਮ ਵੀ ਬੌਣੇ ਨਜ਼ਰ ਆਉਂਦੇ ਹਨ । ਸਿੱਖ ਨਸਲਕੁਸ਼ੀ ਦਾ ਇਹ ਵਰਤਾਰਾ ਨਿਰੰਤਰ ਜਾਰੀ ਪਰ ਸਿੱਖ ਕੌਮ ਵਲੋਂ ਖਾਲਿਸਤਾਨ ਦਾ ਸੰਘਰਸ਼ ਜਾਰੀ ਹੈ । ਅੱਜ ਇਸ ਸੰਘਰਸ਼ ਨੂੰ ਫੇਹਲ ਕਰਨ ਲਈ ਭਾਰਤ ਅਤੇ ਪੰਜਾਬ ਦੀਆਂ ਸਰਕਾਰਾਂ ਆਪਣੇ ਅੱਡੀ ਚੋਟੀ ਦਾ ਜੋਰ ਲਗਾ ਰਹੀਆਂ ਹਨ । ਕੈਪਟਨ ਅਮਰਿੰਦਰ ਵਰਗੇ ਸਿੱਖ ਚਿਹਰਿਆਂ ਵਾਲੇ ਫੀਲਿਆਂ ਦੀ ਵਰਤੋਂ ਵੀ ਆਮ ਹੀ ਕੀਤੀ ਜਾ ਰਹੀ ਹੈ । ਪਰ ਇਹਨਾਂ ਨੂ ਯਾਦ ਰੱਖਣ ਦੀ ਲੋੜ ਹੈ ਕਿ ਇਹਨਾਂ ਵਰਗੇ ਅਨੇਕਾਂ ਮੌਕਾ ਪ੍ਰਸਤ ਅਤੇ ਕੌਮ ਘਾਤਕ ਆਏ ,ਉਹਨਾਂ ਹਿੰਦੂਤਵੀਆਂ ਦੀ ਖੁਸ਼ੀ ਲੈਣ ਲਈ ਸਿੱਖ ਕੌਮ ਤੇ ਜ਼ੁਲਮ ਅਤੇ ਬੇਵਫਾਈਆਂ ਕੀਤੀਆਂ ਅਤੇ ਅਖੀਰ ਕੀਤੇ ਜ਼ੁਲਮਾਂ ਅਤੇ ਕੀਤੀਆਂ ਬੇਵਫਾਈਆਂ ਦੀ ਸਜ਼ਾ ਪ੍ਰਾਪਤ ਕਰਕੇ ਤੁਰਦੇ ਬਣੇ ਪਰ ਖਾਲਿਸਤਾਨ ਦਾ ਸੰਘਰਸ਼ ਖਤਮ ਨਹੀਂ ਕਰ ਸਕੇ । ਇਹਨਾਂ ਵਲੋਂ ਖਾਲਿਸਤਾਨੀਆਂ ਨੂੰ ਪਾਕਿਸਤਾਨੀ ਖੂਫੀਆ ਏਜੰਸੀ ਆਈ .ਐੱਸ.ਆਈ ਨਾਲ ਜੋੜਨਾ ਇਹਨਾਂ ਦੀ ਕੌਮ ਘਾਤਕ ਨੀਤੀ ਅਤੇ ਬੀਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ । ਇਹਨਾਂ ਦੀਆਂ ਉਕਤ ਘਿਨਾਉਣੀਆਂ ਹਰਕਤਾਂ ਤੋਂ ਸਾਬਤ ਹੁੰਦਾ ਹੈ ਕਿ ਇਹ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰਿਆਂ ਤੇ ਸਿੱਖ ਕੌਮ ਦੇ ਖਿਲਾਫ ਭੁਗਤ ਰਹੇ ਹਨ ।

ਬਾਕੀ ਸਫ਼ਾ 32 'ਤੇ



# ਹਾਕੀ ਦੇ ਬਲਬੀਰਾਂ ਦੀ ਗਾਥਾ



- ਨਵਦੀਪ ਸਿੰਘ ਗਿੱਲ
ਸੰਪਰਕ: 97800-36216

ਹਾਕੀ ਖੇਡ ਵਿਚ ਬਲਬੀਰ ਨਾਂ ਨੂੰ ਹੀ ਬਖਸ਼ਿਸ਼ ਰਹੀ ਹੈ। ਜਿੰਨੇ ਬਲਬੀਰ ਹਾਕੀ ਖੇਡ ਨੇ ਦਿੱਤੇ ਹਨ, ਉਨੇ ਬਾਕੀ ਸਾਰੀਆਂ ਖੇਡਾਂ ਨੇ ਮਿਲਾ ਕੇ ਵੀ ਨਹੀਂ ਦਿੱਤੇ ਹੋਣੇ। ਹਾਕੀ ਖੇਡ ਸਭ ਤੋਂ ਵੱਡੇ ਬਲਬੀਰ ਤੋਂ ਵਾਂਝੀ ਹੋ ਗਈ ਜਿਸ ਨੂੰ ਬਲਬੀਰ ਸਿੰਘ ਸੀਨੀਅਰ ਕਿਹਾ ਜਾਂਦਾ ਹੈ। ਫਰਵਰੀ ਮਹੀਨੇ ਹੀ ਸੰਸਾਰਪੁਰ ਵਾਲੇ ਬਲਬੀਰ ਸਿੰਘ ਕੁਲਾਰ ਦਾ ਦੇਹਾਂਤ ਹੋਇਆ ਸੀ ਜਿਸ ਨੂੰ ਬਲਬੀਰ ਸਿੰਘ ਜੂਨੀਅਰ ਕਹਿੰਦੇ ਸਨ। ਆਮ ਲੋਕਾਂ ਨੂੰ ਅਕਸਰ ਭੁਲੇਖਾ ਪੈ ਜਾਂਦਾ ਕਿ ਕਿਹੜੇ ਬਲਬੀਰ ਦੀ ਗੱਲ ਚੱਲ ਰਹੀ ਹੈ। ਜਦੋਂ ਫਰਵਰੀ ਵਿਚ ਬਲਬੀਰ ਸਿੰਘ ਜੂਨੀਅਰ ਦੀ ਦੇਹਾਂਤ ਹੋਇਆ ਤਾਂ ਉਦੋਂ ਕਈ ਜਗਾ ਤਸਵੀਰਾਂ ਗਲਤ ਛਪ ਗਈਆਂ। ਇਹ ਪਹਿਲੀ ਵਾਰ ਨਹੀਂ ਹੋਇਆ। ਜਦੋਂ ਕਈ ਬਲਬੀਰ ਇਕੱਠੇ ਖੇਡਦੇ ਸਨ ਤਾਂ ਅਸਕਰ ਗਲਤ ਰਿਪੋਰਟਿੰਗ ਹੋ ਜਾਂਦੀ। ਇਸੇ ਭੁਲੇਖੇ ਨੂੰ ਦੂਰ ਕਰਨ ਲਈ ਹਰ ਬਲਬੀਰ ਦੇ ਨਾਲ ਤਖ਼ਲੱਸ ਲਗਾਇਆ ਜਾਂਦਾ ਸੀ। ਭਾਰਤੀ ਹਾਕੀ ਟੀਮ ਵਿਚ ਕੁੱਲ ਪੰਜ ਬਲਬੀਰ ਹੋਏ ਜਿਨਾਂ ਵਿਚੋਂ ਚਾਰ ਬਲਬੀਰ ਇਕੱਠੇ ਇਕੋ ਵੇਲੇ ਟੀਮ ਵਿਚ ਖੇਡੇ। ਪੰਜ ਬਲਬੀਰਾਂ ਵਿਚੋਂ ਚਾਰ ਓਲੰਪੀਅਨ ਬਣੇ ਅਤੇ ਚਹੁੰਆਂ ਨੇ ਤਮਗਾ ਜਿੱਤਿਆ। ਕੌਮੀ ਤੇ ਸਟੇਟ ਪੱਧਰ ਉੱਤੇ ਖੇਡਣ ਵਾਲੇ ਬਲਬੀਰਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਇਕ ਵੇਲੇ ਦੇਸ਼ ਦੇ ਸਭ ਤੋਂ ਵੱਡੇ ਟੂਰਨਾਮੈਂਟ ਨਹਿਰੂ ਹਾਕੀ ਵਿਚ 9 ਬਲਬੀਰ ਖੇਡ ਰਹੇ ਸਨ। ਉਨਾਂ ਸਮਿਆਂ ਵਿਚ ਪੰਜਾਬ ਵਿਚ ਬਹੁਤੇ ਨਵਜੰਮੇ ਬੱਚਿਆਂ ਦੇ ਨਾਮ ਬਲਬੀਰ ਰੱਖੇ ਜਾਣ ਲੱਗੇ ਜਿਵੇਂ ਸੱਤਰਵਿਆਂ ਵਿਚ ਬੱਚਿਆਂ ਦੇ ਨਾਮ ਅਜੀਤ ਪਾਲ ਸਿੰਘ ਤੇ ਅੱਸੀਵਿਆਂ ਵਿਚ ਕਪਿਲ ਦੇਵ ਰੱਖਣ ਦਾ ਰੁਝਾਨ ਪ੍ਰਚੱਲਿਤ ਹੋਇਆ ਸੀ। ਪ੍ਰਿੰਸੀਪਲ ਸਰਵਣ ਸਿੰਘ ਲਿਖਦੇ ਹਨ: ਜਦੋਂ ਸੱਠਵਿਆਂ ਵਿਚ ਭਾਰਤ ਤੇ ਪਾਕਿਸਤਾਨ ਦਾ ਮੈਚ ਖੇਡਿਆ ਜਾਂਦਾ ਤਾਂ ਮੈਚ ਦੌਰਾਨ 'ਦੇਈਂ ਬੀਰਿਆ ਲਈਂ ਨੂਰਿਆ' ਦੀਆਂ ਆਵਾਜ਼ਾਂ ਹੀ ਆਉਂਦੀਆਂ। ਬਲਬੀਰਾਂ ਦੇ ਰਿਕਾਰਡ 'ਤੇ ਝਾਤੀ ਮਾਰੀਏ ਤਾਂ ਸਾਰਿਆਂ ਨੇ ਰਲ ਕੇ ਕੁੱਲ ਪੰਜ ਓਲੰਪਿਕ ਤੇ ਏਸ਼ਿਆਈ ਖੇਡਦਿਆਂ 12 ਤਮਗੇ ਜਿੱਤੇ ਹਨ। ਸਭ ਤੋਂ ਵੱਧ ਪ੍ਰਸਿੱਧੀ ਵੱਡੇ ਬਲਬੀਰ ਸਿੰਘ ਦੁਸਾਂਝ ਨੇ ਖੱਟੀ ਜਿਸ ਦਾ 25 ਮਈ ਦੀ ਸਵੇਰ ਦੇਹਾਂਤ ਹੋਇਆ। ਇਸ ਨੂੰ ਬਲਬੀਰ ਸਿੰਘ ਸੀਨੀਅਰ ਕਹਿੰਦੇ ਹਨ। ਇਹ ਮੋਗੇ ਵਾਲਾ ਬਲਬੀਰ ਵੀ ਅਖਵਾਇਆ। ਦੇਸ਼ ਦੀ ਵੰਡ ਤੋਂ ਬਾਅਦ ਬਣੀ ਭਾਰਤ ਦੀ ਹਾਕੀ ਟੀਮ ਵਿਚ ਜਦੋਂ ਉਹ ਖੇਡਦਾ ਸੀ ਤਾਂ ਇਕੱਲਾ ਬਲਬੀਰ ਅਖਵਾਉਂਦਾ ਸੀ। ਸੱਠਵਿਆਂ ਵਿਚ ਭਾਰਤੀ ਹਾਕੀ ਟੀਮ ਵਿਚ ਜਦੋਂ ਤਿੰਨ ਹੋਰ ਬਲਬੀਰਾਂ ਨੇ ਥਾਂ ਮੱਲੀ ਤਾਂ ਵੱਡੇ ਬਲਬੀਰ ਸਿੰਘ ਨਾਲ 'ਸੀਨੀਅਰ' ਤਖ਼ਲੱਸ ਲੱਗ ਗਿਆ ਤਾਂ ਜੋ ਆਪਸ ਵਿਚ ਕੋਈ ਭੁਲੇਖਾ ਨਾ ਪਵੇ। ਬਲਬੀਰ ਸਿੰਘ ਸੀਨੀਅਰ ਫਾਰਵਰਡ ਸਨ ਜਿਨਾਂ ਨੇ ਤਿੰਨ ਓਲੰਪਿਕ (ਲੰਡਨ 1948, ਹੈਲਸਿੰਕੀ 1952 ਤੇ ਮੈਲਬਰਨ 1956) ਸੋਨ ਤਮਗੇ ਜਿੱਤੇ ਅਤੇ ਬਤੌਰ ਮੈਨੇਜਰ ਭਾਰਤ ਨੂੰ ਇਕਲੌਤਾ ਵਿਸ਼ਵ ਕੱਪ (ਕੁਆਲਾਲੰਪੁਰ 1975) ਜਿਤਾਇਆ। ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਸਰਕਾਰ ਨੇ ਪਦਮ ਸ੍ਰੀ, ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਅਤੇ ਕੌਮਾਂਤਰੀ ਓਲੰਪਿਕ ਕਮੇਟੀ ਨੇ ਓਲੰਪਿਕ ਆਈਕੌਨਿਕ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਓਲੰਪਿਕ ਆਈਕੌਨਿਕ ਐਵਾਰਡ ਹਾਸਲ ਕਰਨ ਵਾਲੇ 16 ਖਿਡਾਰੀਆਂ ਵਿਚੋਂ ਉਹ ਇਕਲੌਤਾ ਹਾਕੀ ਖਿਡਾਰੀ ਅਤੇ ਇਕਲੌਤਾ ਏਸ਼ਿਆਈ ਪੁਰਸ਼ ਖਿਡਾਰੀ ਸਨ। ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ।



ਬਾਕੀ ਚਾਰ ਬਲਬੀਰਾਂ ਵਿਚੋਂ ਦੋ ਸੰਸਾਰਪੁਰ ਦੇ ਸਨ ਅਤੇ ਦੋਵੇਂ ਹੀ ਕੁਲਾਰ। ਜਦੋਂ ਇਹ ਇਕੱਠੇ ਖੇਡਦੇ ਸਨ ਤਾਂ ਇਕ ਨੂੰ ਪੁਲੀਸ ਵਾਲਾ ਬਲਬੀਰ ਸਿੰਘ ਤੇ ਦੂਜੇ ਨੂੰ ਫੌਜ ਵਾਲਾ ਬਲਬੀਰ ਕਿਹਾ ਜਾਂਦਾ ਸੀ। ਹੁਣ ਇਨਾਂ ਦੀ ਪਛਾਣ ਕਰਨਲ ਬਲਬੀਰ ਸਿੰਘ ਤੇ ਬਲਬੀਰ ਸਿੰਘ ਡੀ.ਆਈ.ਜੀ. ਵਜੋਂ ਹੈ। ਤੀਜਾ ਬਲਬੀਰ ਸਿੰਘ ਗਰੇਵਾਲ ਲੁਧਿਆਣੇ ਦਾ ਸੀ ਅਤੇ ਉਸ ਨੂੰ ਰੇਲਵੇ ਵਾਲੇ ਬਲਬੀਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। 1968 ਦੀਆਂ ਮੈਕਸਿਕੋ ਓਲੰਪਿਕ ਖੇਡਾਂ ਵਿਚ ਇਹ ਤਿੰਨੇ ਬਲਬੀਰ ਭਾਰਤੀ ਟੀਮ ਵਿਚ ਸਨ। ਇਸ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਮੈਕਸਿਕੋ ਓਲੰਪਿਕਸ ਦੀ ਇਕ ਹੋਰ ਖਾਸੀਅਤ ਸੀ ਕਿ ਇਸ ਦੇ ਹਾਕੀ ਮੁਕਾਬਲਿਆਂ ਵਿਚ ਸੱਤ ਸੰਸਾਰਪੁਰੀਏ ਖੇਡੇ ਸਨ। ਚਾਰ ਭਾਰਤ ਵੱਲੋਂ ਤੇ ਤਿੰਨ ਕੀਨੀਆ ਵੱਲੋਂ। ਇਕ ਹੋਰ ਬਲਬੀਰ ਸਿੰਘ ਰੰਧਾਵਾ ਗੁਰਦਾਸਪੁਰ ਦਾ ਹੋਇਆ ਜਿਹੜਾ ਨੇਵੀ (ਜਲ ਸੈਨਾ) ਵਾਲਾ ਬਲਬੀਰ ਅਖਵਾਇਆ। ਇਹ ਚਾਰੋਂ ਬਲਬੀਰ 1967 ਵਿਚ ਮੈਡਰਿਡ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਵਿਚ ਇਕੱਠੇ ਖੇਡੇ। ਉਸ ਵੇਲੇ ਕਈ ਅਖਬਾਰਾਂ ਵਿਚ ਸੁਰਖੀਆਂ ਵੀ ਗਲਤ ਲੱਗੀਆਂ। ਗੱਲ ਇਹ ਹੋਈ ਕਿ ਤਿੰਨ ਬਲਬੀਰ (ਰੇਲਵੇ, ਪੁਲੀਸ ਤੇ ਨੇਵੀ) ਫਾਰਵਰਡ ਪੰਕਤੀ ਵਿਚ ਖੇਡਦੇ ਸਨ ਅਤੇ ਚੌਥਾ ਫੌਜ ਵਾਲਾ ਬਲਬੀਰ ਹਾਫ ਲਾਈਨ ਵਿਚ। ਫੌਜ ਵਾਲੇ ਬਲਬੀਰ ਵੱਲੋਂ ਗੋਲ ਕੀਤੇ ਗਏ, ਪਰ ਸੁਰਖੀਆਂ ਫਾਰਵਰਡ ਬਟੋਰ ਗਏ। ਇਸੇ ਲਈ ਹਰ ਬਲਬੀਰ ਆਪੋ-ਆਪਣੇ ਤਖ਼ਲੱਸ ਨਾਲ ਜਾਣਿਆ ਜਾਂਦਾ ਸੀ। ਫਰਵਰੀ ਵਿਚ ਸਾਨੂੰ ਵਿਛੋੜਾ ਦੇ ਜਾਣ ਵਾਲੇ ਸੰਸਾਰਪੁਰੀਏ ਬਲਬੀਰ ਸਿੰਘ ਜੂਨੀਅਰ ਨੇ 1966 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿਚ ਹਿੱਸਾ ਲੈਂਦਿਆਂ ਸੋਨੇ ਦਾ ਤਮਗਾ ਅਤੇ 1968 ਦੀਆਂ ਮੈਕਸਿਕੋ ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਮਗਾ ਜਿੱਤਿਆ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



Sir Speedy Tustin Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਮਿਲਣ ਤੋਂ ਪਹਿਲਾਂ ਹੋਰ ਕਿੰਨਾ ਕੁ ਖੁਆਰ ਹੋਣਾ ਹੈ !

**- ਸਰਬਜੀਤ ਸਿੰਘ**
**ਸਮੈਦਿਕ, ਇੰਗਲੈਂਡ**

ਬ੍ਰਮਿੰਘਮ ਇੰਗਲੈਂਡ ਵਿੱਚ ਲੋਕਡਾਊਨ ਨੂੰ ਖੋਲਣ ਦੇ ਮਸਲੇ ਉੱਪਰ ਪ੍ਰਾਪਤ ਹੋਈ ਉਜਿੱਤ 'ਤੇ ਕੁੱਝ ਖੁਸ਼ੀ ਮਨਾ ਰਹੇ ਹੋਣਗੇ, ਕੁੱਝ ਵਿਖਾਵੇ ਲਈ ਖੁਸ਼ ਪਰ ਅੰਦਰੋਂ ਦੁਖੀ ਹੋਣਗੇ ਅਤੇ ਬਹੁਗਿਣਤੀ ਕੋਲ ਤਾਂ ਹਰ ਮਸਲੇ ਦੇ ਲਈ ਇਕੋ ਸਫਲਤਾ ਦੀ ਕੁੰਜੀ – 'ਸਾਨੂੰ ਕੀ' ਹੈ ਤੇ ਹਰ ਵਾਰ ਦੀ ਤਰਾਂ ਇਸਦੀ ਵਰਤੋਂ ਕਰ ਰਹੇ ਹਨ। ਨੱਕ ਗੁੱਤ ਕੱਟੀ ਗਈ ਅਜੇ ਵੀ ਮੈਂ ਭਲੀ ਬਚੀ – ਵਰਗੀ ਇਸ ਪ੍ਰਾਪਤੀ ਤੋਂ ਬਾਦ ਗੰਭੀਰਤਾ ਨਾਲ ਸੋਚਣਾ ਬਣਦਾ ਕਿ ਅਸੀਂ ਭਵਿੱਖ ਵਿੱਚ ਇਸਨੂੰ ਰੋਕਣ ਲਈ ਸੁਹਿਰਦਤਾ ਨਾਲ ਯਤਨ ਕਰਨੇ ਹਨ ਕਿ ਇਸੇ ਤਰਾਂ ਖੁਆਰ ਹੁੰਦੇ ਰਹਿਣਾ ਹੈ। ਜਦੋਂ ਈਸਵੀ ਕਲੰਡਰ ਮੁਤਾਬਕ 21ਵੀਂ ਸਦੀ ਨੇ ਦਸਤਕ ਦਿੱਤੀ ਸੀ ਤਾਂ ਏਕਤਾ ਦੇ ਯਤਨ ਸ਼ੁਰੂ ਹੋਏ ਸਨ, ਉਸ ਵਕਤ ਦਾਸ ਨੇ ਮੀਡੀਆ ਵਿੱਚ ਅਤੇ ਮੀਟਿੰਗਾਂ ਵਿੱਚ ਤਜਵੀਜਾਂ ਪੇਸ਼ ਕੀਤੀਆਂ ਸਨ ਜੋ ਨਗਾਰਖਾਨੇ ਵਿੱਚ ਤੂਤੀਆਂ ਦੀ ਅਵਾਜ਼ ਵਾਂਗ ਦੱਬ ਕੇ ਰਹਿ ਗਈਆਂ। ਦੋ ਕਦਮ ਅੱਗੇ ਦੋ ਕਦਮ ਪਿੱਛੇ ਵਾਲੀ ਨੀਤੀ 'ਤੇ ਚੱਲਦੇ ਹੋਏ ਅੱਜ ਵੀ ਅਸੀਂ ਉਸ ਸਥਿਤੀ ਵਿੱਚ ਹਾਂ ਇਸ ਲਈ ਇਕ ਵਾਰ ਫਿਰ ਉਹ ਵਿਚਾਰ ਦੁਹਰਾ ਰਿਹਾਂ ਹਾਂ। ਦਾਸ ਨੇ ਕਿਹਾ ਸੀ ਕਿ ਸਭ ਧਿਰਾਂ ਦੀ ਸਹਿਮਤੀ ਨਾਲ ਵਿਧਾਨ ਬਣਾਂ ਕੇ ਐਫ. ਐਸ. ਉ. ਦਾ ਹਰ ਦੋ ਸਾਲ ਬਾਦ ਜਥੇਬੰਦਕ ਢਾਂਚਾ ਚੁਣਿਆਂ ਜਾਵੇ (ਚੇਅਰਮੈਨ, ਵਾਇਸ ਚੇਅਰ, ਜਨ: ਸਕੱਤਰ, ਪ੍ਰੈਸ ਸਕੱਤਰ, ਖ਼ਜਾਨਚੀ ਆਦਿਕ) ਅਤੇ ਸਭ ਸਿੱਖ ਸੰਘਰਸ਼ ਨੂੰ ਸਮਰਪਿਤ ਰਾਜਨੀਤਕ ਜਥੇਬੰਦੀਆਂ ਨੂੰ ਉਸ ਵਿੱਚ ਸ਼ਾਮਲ ਕੀਤਾ ਜਾਵੇ। ਇਸੇ ਤਰਜ਼ 'ਤੇ ਹਰ ਸ਼ਹਿਰ ਵਿੱਚ ਜਥੇਬੰਦੀਆਂ ਦੀਆਂ ਬ੍ਰਾਚਾਂ ਦੇ ਨੁਮਾਇੰਦਿਆਂ ਦੀਆਂ ਸਾਂਝੀਆਂ ਬ੍ਰਾਂਚਾਂ ਬਣਾਈਆਂ ਜਾਣ ਜੋ ਨੈਸ਼ਨਲ ਪੈਨਲ ਦੀਆਂ ਮੀਟਿੰਗਾਂ ਵਿੱਚ ਜਾਣ ਵਾਲੇ ਨੁਮਾਇੰਦਿਆਂ ਨੂੰ ਆਪਣੇ ਸੁਝਾਅ, ਵਿਚਾਰ ਆਦਿਕ ਦੇਣ। ਸਿੱਖ ਕੌਮ ਨੂੰ ਇੰਗਲੈਂਡ ਸਮੇਤ ਦੁਨੀਆਂ ਭਰ ਵਿਚ ਦਰਪੇਸ਼ ਮਸਲਿਆਂ ਨੂੰ ਇਹ ਸੰਸਥਾ ਵਿਚਾਰੇ ਅਤੇ ਨਜਿੱਠੇ।

ਇੰਗਲੈਂਡ ਸਮੇਤ ਦੁਨੀਆਂ ਭਰ ਵਿੱਚ ਉਤਪੰਨ ਹੁੰਦੇ ਮਸਲਿਆਂ ਨਾਲ ਨਜਿੱਠਣ ਲਈ ਸਾਂਝੀ ਧਾਰਮਿਕ ਸੰਸਥਾ ਦਾ ਗਠਨ ਕੀਤਾ ਜਾਵੇ ਜਿਸ ਵਿੱਚ ਸਿਰਫ ਧਾਰਮਿਕ ਸੰਸਥਾਵਾਂ ਦੇ ਨੁਮਾਂਇੰਦੇ ਅਤੇ ਧਾਰਮਿਕ ਸਖਸ਼ੀਅਤਾਂ ਨੂੰ ਸ਼ਾਮਲ ਕੀਤਾ ਜਾਵੇ। ਯਕੀਨਨ ਕੁੱਝ ਵਿਅਕਤੀ ਰਾਜਨੀਤਕ ਅਤੇ ਧਾਰਮਿਕ ਦੋਹਾਂ ਖੇਤਰਾਂ ਵਿੱਚ ਵਿਚਰਦੇ ਹਨ ਅਤੇ ਦੋਹਾਂ ਸੰਸਥਾਵਾਂ ਦੇ ਨੁਮਾਂਇੰਦੇ ਬਣ ਸਕਦੇ ਹਨ ਪਰ ਜਿੱਥੇ ਤੱਕ ਸੰਭਵ ਹੋਵੇ ਇਕ ਵਿਅਕਤੀ ਇਕ ਅਹੁਦਾ ਵਾਲੇ ਸਿਧਾਂਤ ਦੀ ਪਾਲਣਾਂ ਕੀਤੀ ਜਾਵੇ। ਇੰਗਲੈਂਡ ਦੇ ਤਕਰੀਬਨ ਹਰ ਵੱਡੇ ਸ਼ਹਿਰ ਵਿੱਚ ਸਥਾਨਕ ਪੱਧਰ ਉਪੱਰ ਗੁਰਦਵਾਰਾ ਕੌਸਲਾਂ ਸਥਾਪਤ ਹਨ ਉਨਾਂ ਦਾ ਨਾਂ ਸਿਰਫ ਭਰਪੂਰ ਸਹਿਯੋਗ ਲਿਆ ਜਾਵੇ ਬਲਕਿ ਉਨਾਂ ਨੂੰ ਨੈਸ਼ਨਲ ਪੈਨਲ ਦੀਆਂ ਸਥਾਨਕ ਬ੍ਰਾਚਾਂ ਵਜ਼ੋਂ ਸਵੀਕਾਰ ਕੀਤਾ ਜਾਵੇ ਜੋ ਨੈਸ਼ਨਲ ਪੱਧਰ ਦੇ ਨੁਮਾਇੰਦਿਆਂ ਨੂੰ ਸਹਿਯੋਗ 'ਤੇ ਸਲਾਹ ਦੇਣ। ਜਿੰਨਾਂ ਸ਼ਹਿਰਾਂ ਵਿੱਚ ਸਥਾਨਕ ਗੁਰਦਵਾਰਾ ਕੌਸਲਾਂ ਨਹੀਂ ਹਨ ਉੱਥੋਂ ਦੀਆਂ ਧਾਰਮਿਕ ਖੇਤਰ ਵਿੱਚ ਵਿਚਰਦੀਆਂ ਸਖਸ਼ੀਅਤਾਂ ਦਾ ਸਹਿਯੋਗ ਲੈ ਕੇ ਨੈਸ਼ਨਲ ਕੌਸਲ ਵਿੱਚ ਨੁਮਾਇੰਦਗੀ ਦੇ ਕੇ ਸਥਾਨਕ ਪੱਧਰ ਲਈ ਯਤਨ ਕੀਤੇ ਜਾਣ। 3 ਮੈਂਬਰ ਧਾਰਮਿਕ ਕੌਂਸਲ ਵਿੱਚੋਂ ( ਧਰਮ ਨੂੰ ਸਿਆਸਤ ਤੋਂ ਉਪਰ ਰੱਖਣ ਦੇ ਸਿਧਾਂਤ ਅਨੁਸਾਰ ) ਅਤੇ 2 ਮੈਂਬਰ ਰਾਜਨੀਤਕ ਸਾਂਝੀ ਸੰਸਥਾ ਵਿੱਚੋਂ ਲੈ ਕੇ ਦੋਹਾਂ ਸੰਸਥਾਵਾਂ ਦੇ ਤਾਲਮੇਲ ਲਈ ਬੋਰਡ ਦਾ ਗਠਨ ਕੀਤਾ ਜਾਵੇ ਤਾਂ ਜੋ ਜਿੱਥੇ ਦੋਹਾਂ ਖੇਤਰਾਂ ਦੀ ਸ਼ਮੂਲੀਅਤ ਦੀ ਜਰੂਰਤ ਹੋਵੇ ਸਾਂਝੇ ਰੂਪ ਵਿੱਚ ਪਰੋਗਰਾਮ ਉਲੀਕਣ ਅਤੇ ਨੇਪਰੇ ਚਾੜਨ ਲਈ ਯੋਗ ਪ੍ਰਬੰਧ ਹੋ ਸਕੇ।

ਜੇ ਸ਼ੁਰੂਆਤੀ ਤੌਰ 'ਤੇ ਇੰਨਾਂ ਹੋ ਜਾਵੇ ਤਾਂ ਭਵਿੱਖ ਵਿੱਚ ਹੋਰ ਸੁਝਾਅ ਵੀ ਦਿੱਤੇ ਜਾ ਸਕਦੇ ਹਨ, ਅਕਸਰ ਇਹ ਵੇਖਿਆ ਜਾਂਦਾ ਕਿ ਸੁਝਾਅ ਦਿੱਤੇ ਕਿਸਨੇ ਹਨ ਫਿਰ ਅਮਲ ਕਰਨ ਜਾਂ ਰੱਦ ਕਰਨ ਦਾ ਫੈਸਲਾ ਲਿਆ ਜਾਂਦਾਂ ਹੈ ਸੁਝਾਅ ਚੰਗੇ ਹਨ ਜਾਂ ਮਾੜੇ ਇਸਤੇ ਗੌਰ ਨਾਂਹ ਦੇ ਬਰਾਬਰ ਹੀ ਕੀਤਾ ਜਾਂਦਾ ਹੈ। ਦੂਜੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ ਸਿੱਖ ਕਾਫੀ ਗਿਣਤੀ ਵਿੱਚ ਆਉਣੇ ਸ਼ੁਰੂ ਹੋ ਗਏ ਸਨ ਉਦੋਂ ਤੋਂ ਲੈ ਕੇ ਅਨੇਕਾਂ ਸਾਂਝੀਆਂ ਜਥੇਬੰਦੀਆਂ ਜਾਂ ਆਮ ਜਥੇਬੰਦੀਆਂ ਬਣੀਆਂ ਕੁੱਝ ਖਤਮ ਵੀ ਹੁੰਦਿਆਂ ਆਇਆਂ ਹਨ। ਕੌਮ ਦੀ ਬਿਹਤਰੀ ਲਈ ਹਰ ਸਝਾਅ ਉੱਪਰ ਵਿਚਾਰ ਕਰਨ ਵਿੱਚ ਕੋਈ ਹਰਜ਼ ਨਹੀਂ ਹੈ।

# ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਚਲ ਵਸੇ



**ਸਮਰਾਲਾ/ਏ.ਟੀ.ਨਿਊਜ਼:** ਪੰਜਾਬ ਸਾਹਿਤ ਦੇ ਉੱਘੇ ਸਾਹਿਤਕਾਰ ਤੇ ਸਮਰਾਲਾ ਦਾ ਮਾਣ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਉਰਫ਼ ਬੂਟਾ ਸਿੰਘ ਪੰਨੂ ਮੰਗਲਵਾਰ ਤੜਕੇ 3 ਵਜੇ ਹਾਰਟ ਅਟੈਕ ਕਾਰਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੂੰ ਕੱਲ ਦਿਨ ਵਿਚ ਸਾਹ ਦੀ ਤਕਲੀਫ਼ ਹੋਈ ਸੀ ਅਤੇ ਉਨਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ ਸੀ ਪਰ ਅੱਧੀ ਰਾਤ ਤੋਂ ਬਾਅਦ ਉਨਾਂ ਦੀ ਤਬੀਅਤ ਫਿਰ ਖ਼ਰਾਬ ਹੋ ਗਈ। 25 ਤੋਂ ਵੱਧ ਕਿਤਾਬਾਂ ਦੇ ਲੇਖਤ ਤੇ ਅਖ਼ਬਾਰਾਂ, ਰਸਾਲਿਆਂ ਵਿਚ ਲਿਖਣ ਵਾਲੇ ਹਮਦਰਦਵੀਰ ਨੌਸ਼ਹਿਰਵੀ ਨੇ 84 ਸਾਲ ਦੇ ਉਮਰ ਵਿਚ ਸਥਾਨਕ ਮਾਛੀਵਾੜਾ ਰੋਡ ਦੇ ਕਵਿਤਾ ਭਵਨ ਆਖਰੀ ਸਾਹ ਲਏ। ਪ੍ਰੋ. ਨੌਸ਼ਹਿਰਵੀ ਨੂੰ ਸਾਹਿਤਕ ਖੇਤਰ ਵਿਚ ਸ਼ਾਂਤ ਵਗਦਾ ਦਰਿਆ ਆਖਿਆ ਜਾਂਦਾ ਰਿਹਾ ਹੈ, ਜੋ ਹੁਣ ਸਦਾ ਲਈ ਸਾਂਤ ਹੋ ਗਏ ਅਤੇ ਇਸ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੇ ਦੋ ਬੇਟੇ ਅਤੇ ਦੋ ਬੇਟੀਆਂ ਹਨ ਜੋ ਕਿ ਸਾਰੇ ਸ਼ਾਦੀ ਸ਼ੁਦਾ ਹਨ। ਪ੍ਰੋ. ਨੌਸ਼ਹਿਰਵੀ ਵੱਲੋਂ ਆਪਣੀ ਘਰੇਲੂ ਜ਼ਿੰਦਗੀ ਦੀ ਸ਼ੁਰੂਆਤ ਏਅਰ ਫੋਰਸ ਵਿੱਚ ਨੌਕਰੀ ਕਰਨ ਤੋਂ ਕੀਤੀ ਅਤੇ ਬਾਅਦ ਵਿਚ ਉਨਾਂ ਦੀ ਮਾਲਵਾ ਕਾਲਜ ਸਮਰਾਲਾ ਵਿਖੇ ਰਾਜਨੀਤੀ ਦੇ ਪ੍ਰੋਫੈਸਰ ਵਜੋਂ ਨਿਯੁਕਤੀ ਹੋਈ। 32 ਸਾਲ ਤੋਂ ਵੱਧ ਸਮਾਂ ਸਰਵਿਸ ਕਰਕੇ ਸੇਵਾ ਮੁਕਤ ਹੋਏ। ਭਾਵੇਂ ਉਨਾਂ ਦਾ ਜੱਦੀ ਪਿੰਡ ਜ਼ਿਲਾ ਅੰਮ੍ਰਿਤਸਰ ਵਿੱਚ ਨੌਸ਼ਹਿਰਾ ਪਨੂੰਆ ਹੈ, ਪਰ ਉਹ ਸਮਰਾਲਾ ਦੇ ਪੱਕੇ ਵਸਨੀਕ ਸਨ। ਉਨਾਂ ਦੀ ਰਿਹਾਇਸ਼ ਵਾਲੀ ਕੋਠੀ ਦਾ ਨਾਂਅ ਕਵਿਤਾ ਭਵਨ ਹੈ। ਭਾਵੇਂ ਉਨਾਂ ਵੱਲੋਂ ਆਪਣੀ ਦੇਹ ਦਾਨ ਕੀਤੀ ਗਈ ਸੀ ਪਰ ਕੋਰੋਨਾ ਮਹਾਮਾਰੀ ਕਾਰਨ ਡਾਕਟਰਾਂ ਵੱਲੋਂ ਦੇਹ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਘੱਲੂਘਾਰਾ ’ਤੇ ਵਿਸ਼ੇਸ਼

# ਘੱਲੂਘਾਰਾ ਜੂਨ ’84 ਦਾ ਪਹਿਲਾ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ

**- ਮਨਮੋਹਨ ਸਿੰਘ**

1 ਜੂਨ 1984 ਦਾ ਸੂਰਜ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਸ਼ਹਾਦਤਾਂ ਦਾ ਪੈਗਾਮ ਲੈ ਕੇ ਚੜ੍ਹਿਆ। ਸਵੇਰੇ ਵੱਡੇ ਤੜਕੇ ਹੀ ਬਾਬਾ ਅਟੱਲ ਰਾਏ ਗੁਰਦੁਆਰੇ ਦੀ ਇਮਾਰਤ ’ਤੇ ਸੀ.ਆਰ.ਪੀ. ਤੇ ਬੀ.ਐਸ.ਐਫ. ਨੇ ਬੱਬਰਾਂ ਦੇ ਮੋਰਚਿਆਂ ਉੱਪਰ ਫਾਇਰਿੰਗ ਕਰ ਕੇ ਸਿੱਧੀ ਲੜਾਈ ਛੇੜ ਦਿੱਤੀ। ਬਾਬਾ ਅਟੱਲ ਦੀ ਇਮਾਰਤ ਵਿਚੋਂ ਬੱਬਰਾਂ ਦੀਆਂ ਰਾਈਫਲਾਂ ਨੇ ਵੀ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਸਾਰਾ ਦਿਨ ਭਿਆਨਕ ਗੋਲੀਬਾਰੀ ਹੁੰਦੀ ਰਹੀ। ਤਿੰਨ ਵਜੇ ਦੇ ਕਰੀਬ ਗੁਰਦੁਆਰਾ ਬਾਬਾ ਅੱਟਲ ਸਾਹਿਬ ਵਾਲੇ ਮੋਰਚੇ ਤੇ ਫਾਇਰਿੰਗ ਹੋਈ ਤਾਂ ਭਾਈ ਮਹਿੰਗਾ ਸਿੰਘ ਨੇ ਵੀ ਅੱਗੋਂ ਖੜਕਵਾਂ ਜੁਆਬ ਦਿੱਤਾ ਜਿਸ ਸਰਕਾਰੀ ਮੋਰਚੇ ਵਿਚੋਂ ਗੋਲੀ ਆਈ ਸੀ ਭਾਈ ਸਾਹਿਬ ਨੇ ਉੱਥੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਅਤੇ ਜੈਕਾਰੇ ਛੱਡਦੇ ਹੋਏ ਗੁੰਬਦ ਵਾਲੀ ਸਭ ਤੋਂ ਉਪਰਲੀ ਨੌਵੀਂ ਮੰਜਿਲ ’ਤੇ ਜਾ ਡਟੇ। ਪਲਾਂ ਵਿਚ ਹੀ 8 - 9 ਸੀਆਰਪੀ ਵਾਲੇ ਝੜਪ ਵਿਚ ਮਾਰੇ ਗਏ। ਇੰਨੇ ਨੂੰ ਦੂਸਰੇ ਪਾਸਿਓਂ ਤਾੜ ... ਤਾੜ ਕਰਦਾ ਬਰਸਟ ਆਇਆ ਭਾਈ ਸਾਹਿਬ ਦੇ ਸਿਰ ਉੱਪਰ ਲੱਗਾ। ਦੱਸਿਆ ਜਾਂਦਾ ਹੈ ਕਿ ਕੁਝ ਸਿੰਘਾਂ ਨੇ ਉਸ ਨੂੰ ਆਵਾਜ਼ ਦਿੱਤੀਆਂ ਤਾਂ ਅੱਗੋ ਜੁਆਬ ਆਇਆ, “ਚੜ੍ਹਦੀ ਕਲਾ ਹੋ ਗਈ, ਬੋਲੇ ਸੋ ਨਿਹਾਲ”

ਇਹ ਭਾਈ ਮਹਿੰਗਾ ਸਿੰਘ ਦੇ ਆਖਰੀ ਬੋਲੇ ਸਨ। ਭਾਈ ਮਨਮੋਹਨ ਸਿੰਘ ਫੌਜੀ ਜੋ ਹੇਠਲੀ ਮੰਜਿਲ ਤੇ ਮੋਰਚੇ ਵਿਚ ਸਨ । ਓਹਨਾਂ ਜਾਕੇ ਸ਼ਹੀਦ ਸਿੰਘ ਦੇ ਦਰਸ਼ਨ ਕੀਤੇ ਅਤੇ ਉਸੇ ਵਾਕੀ ਟਾਕੀ ’ਤੇ ਦੱਸਿਆ ਕਿ “ਜਥੇਦਾਰ ਜੀ, ਭਾਣਾ ਵਾਪਰ ਗਿਆ ! ਭਾਈ ਮਹਿੰਗਾ ਸਿੰਘ ਸ਼ਹੀਦੀ ਪਾ ਗਿਆ ਭਾਈ ਅਨੋਖ ਸਿੰਘ ਨੇ ਸ਼ੁਕਰਾਨੇ ਵੱਜੋਂ ਦੋਵੇਂ ਹਥ ਜੋੜ ਲਏ ਤੇ ਅੱਖਾਂ ਮੀਟੀਆਂ ਨਾਲ ਹੀ ਜੋਰ ਦੀ ਜੈਕਾਰਾ ਗਜਾਇਆ “ਬੋਲੇ ਸੋ ਨਿਹਾਲ” ਇਸ ਵਾਰ ਵਧੇਰੇ ਜੋਸ਼ ਵਿਚ ਜੁਆਬ ਆਇਆ “ਸਤਿ ਸ੍ਰੀ ਅਕਾ.......ਲ” ਇੱਕ-ਇੱਕ ਕਰਕੇ ਪੰਜ ਜੈਕਾਰੇ ਛੱਡੇ ਗਏ, ਹਰ ਵਾਰ ਆਕਾਸ਼ ਗੂੰਜਵੀਂ ਆਵਾਜ਼ ਵਿਚ ਬੋਲੇ ਦਾ ਜੁਆਬ ਆਇਆ।

ਜਿਸ ਨੂੰ ਇਤਿਹਾਸ ਨੇ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋਣ ਦਾ ਮਾਣ ਬਖ਼ਸ਼ ਕੇ ਸਦਾ ਲਈ ਅਮਰ ਕਰ ਦਿੱਤਾ। ਇਸ ਸੂਰਬੀਰ ਦਾ ਨਾਂਅ ਭਾਈ ਮਹਿੰਗਾ ਸਿੰਘ ਬੱਬਰ ਕਰਕੇ ਸਿੱਖ ਇਤਿਹਾਸ ਵਿਚ ਮਸ਼ਹੂਰ ਹੈ।

ਭਾਈ ਮਹਿੰਗਾ ਸਿੰਘ ਜੀ ਅਸਲੀ ਨਾਂ ਭਾਈ ਕੁਲਵੰਤ ਸਿੰਘ ਸੀ। ਪਰ ਗੁਪਤ ਵਿਚਰਦਾ ਹੋਣ ਕਰਕੇ ਜਥੇਬੰਦਕ ਨਾਂ ਭਾਈ ਮਹਿੰਗਾ ਸਿੰਘ ਰੱਖਿਆ ਗਿਆ ਸੀ। ਇਸ ਨੌਜਵਾਨ ਦਾ ਜਨਮ ਹਰਿਆਣੇ ਦੇ ਸ਼ਹਿਰ ਜਗਾਧਰੀ ਵਿਖੇ ਪ੍ਰਤਾਪ ਸਿੰਘ ਦੇ ਘਰ 1957 ਨੂੰ ਹੋਇਆ। ਜਮਨਾ ਨਗਰ ਆਈ.ਟੀ.ਆਈ. ਵੈਲਡਰ ਟਰੇਡ ਵਿਚ ਕਰਨ ਤੋਂ ਬਾਅਦ ਉਸ ਨੇ ਚੜ੍ਹਦੀ ਵਰੇਸੇ ਭਾਈ ਫ਼ੌਜਾ ਸਿੰਘ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਿਆ। ਉਹ ਸਦਾ ਬਸੰਤੀ ਰੰਗ ਦਾ ਦੁਮਾਲਾ ਸਜਾਉਂਦਾ, ਸਫੈਦ ਜਾਂ ਨੀਲੇ ਰੰਗ ਦਾ ਨਿਹੰਗ ਬਾਣਾ ਪਹਿਨਦਾ। ਉਸ ਦੇ ਸੱਜੇ ਹੱਥ ਵਿਚ ਸਰਬ-ਲੋਹ ਦੀ ਮਾਲਾ ਅਤੇ ਮੋਢੇ ਉੱਤੇ 315 ਬੋਰ ਦੀ ਰਾਈਫਲ ਹਮੇਸ਼ਾ ਲਟਕਦੀ ਰਹਿੰਦੀ। ਨਿਰੰਕਾਰੀ ਕਾਂਡ ਦੌਰਾਨ ਭਾਈ ਫ਼ੌਜਾ ਸਿੰਘ ਤੇ 13 ਸਿੰਘਾਂ ਦੀ ਸ਼ਹੀਦੀ ਨੇ ਉਸ ਦੇ ਅੰਤਰ-ਆਤਮੇ ਨੂੰ ਝੰਜੋੜ ਕੇ ਰੱਖ ਦਿੱਤਾ। 1978 ਤੋਂ 1980 ਤੱਕ ਦੋ ਸਾਲ ਉਹ ਅਖੰਡ ਕੀਰਤਨੀ ਜਥੇ ਵੱਲੋਂ ਚੱਲਦੇ ਪ੍ਰਚਾਰ (ਚੱਲਦਾ ਵਹੀਰ) ਵਿਚ ਸ਼ਾਮਲ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ।

ਹੌਲੀ-ਹੌਲੀ ਉਸ ਦਾ ਨਾਮ ਪ੍ਰਮੁੱਖ ਨਿਰੰਕਾਰੀਆਂ ਦੀ ਸੋਧ-ਸੁਧਾਈ ਦੇ ਕਈ ਕੇਸਾਂ ਵਿਚ ਬੋਲਣ ਲੱਗਾ।

ਸਾਕਾ ਨੀਲਾ ਤਾਰਾ ਤੋਂ ਕੁਝ ਸਮਾਂ ਪਹਿਲਾਂ ਉਹ ਅਨੰਦਪੁਰ ਸਾਹਿਬ ਵੱਲ ਯਾਤਰਾ ਕਰਨ ਗਿਆ ਤੇ ਵਾਪਸ ਮੁੜਦੇ ਸਮੇਂ ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਜੀ ਦੇ ਅਸਥਾਨ ’ਤੇ ਖਲੋ ਕੇ ਮਹਿੰਗਾ ਸਿੰਘ ਬੱਬਰ ਨੇ ਅਰਦਾਸ ਕੀਤੀ:- “ਸਤਿਗੁਰੂ ! ਮੇਰੀ ਇਹੋ ਮੰਗ ਹੈ ਕਿ ਸੱਚੇ ਪਾਤਸ਼ਾਹ ਸ਼ਹੀਦੀ ਦੀ ਦਾਤ ਬਖ਼ਸ਼ੋ, ਮੇਰਾ ਸਰੀਰ ਪੰਥ ਦੇ ਲੇਖੇ ਲੱਗ ਜਾਵੇ... ਤੇਰੀ ਬਖ਼ਸ਼ੀ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭ ਜਾਵੇ।”

ਅੰਤ ਭਾਈ ਮਹਿੰਗਾ ਸਿੰਘ ਬੱਬਰ ਆਪਣੀ ਕੀਤੀ ਅਰਦਾਸ ਨੂੰ ਤੋੜ-ਨਿਭਾ ਗਿਆ। ਭਾਈ ਮਹਿੰਗਾ ਸਿੰਘ ਬੱਬਰ ਦਾ ਸਸਕਾਰ ਮੰਜੀ ਸਾਹਿਬ ਦੇ ਹਾਲ ਦੇ ਸਾਹਮਣੇ ਕੀਤਾ ਗਿਆ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਕਾਲ ਤਖਤ ਸਾਹਿਬ ਤੋਂ ਉਚੇਚਾ ਚੱਲ ਕੇ ਆਪਣੇ ਸਿੰਘਾਂ ਸਮੇਤ ਸ਼ਹੀਦ ਦੇ ਅੰਤਿਮ ਸਸਕਾਰ ’ਤੇ ਪਹੁੰਚੇ ਅਤੇ ਇਕ ਦੁਸ਼ਾਲਾ ਸ਼ਹੀਦ ਦੇ ਸਰੀਰ ’ਤੇ ਆਪਣੀ ਹੱਥੀਂ ਪਾਇਆ। ਸਾਰੇ ਦਾ ਸਾਰਾ ਪੰਥ ਢੱਕੋ-ਢੱਕੀ ਉਸ ਦੇ ਅੰਤਿਮ ਸਸਕਾਰ ’ਤੇ ਜੁੜ ਗਿਆ। ਸ਼ਹੀਦ ਦੀ ਅੰਤਿਮ ਅਰਦਾਸ ਵਿਚ ਸ਼੍ਰੋਮਣੀ ਅਕਾਲੀ ਦਲ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਭਾਈ ਮਹਿੰਗਾ ਸਿੰਘ ਬੱਬਰ ਦੀ ਸ਼ਹੀਦੀ ਸਾਕਾ ਨੀਲਾ ਤਾਰਾ ਦੀ ਸ਼ੁਰੂਆਤ ਸੀ। 1 ਜੂਨ ਤੋਂ ਬਾਅਦ ਭਾਵੇਂ ਕਿ ਭਾਰਤੀ ਫੋਰਸਾਂ ਵੱਲੋਂ ਗਾਹੇ-ਬਗਾਹੇ ਸੰਗਤ ਉੱਤੇ ਗੋਲੀਬਾਰੀ ਹੁੰਦੀ ਰਹੀ ਪਰ ਸੰਤ ਭਿੰਡਰਾਂਵਾਲਿਆਂ ਦੇ ਆਰਡਰ ’ਤੇ ਸਿੰਘਾਂ ਨੇ ਫਾਇਰਿੰਗ ਨਹੀਂ ਕੀਤੀ। 1 ਤੇ 3 ਜੂਨ ਦੇ ਦਿਨ ਤਨਾਅ-ਭਰਪੂਰ ਹੀ ਰਹੇ।




4 ਜੂਨ ਸਵੇਰੇ ਚਾਰ ਕੁ ਵਜਦੇ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵਿਹੜੇ ਵਿਚ ਫ਼ੌਜਾਂ ਵੱਲੋਂ ਦਾਗਿਆ ਇਕ ਗੋਲਾ ਡਿੱਗਿਆ ਤਾਂ ਸਿੰਘਾਂ ਨੇ ਫਾਇਰ ਖੋਲ ਦਿੱਤੇ। ‘ਅਕਾਲ-ਅਕਾਲ’ ਦੇ ਆਕਾਸ਼ ਗੁੰਜਾਊ ਨਾਅਰੇ ਅਸਮਾਨ ਨੂੰ ਛੂੰਹਣ ਲੱਗੇ। ਸੰਤ ਭਿੰਡਰਾਂਵਾਲਿਆਂ ਦੇ ਜਾਨਸ਼ੀਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਜਾਨਾਂ ਹੀਲ ਕੇ ਲੜੇ। ਬੱਬਰਾਂ ਨੇ ਵੀ ਬਾਬਾ ਅਟੱਲ ਰਾਏ, ਗੁਰੂ ਨਾਨਕ ਨਿਵਾਸ ਦੀਆਂ ਇਮਾਰਤਾਂ ਵਿਚ ਮੋਰਚਾ ਲਗਾਇਆ ਹੋਇਆ ਸੀ। ਜਦੋਂ ਬੱਬਰਾਂ ਕੋਲੋਂ ਅਸਲਾ ਖ਼ਤਮ ਹੋ ਗਿਆ ਅਤੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਟੈਂਕ ਦਾਖਲ ਹੋ ਗਏ ਤਾਂ ਉਨਾਂ ਨੇ ਸੰਘਰਸ਼ ਅਗਾਂਹ ਤੋਰਨ ਖਾਤਰ ਮੋਰਚੇ ਛੱਡ ਕੇ ਹਰਨ ਹੋ ਗਏ। ਇਸ ਦੌਰਾਨ ਕੀਰਤਨੀ ਸੂਰਮੇ-ਸਿੰਘ ਭਾਈ ਅਮਰੀਕ ਸਿੰਘ ਦਾ ਜਥਾ ਕੀਰਤਨ ਕਰ ਕੇ ਵਾਪਸ ਮੁੜਦਾ ਹੋਇਆ ਇਲਾਇਚੀ ਬੇਰੀ ਕੋਲ ਭਾਰਤੀ ਫ਼ੌਜਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ।

6 ਜੂਨ ਦੀ ਸਵੇਰ ਦਰਬਾਰ ਸਾਹਿਬ ਅੰਦਰ ਕੋਈ ਕੀਰਤਨੀਆ ਨਾ ਜਾ ਸਕਿਆ ਤਾਂ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਕੀਰਤਨੀਏ ਭਾਈ ਗੁਰਦਿਆਲ ਸਿੰਘ ਹੋਰਾਂ ਨੇ ਕੀਰਤਨ-ਹਾਜ਼ਰੀਆਂ ਭਰੀਆਂ। ਉਨਾਂ ਦੇ ਇਕ ਹੋਰ ਸਾਥੀ ਭਾਈ ਅਵਤਾਰ ਸਿੰਘ ਪਾਰੋਵਾਲ 6 ਜੂਨ ਨੂੰ ਸਵੇਰੇ ਕੀਰਤਨ-ਹਾਜ਼ਰੀਆਂ ਭਰਦੇ ਹੋਏ ਗੋਲੀ ਲੱਗਣ ਕਰ ਕੇ ਦਰਬਾਰ ਸਾਹਿਬ ਅੰਦਰ ਹੀ ਜਾਮ-ਏ-ਸ਼ਹਾਦਤ ਪੀ ਗਏ। ਇਸੇ ਤਰਾਂ ਸ਼ਹੀਦ ਭਾਈ ਫੌਜਾ ਸਿੰਘ ਦੀ ਸਿੰਘਣੀ ਦੀ ਭੈਣ ਪਰਮਜੀਤ ਕੌਰ ਲਾਡੀ, ਬਾਬਾ ਸਵਾਇਆ ਸਿੰਘ ਜੀ ਦੀ ਛਬੀਲ ਕੋਲ ਸ਼ਹਾਦਤ ਪ੍ਰਾਪਤ ਗਈ। ਬੀਬੀ ਪਰਮਜੀਤ ਕੌਰ ਬੀ.ਏ. ਪਾਸ ਸੀ ਤੇ ਉਸ ਨੇ ਬਾਬਾ ਬੁੱਢਾ ਜੀ ਦੀ ਬੇਰੀ ਪਾਸ ਇਕ ਨਿੱਜੀ ਲਾਇਬ੍ਰੇਰੀ ਬਣਾਈ ਹੋਈ ਸੀ, ਜਿੱਥੋਂ ਸੰਗਤਾਂ ਪੜਨ ਲਈ ਗੁਰਮਤਿ ਲਿਟਰੇਚਰ ਫਰੀ ਪ੍ਰਾਪਤ ਕਰਦੀਆਂ ਸਨ। ਭਾਈ ਫ਼ੌਜਾ ਸਿੰਘ ਉਸ ਨੂੰ ‘ਸ਼ਹੀਦ-ਰੂਹ’ ਕਿਹਾ ਕਰਦੇ ਸਨ। ਬੀਬੀ ਵਿਚ ਸਿੱਖੀ ਪ੍ਰਚਾਰ ਦੀ ਬੜੀ ਲਗਨ ਸੀ। ਉਹ ਹਰ ਰੋਜ ਬਾਬਾ ਅਟੱਲ ਰਾਏ ਵਿਖੇ ਨਿੱਕੇ-ਨਿੱਕੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਇਆ ਕਰਦੀ ਸੀ। ਬੀਬੀ ਦੀ ਸੰਗਤ ਨਾਲ ਕਈ ਭੁਝੰਗੀ ਅੰਮ੍ਰਿਤਧਾਰੀ ਹੋਏ। 4 ਜੂਨ ਨੂੰ ਬੀਬੀ ਪਰਮਜੀਤ ਕੌਰ ਆਪਣੀ ਇਕ ਹੋਰ ਸਾਥਣ ਇੰਦਰਜੀਤ ਕੌਰ ਨਾਲ ਦਰਬਾਰ ਸਾਹਿਬ ਆਈ ਤੇ 6 ਜੂਨ ਸਵੇਰ ਤਕ ਬਾਲਟੀ ਵਿਚ ਪਾਣੀ ਭਰ ਕੇ ਹੱਥ ਵਿਚ ਬਾਟਾ ਫੜ ਕੇ ਮੋਰਚਿਆਂ ਉੱਪਰ ਲੜਨ ਵਾਲੇ ਸਿੰਘਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੀ ਰਹੀ। ਬੀਬੀ ਅਮਰਜੀਤ ਕੌਰ (ਸੁਪਤਨੀ ਫ਼ੌਜਾ ਸਿੰਘ) ਨੂੰ ਲੈਣ ਵਾਸਤੇ ਸਰਾਂ ਵਾਲੇ ਪਾਸੇ ਤੋਂ ਇਕ ਸਿੰਘ ਆਇਆ ਤਾਂ ਉਹਨਾਂ ਨੇ ਬੀਬੀ ਪਰਮਜੀਤ ਕੌਰ ਨੂੰ ਨਾਲ ਜਾਣ ਨੂੰ ਕਿਹਾ, ਪਰ ਪਰਮਜੀਤ ਕੌਰ ਨੇ ਵਾਰ-ਵਾਰ ਕਹਿਣ ’ਤੇ ਵੀ ਜਾਣ ਤੋਂ ਮਨਾ ਤੋਂ ਕਰ ਦਿੱਤਾ ਅਤੇ ਕਿਹਾ ਕਿ ਜਿਹੜਾ ਅੱਜ ਇਥੇ ਸ਼ਹੀਦ ਹੋਵੇਗਾ, ਉਹ ਸਿੱਧਾ ਹੋਵੇਗਾ, ਉਹ ਸਿੱਧਾ ਗੁਰੂ ਗੋਬਿੰਦ ਸਿੰਘ ਦੀ ਗੋਦ ਵਿਚ ਜਾਵੇਗਾ। ਸਿੰਘਾਂ ਦੀ ਸੇਵਾ ਕਰਦੀ ਹੋਈ, ਜਦੋਂ ਉਹ ਪਾਣੀ ਵਰਤਾ ਰਹੀ ਸੀ ਤਾਂ ਫ਼ੌਜੀਆਂ ਨੇ ਉਸ ਉੱਪਰ ਗਰਨੇਡ ਸੁੱਟਿਆ ਤੇ ਉਹ ਸ਼ਹੀਦ ਹੋ ਗਈ। ਉਸ ਦੀ ਸਾਥਣ ਬੀਬੀ ਇੰਦਰਜੀਤ ਕੌਰ ਸਖ਼ਤ ਜ਼ਖ਼ਮੀ ਹੋ ਗਈ ਅਤੇ ਆਪਣੀ ਇਕ ਅੱਖ ਗਵਾ ਬੈਠੀ। ਬਾਅਦ ਵਿਚ ਬੀਬੀ ਇੰਦਰਜੀਤ ਕੌਰ ਨੂੰ ਜੋਧਪੁਰ ਜੇਲ ਵੀ ਜਾਣਾ ਪਿਆ। ਓੜਕ ਸੰਤ ਭਿੰਡਰਾਂਵਾਲਿਆਂ ਨਾਲ ਸਾਥ ਨਿਭਾਉਂਦੇ ਹੋਏ ਦਰਬਾਰ ਸਾਹਿਬ ਦੇ ਲਈ ਅਨੇਕਾਂ ਸੂਰਬੀਰਾਂ ਨੇ ਸ਼ਹਾਦਤ ਪ੍ਰਾਪਤ ਕਰ ਲਈ।

---

# ਪੰਜਾਬ ਕਾਂਗਰਸ ਦੀ ਲੀਡਰਸ਼ਿਪ ਤੇ ਵਰਕਰਾਂ ’ਚ ਫੈਲੀ ਭਾਰੀ ਨਿਰਾਸ਼ਾ

## ਕਾਂਗਰਸ ਦੀਆਂ ਸਰਗਰਮੀਆਂ ਠੱਪ, ਕਈ ਮਹੀਨੇ ਤੋਂ ਸੂਬਾਈ ਤੇ ਜ਼ਿਲਾ ਅਹੁਦੇ ਭੰਗ

**ਜਲੰਧਰ/ਏ.ਟੀ.ਨਿਊਜ਼:** ਚੋਣਾਂ ਵੇਲੇ ਕੀਤੇ ਵਾਅਦੇ ਪੂਰਾ ਨਾ ਹੋਣ, ਚੁਣੇ ਹੋਏ ਪ੍ਰਤੀਨਿਧਾਂ ਦੀ ਪੁੱਛ-ਪੜਤਾਲ ਨਾ ਹੋਣਾ, ਕਾਂਗਰਸ ਪਾਰਟੀ ਦੀ ਸਰਗਰਮੀ ਪੂਰੀ ਤਰਾਂ ਠੱਪ ਹੋਣਾ ਅਤੇ ਖ਼ਾਸਕਰ ਮੁੱਖ ਮੰਤਰੀ ਵਲੋਂ ਪਾਰਟੀ ਨੂੰ ਪੂਰੀ ਤਰਾਂ ਅੱਖੋਂ ਪਰੋਖੇ ਕੀਤੇ ਜਾਣ ਕਾਰਨ ਪੰਜਾਬ ਕਾਂਗਰਸ ਇਸ ਵੇਲੇ ਮੁਕੰਮਲ ਨਿਰਾਸ਼ਤਾ ਤੇ ਬੇਭਰੋਸਗੀ ਦੇ ਆਲਮ ਵਿਚ ਘਿਰੀ ਹੋਈ ਹੈ। ਮੁੱਖ ਮੰਤਰੀ ਦੀ ਕਾਰਜ ਸ਼ੈਲੀ ਤੇ ਸਰਕਾਰ ਵਿਚ ਬਾਬੂਸ਼ਾਹੀ ਦੇ ਬੋਲਬਾਲੇ ਖ਼ਿਲਾਫ਼ ਕਾਫ਼ੀ ਸਮੇਂ ਤੋਂ ਪੈਦਾ ਹੋ ਰਹੀ ਬੇਚੈਨੀ ਦੇ ਮਈ ਮਹੀਨੇ ਦੇ ਸ਼ੁਰੂ ਵਿਚ ਲਾਵਾ ਬਣ ਕੇ ਫੁੱਟ ਪੈਣ ਬਾਅਦ ਇਸ ਮਾਮਲੇ ਉਪਰ ਪ੍ਰਦੇਸ਼ ਦੀ ਸਮੁੱਚੀ ਲੀਡਰਸ਼ਿਪ ਵਲੋਂ ਇਸ ਮਸਲੇ ਨੂੰ ਮੁੱਖ ਸਕੱਤਰ ਨਾਲ ਤਕਰਾਰ ਤੱਕ ਸਮੇਟ ਕੇ ਪੈਰ ਪਿੱਛੇ ਖਿੱਚਣ ਨਾਲ ਪਾਰਟੀ ਅੰਦਰ ਧੁਰ ਹੇਠਾਂ ਤੱਕ ਬੇਭਰੋਸਗੀ ਵਾਲੀ ਹਾਲਤ ਪਸਰੀ ਨਜ਼ਰ ਆ ਰਹੀ ਹੈ। ਮੰਤਰੀਆਂ ਤੇ ਮੁੱਖ ਸਕੱਤਰ ਵਿਚਕਾਰ ਪੈਦਾ ਹੋਏ ਸੰਕਟ ਸਮੇਂ ਕਾਂਗਰਸ ਆਗੂਆਂ, ਕਈ ਮੰਤਰੀਆਂ ਤੇ ਵਿਧਾਇਕਾਂ ਵਲੋਂ ਕੀਤੀ ਜਨਤਕ ਬਿਆਨਬਾਜ਼ੀ ਵਿਚ ਸ਼ਰੇਆਮ ਚੁਣੌਤੀ ਮੁੱਖ ਮੰਤਰੀ ਦੀ ਕਾਰਜਸ਼ਾਲੀ ਨੂੰ ਦਿੱਤੀ ਗਈ ਸੀ। ਕਈਆਂ ਨੇ ਕੈਪਟਨ ਸਰਕਾਰ ਦੀ ਗਵਰਨਰੀ ਰਾਜ ਨਾਲ ਤੁਲਨਾ ਕੀਤੀ ਸੀ। ਮੰਤਰੀ ਮੰਡਲ ਦੀ ਮੀਟਿੰਗ ਤੋਂ ਪਹਿਲਾਂ ਮੰਤਰੀਆਂ ਦੇ ਮੁੱਖ ਸਕੱਤਰ ਨਾਲ ਤਕਰਾਰ ਦਾ ਮੁੱਦਾ ਵੀ ਅਫ਼ਸਰਸ਼ਾਹੀ ਦਾ ਕੰਮਕਾਜ ਹੀ ਸੀ ਤੇ ਮੰਤਰੀਆਂ ਨੇ ਜਦ ਅਫ਼ਸਰਸ਼ਾਹੀ ਦੀ ਦੁਖਦੀ ਰਗ ਉਪਰ ਹੱਥ ਧਰਦਿਆਂ ਪਿਛਲੇ ਸਾਲਾਂ ਦੌਰਾਨ ਸ਼ਰਾਬ ਮਾਲੀਏ ਵਿਚ ਘਾਟੇ ਦੀ ਜ਼ਿੰਮੇਵਾਰੀ ਮਿਥਣ ਦੀ ਗੱਲ ਕੀਤੀ ਤਾਂ ਮੁੱਖ ਸਕੱਤਰ ਤੈਸ਼ ਵਿਚ ਆ ਗਏ ਸਨ। ਪਾਰਟੀ ਅੰਦਰ ਆਗੂਆਂ ਨੂੰ ਇਹ ਗੱਲ ਹਜ਼ਮ ਨਹੀਂ ਆ ਰਹੀ ਕਿ “ਤੈਸ਼” ਵਿਚ ਆਉਣ ਦੀ ਤਾਂ ਮੁੱਖ ਸਕੱਤਰ ਨੇ ਮਾਫ਼ੀ ਮੰਗ ਲਈ ਤੇ ਮੰਤਰੀਆਂ ਨੇ ਮਾਫ਼ ਵੀ ਕਰ ਦਿੱਤਾ, ਪਰ ਬਾਕੀ ਮੁੱਦੇ ਇਸ ਮਾਫ਼ੀ ਵਿਚ ਕਿਵੇਂ ਰੁੜ ਗਏ ? ਸੁਚੇਤ ਕਾਂਗਰਸੀ ਹਲਕਿਆਂ ਵਿਚ ਚਰਚਾ ਹੈ ਕਿ ਮੁੱਖ ਮੰਤਰੀ ਜਿਸ ਤਰਾਂ ਪਿਛਲੇ ਸਾਲਾਂ ਤੋਂ ਅਫ਼ਸਰਸ਼ਾਹੀ ਨੂੰ ਮੂਹਰੇ ਲਗਾ ਕੇ ਕੰਮ ਚਲਾਉਂਦੇ ਆਏ ਹਨ ਤੇ ਚੁਣੇ ਪ੍ਰਤੀਨਿਧਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਕੀਤੀ ਜਾਂਦੀ, ਇਸ ਸੰਕਟ ਮੌਕੇ ਵੀ ਉਨਾਂ ਮੰਤਰੀਆਂ ਤੇ ਕੁਝ ਆਗੂਆਂ ਨੂੰ ਅੱਡੋਪਾਟ ਕਰਕੇ ਗੱਲ ਮੁੜ ਫਿਰ ਆਈ ਗਈ ਕਰ ਲਈ। ਮੰਤਰੀਆਂ ਤੇ ਅਫ਼ਸਰਸ਼ਾਹੀ ਵਿਚਕਾਰ ਪੇਚੇ ਦਾ ਨਿਪਟਾਰਾ ਬਾਬੂਸ਼ਾਹੀ ਦੀ ਚੜਤ ਵਾਲੇ ਪਾਸੇ ਹੋਣ ਨਾਲ ਪਾਰਟੀ ਦੇ ਧੁਰ ਹੇਠਾਂ ਤੱਕ ਨਿਰਾਸ਼ਤਾ ਤੇ ਬੇਭਰੋਸਗੀ ਪਸਰ ਗਈ ਹੈ। ਆਰ-ਪਾਰ ਦੀ ਲੜਾਈ ਦੇ ਦਮਗਜ਼ੇ ਮਾਰਨ ਵਾਲੇ ਕਈ ਵਿਧਾਇਕ ਤੇ ਮੰਤਰੀ, ਮੁੱਖ ਮੰਤਰੀ ਦੇ ਫਾਰਮ ਹਾਊਸ ਨੂੰ ਜਾਂਦਿਆਂ ਸਿਸਵਾਂ ਨਦੀ ਲੰਘਦਿਆਂ ਜਿਸ ਤਰਾਂ ਠੰਢੇ-ਸੀਲੇ ਹੋ ਗਏ, ਇਸ ਨੂੰ ਲੈ ਕੇ ਪਾਰਟੀ ਵਿਚ ਹੈਰਾਨਗੀ ਹੈ।

ਕਾਂਗਰਸ ਪਾਰਟੀ ਵਿਚ ਨਵੀਂ ਰੂਹ ਫੂਕਣ ਦੇ ਫੈਸਲੇ ਨਾਲ ਜਨਵਰੀ ਮਹੀਨੇ ਪਾਰਟੀ ਦੇ ਸੂਬਾਈ ਅਹੁਦੇਦਾਰ ਤੇ ਜ਼ਿਲਾ ਪ੍ਰਧਾਨ ਭੰਗ ਕਰ ਦਿੱਤੇ ਸਨ ਤੇ ਨਵਾਂ ਢਾਂਚਾ ਉਸਾਰਨ ਲਈ ਕਮੇਟੀ ਬਣਾਈ ਗਈ ਸੀ। ਪਰ ਲਗਦਾ ਹੈ ਜਿਵੇਂ ਕਾਂਗਰਸ ਅਹੁਦੇਦਾਰ ਮੁੜ ਬਣਾਉਣੇ ਹੀ ਭੁੱਲ ਗਈ ਜਾਂ ਫਿਰ ਉਸ ਨੂੰ ਲੋੜ ਹੀ ਨਹੀਂ ਰਹਿ ਗਈ। ਢਾਂਚਾ ਭੰਗ ਕਰਨ ਵੇਲੇ ਕਾਂਗਰਸ ਮੁਖੀ ਸੋਨੀਆ ਗਾਂਧੀ ਨੇ ਪੰਜਾਬ ਵਿਚ ਮੈਨੀਫੈਸਟੋ ਲਾਗੂ ਕਰਨ ਦੀ ਅਗਵਾਈ ਸਾਬਕਾ ਕੇਂਦਰੀ ਵਿੱਤ ਮੰਤਰੀ ਪੀ. ਚਿੰਦਬਰਮ ਤੇ ਕੁਮਾਰੀ ਸ਼ੈਲਜਾ ਨੂੰ ਸੌਂਪੀ ਗਈ ਸੀ, ਪਰ ਉਨਾਂ ਨੂੰ ਵੀ ਸ਼ਾਇਦ ਕਾਂਗਰਸ ਹਾਈਕਮਾਨ ਵਾਂਗ ਪੰਜਾਬ ਬਾਰੇ ਏਨਾ ਸਮਾਂ ਲੰਘ ਜਾਣ ਬਾਅਦ ਵੀ ਸੋਚਣ ਦਾ ਸਮਾਂ ਹੀ ਨਹੀਂ ਮਿਲਿਆ। ਨਵੇਂ ਅਹੁਦੇਦਾਰ ਥਾਪਣ ਲਈ ਬਣਾਈ ਕਮੇਟੀ ਨੇ ਵੀ ਕਦੇ ਮੀਟਿੰਗ ਤੱਕ ਨਹੀਂ ਕੀਤੀ।

ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੂੰ ਭਾਵੇਂ ਪ੍ਰਧਾਨ ਰਹਿਣ ਦਿੱਤਾ, ਪਰ ਅਕਾਲੀ-ਭਾਜਪਾ ਰਾਜ ਵੇਲੇ ਥਰਮਲ ਪਲਾਂਟਾਂ ਨਾਲ ਹੋਏ ਅਣਉਚਿਤ ਸਮਝੌਤਿਆਂ ਨੂੰ ਰੀਵਿਊ ਕਰਨ ਦੀ ਆਵਾਜ਼ ਉਠਾਉਣ ’ਤੇ ਜਿਸ ਤਰਾਂ ਉਨਾਂ ਨੂੰ ਅਪਮਾਨਿਤ ਹੋਣਾ ਪਿਆ, ਇਸ ਤਰਾਂ ਦੀ ਹਾਲਤ ਪਹਿਲਾਂ ਸ਼ਾਇਦ ਹੀ ਕਦੇ ਪੈਦਾ ਹੋਈ ਹੋਵੇ, ਉਹ ਤਿੰਨ ਦਿਨ ਮੁੱਖ ਮੰਤਰੀ ਦੀ ਰਿਹਾਇਸ਼ ਉਪਰ ਇਹ ਮਸਲਾ ਉਠਾਉਣ ਜਾਂਦੇ ਰਹੇ ਪਰ ਅੱਗੋਂ ਸਮਾਂ ਹੀ ਨਹੀਂ ਦਿੱਤਾ ਗਿਆ। ਪਤਾ ਲੱਗਾ ਹੈ ਕਿ ਮੌਜੂਦਾ ਸੰਕਟ ਸਮੇਂ ਜਦ ਦੋ ਵਿਧਾਇਕਾਂ ਤੇ ਮੰਤਰੀਆਂ ਨਾਲ ਸ੍ਰੀ ਜਾਖੜ ਮੁੱਖ ਮੰਤਰੀ ਦੇ ਫਾਰਮ ਵਿਚ “ਲੰਚ” ਕਰਨ ਗਏ ਤਾਂ ਵੀ ਉਨ੍ਹਾਂ ਦੀ ਕਿਸੇ ਗੱਲ ਨੂੰ ਨਹੀਂ ਗੌਲਿਆ ਗਿਆ। ਹੁਣ ਜਦ ਚੋਣਾਂ ਵਿਚ ਡੇਢ ਕੁ ਸਾਲ ਦਾ ਸਮਾਂ ਰਹਿ ਗਿਆ ਤਾਂ ਪਾਰਟੀ ਅੰਦਰ ਇਹ ਚਿੰਤਾ ਘਰ ਕਰ ਰਹੀ ਹੈ ਕਿ ਅਜਿਹੀ ਬੇਦਿਲੀ ਵਾਲੀ ਹਾਲਤ ਵਿਚ ਕੀ ਕਾਂਗਰਸ ਲੋਕਾਂ ਵਿਚ ਮੁੜ ਧੜੱਲੇ ਨਾਲ ਜਾ ਸਕੇਗੀ। ਪਾਰਟੀ ਦੇ ਬਹੁਤ ਸਾਰੇ ਆਗੂਆਂ ਨਾਲ ਹੋਈ ਗੱਲਬਾਤ ਤੋਂ ਲਗਦਾ ਹੈ ਕਿ ਮੁੱਖ ਮੰਤਰੀ ਦੀ ਕਾਰਜਸ਼ੈਲੀ ਵਿਰੁੱਧ ਸਿਰੇ ਦੀ ਨਾਰਾਜ਼ਗੀ ਦੇ ਬਾਵਜੂਦ ਵੀ ਨਾਰਾਜ਼ ਵਿਧਾਇਕਾਂ ਤੇ ਮੰਤਰੀਆਂ ਦੇ ਇਕ ਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਵਿਚ ਵੱਡੀ ਰੁਕਾਵਟ ਮਜ਼ਬੂਤ ਧੁਰੇ ਵਾਲੀ ਲੀਡਰਸ਼ਿਪ ਦੀ ਘਾਟ ਹੈ। ਪਾਰਟੀ ਅੰਦਰਲੇ ਕਿਸੇ ਵੀ ਆਗੂ ਨੇ ਨਿਰੰਤਰ ਇਸ ਮੁੱਦੇ ਉਪਰ ਸਟੈਂਡ ਲੈ ਕੇ ਪਾਰਟੀ ਅੰਦਰ ਕਤਾਰਬੰਦੀ ਕਰਨ ਦਾ ਯਤਨ ਨਹੀਂ ਕੀਤਾ। ਪਿਛਲੇ ਵਰੇ ਹੋਏ ਅਜਿਹੇ ਯਤਨ ਦੇ ਮੋਹਰੀਆਂ ਵਲੋਂ ਸਲਾਹਕਾਰ ਦੇ ਅਹੁਦੇ ਮੱਲ ਬੈਠਣ ਨਾਲ ਬੇਭਰੋਸਗੀ ਏਨੀ ਵਧ ਗਈ ਹੈ ਕਿ ਇਕ ਦੂਜੇ ਉਪਰ ਕੋਈ ਵੀ ਇਤਬਾਰ ਕਰਨ ਨੂੰ ਤਿਆਰ ਨਹੀਂ। ਇਹੀ ਕਾਰਨ ਹੈ ਮੌਜੂਦਾ ਸੰਕਟ ਮੌਕੇ ਕਦੇ ਚਾਰ ਮੰਤਰੀ ਵੀ ਸਿਰ ਜੋੜ ਕੇ ਨਹੀਂ ਬੈਠ ਸਕੇ। ਇਸ ਤਰਾਂ ਜਾਪਦਾ ਹੈ ਕਿ ਫਰਵਰੀ 2022 ਦੀਆਂ ਚੋਣਾਂ ਵਿਚ ਕਾਂਗਰਸ ਨੂੰ ਜ਼ਰੂਰ ਇਸ ਹਾਲਤ ਦਾ ਸੇਕ ਝੱਲਣਾ ਪੈ ਸਕਦਾ ਹੈ।

## ਦੱਰਿਆਂ ਤੇ ਦਰਿਆਵਾਂ ਸੰਗ - 6

# ਪਾਂਗ ਦੀ ਮਹਾਂਰਾਣੀ-ਸੋਨਮ



- ਪ੍ਰੀਤਮ ਰੁਪਾਲ

ਹੁਣ ਅਸੀਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ (ਲੱਦਾਖ) ਦੀ ਹੱਦ 'ਤੇ ਪਹੁੰਚ ਗਏ ਸਾਂ। ਸੱਜੇ ਪਾਸਿਓਂ ਸਰਚੂ ਚੋਟੀ ਵਲੋਂ ਆ ਰਹੇ ਇਕ ਨਾਲੇ ਦੇ ਪੁਲ ਉਪਰ ਆਈ.ਟੀ.ਬੀ.ਪੀ. ਅਤੇ ਜੰਮੂ ਕਸ਼ਮੀਰ ਪੁਲਿਸ ਦਾ ਸਾਂਝਾ ਬੈਰੀਅਰ ਸੀ। ਇਥੇ ਫਿਰ ਗੱਡੀਆਂ ਦੇ ਵੇਰਵੇ ਦਰਜ ਕੀਤੇ ਗਏ। ਅੱਗੇ ਲੰਘ ਕੇ ਫਿਰ ਖੁੱਲਾ ਮੈਦਾਨੀ ਇਲਾਕਾ ਆ ਗਿਆ। ਇਥੇ ਵੀ ਕੈਂਪਿੰਗ ਅਤੇ ਪ੍ਰਾਈਵੇਟ ਟੂਰਿਜ਼ਮ ਕੰਪਨੀਆਂ ਵਲੋਂ ਲਗਾਏ ਗਏ ਸੋਹਣੇ ਤੇ ਆਰਾਮਦੇਹ ਤੰਬੂਆਂ ਵਿਚ ਰਾਤ ਠਹਿਰਨ ਦਾ ਪ੍ਰਬੰਧ ਹੈ। ਇਸ ਥਾਂ ਦਾ ਨਾਂ ਤਿੰਗਤਿੰਗ ਖੁਰ ਹੈ। ਤਿੰਗਤਿੰਗ ਖੁਰ ਤੋਂ ਥੋੜਾ ਅੱਗੇ ਛੜਪ ਦਰਿਆ ਆ ਜਾਂਦਾ ਹੈ। ਅਸੀਂ ਯੁਨਮ ਅਤੇ ਛੜਪ ਦੇ ਸੰਗਮ ਕੋਲੋਂ ਛੜਪ ਦੇ ਮੁਹਾਣ ਵੱਲ ਮੁੜ ਗਏ ਅਤੇ ਅੱਗੇ ਜਾ ਕੇ ਇਕ ਲੋਹੇ ਦੇ ਪੁਲ ਰਾਹੀਂ ਦਰਿਆ ਪਾਰ ਕੀਤਾ ਅਤੇ ਫਿਰ ਖੱਬੇ ਦਰਿਆ ਦੇ ਵਹਿਣ ਵਾਲੇ ਪਾਸੇ ਸੜਕ ਮੁੜ ਗਈ। ਅਸਲ ਵਿਚ ਹੁਣ ਅਸੀਂ ਲੱਦਾਖ ਹਲਕੇ ਵਿਚ ਦਾਖ਼ਲ ਹੋ ਚੁੱਕੇ ਸਾਂ। ਛੜਪ ਦਰਿਆ ਹੀ ਹਿਮਾਚਲ ਅਤੇ ਜੰਮੂ ਕਸ਼ਮੀਰ ਵਿਚਕਾਰ ਸਰਹੱਦ ਬਣਾਉਂਦਾ ਹੈ। ਇਹ ਦਰਿਆ ਅੱਗੇ ਇਕ ਤੰਗ ਜਿਹੀ ਘਾਟੀ ਵਿਚੋਂ ਲੰਘ ਕੇ ਪਦਮ ਕਸਬੇ ਨੇੜੇ ਜ਼ਾਂਸਕਰ ਦਰਿਆ ਵਿਚ ਮਿਲ ਜਾਂਦਾ ਹੈ।

ਅਸੀਂ ਜਿਉਂ ਜਿਉਂ ਅੱਗੇ ਜਾ ਰਹੇ ਸਾਂ ਸਾਡੀ ਸੜਕ ਪਹਾੜੀ ਦੇ ਉਪਰ ਵੱਲ ਚੜਦੀ ਜਾ ਰਹੀ ਸੀ ਅਤੇ ਦਰਿਆ ਸਾਥੋਂ ਨੀਵਾਂ ਹੁੰਦਾ ਜਾ ਰਿਹਾ ਸੀ। ਦਰਿਆ ਦੇ ਪਾਰ ਹਿਮਾਚਲ ਪ੍ਰਦੇਸ਼ ਦਾ ਕਬਾਇਲੀ ਇਲਾਕਾ ਨਜ਼ਰ ਆ ਰਿਹਾ ਸੀ ਪਰ ਇਹ ਪਹਾੜੀਆਂ ਵੀ ਕੁਝ ਰੇਤਲੀਆਂ ਜਿਹੀਆਂ ਹਰੇ ਲਾਲ ਰੰਗ ਦੀਆਂ ਸਨ। ਸਾਡੀਆਂ ਗੱਡੀਆਂ ਸੱਜੇ ਪਾਸੇ ਪਹਾੜੀ ਤੇ ਬਣੀ ਲੱਛੇਦਾਰ ਸੜਕ 'ਤੇ ਉਪਰ ਚੜਨੀਆਂ ਸ਼ੁਰੂ ਹੋ ਗਈਆਂ। ਇਸ ਮੋੜਦਾਰ ਸੜਕ ਨੂੰ ਗਾਟਾ ਲੂਪਸ ਕਿਹਾ ਜਾਂਦਾ ਹੈ। ਇਸ ਦੀ ਉਚਾਈ 15320 ਫੁੱਟ ਹੈ। ਇਹ ਸੜਕ ਸਾਡੀਆਂ ਜੀਪਾਂ ਅਤੇ ਡਰਾਈਵਰਾਂ ਲਈ ਇਕ ਇਮਤਿਹਾਨ ਸੀ। ਪਿਛੇ ਲੰਘੀ ਛੜਪ ਅਤੇ ਯੁਨਮ ਦਰਿਅਵਾਂ ਦੀ ਵਾਦੀ ਵਿਚ ਤੇਜ਼ ਹਵਾਵਾਂ ਅਤੇ ਬਰਫ਼ ਦੇ ਖੋਰੇ ਨਾਲ ਬਣੀਆਂ ਮਿੱਟੀ ਦੀਆਂ ਕਲਾ ਕ੍ਰਿਤੀਆਂ ਵੀ ਵੇਖਣ ਵਾਲੀ ਚੀਜ਼ ਨੇ। ਇਸ ਤਰਾਂ ਲੱਗਦਾ ਹੈ ਜਿਵੇਂ ਕਿਸੇ ਬਹੁਤ ਹੀ ਤਜ਼ਰਬੇਕਾਰ ਕਲਾਕਾਰ ਨੇ ਇਹ ਰੇਤ ਦੀਆਂ ਮੂਰਤੀਆਂ ਬਣਾਈਆਂ ਹੋਣ। ਪਰ ਕੁਦਰਤ ਤੋਂ ਵੱਡਾ ਕਲਾਕਾਰ ਕਿਹੜਾ ਹੋ ਸਕਦਾ ਹੈ। ਕਈ ਥਾਈਂ ਤਾਂ ਇਹ ਕਲਾ ਕ੍ਰਿਤੀਆਂ ਅਜੰਤਾ ਇਲੋਰਾ ਦੀਆਂ ਮੂਰਤੀਆਂ ਵਾਂਗ ਜਾਪਦੀਆਂ ਹਨ।

ਗਾਟਾ ਲੂਪਸ ਪਾਰ ਕਰਕੇ ਅਸੀਂ ਪਹਾੜੀ ਦੇ ਐਨ ਉਪਰ ਆ ਗਏ ਅਤੇ ਨੱਕੀ ਲਾ ਦੱਰਾ ਆ ਗਿਆ। ਇਸ ਦੱਰੇ ਦੀ ਉਚਾਈ 15537 ਫੁੱਟ ਹੈ। ਇਸ ਨੂੰ ਨੱਕੀ ਟਾਪ ਵੀ ਕਿਹਾ ਜਾਂਦਾ ਹੈ। ਇਥੋਂ ਸੜਕ ਥੋੜੀ ਨਿਵਾਣ ਵੱਲ ਹੋ ਕੇ ਫਿਰ ਚੜਾਈ ਸ਼ੁਰੂ ਹੋ ਜਾਂਦੀ ਹੈ। ਉਧਰ ਦਿਨ ਵੀ ਢੱਲਣਾ ਸ਼ੁਰੂ ਹੋ ਗਿਆ ਸੀ। ਇਹ ਪਹਾੜੀਆਂ ਕੱਚੀਆਂ ਜਿਹੀਆਂ ਸਨ ਪਰ ਬਨਸਪਤੀ ਨਾ ਮਾਤਰ ਸੀ। ਦਰਖ਼ਤ ਦਾ ਤਾਂ ਨਾਮੋ ਨਿਸ਼ਾਨ ਕਿਤੇ ਨਹੀਂ ਸੀ ਬਸ ਨਿੱਕਾ ਨਿੱਕਾ ਵੰਨ ਸੁਵੰਨਾ ਘਾਹ ਅਤੇ ਕਿਤੇ ਕਿਤੇ ਛੋਟੀਆਂ ਝਾੜੀਆਂ ਸਨ। ਸੱਜੇ ਪਾਸਿਓਂ ਆ ਰਹੀ ਪਹਾੜੀ ਧਾਰ ਨੂੰ ਲਾਚੂਲੁੰਗ ਲਾ (ਦੱਰੇ) ਤੋਂ ਪਾਰ ਕੀਤਾ। ਲਾ ਅਸਲ ਵਿਚ ਤਿੱਬਤੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਦੱਰਾ ਹੀ ਹੁੰਦਾ ਹੈ। ਲਾਚੂਲੁੰਗ ਲਾ ਦੀ ਉਚਾਈ 16616 ਫੁੱਟ ਹੈ। ਦੱਰਾ ਪਾਰ ਕਰ ਕੇ ਅਸੀਂ ਹੇਠਾਂ ਪਾਂਗ ਵੱਲ ਉਤਰਨ ਲੱਗੇ। ਥੋੜੇ ਅੱਗੇ ਜਾ ਕੇ ਫਿਰ ਰੋਹਿਤ ਦੀ ਨਜ਼ਰ ਜੰਗਲੀ ਜਾਨਵਰਾਂ ਦੇ ਝੁੰਡ 'ਤੇ ਪਈ। ਅਸੀਂ ਗੱਡੀਆਂ ਰੋਕ ਲਈਆਂ। ਭੇਡੂ (ਆਈਬੈਕਸ) ਅਤੇ ਹਿਰਨ ਦੀ ਜਾਤੀ ਦੇ ਇਹ 19 ਜਾਨਵਰ ਬੇ ਖੌਫ਼ ਹੋ ਕੇ ਘਾਹ ਚਰ ਰਹੇ ਸਨ। ਸਾਡੇ ਸਾਥੀਆਂ ਨੇ ਇਸ ਝੁੰਡ ਦੀਆਂ ਤਸਵੀਰਾਂ ਖਿੱਚੀਆਂ। ਹਲਕੇ ਸਲੇਟੀ ਰੰਗ ਅਤੇ ਗੋਲਾਈਦਾਰ ਸਿੰਗਾਂ ਵਾਲੇ ਇਹ ਜਾਨਵਰ ਵੇਖਕੇ ਬਹੁਤ ਹੀ ਅਨੰਦ ਆਇਆ। ਰੋਹੀ ਬੀਆਬਨ ਵਿਚ ਇਹ ਜਾਨਵਰ ਦੇਖ ਕੇ ਇਹਨਾਂ ਰੁੰਡ ਮਰੁੰਡ ਪਹਾੜਾਂ ਵਿਚ ਜ਼ਿੰਦਗੀ ਦਾ ਅਹਿਸਾਸ ਹੋ ਰਿਹਾ ਸੀ। ਜਿਉਂ ਜਿਉਂ ਅਸੀਂ ਪਾਂਗ ਦੇ ਨੇੜੇ ਜਾ ਰਹੇ ਸਾਂ, ਦਿਨ ਛਿਪਦਾ ਜਾ ਰਿਹਾ ਸੀ। ਪਹਾੜਾਂ ਵਿਚ ਸੂਰਜ ਡੁੱਬਣ 'ਤੇ ਅਚਾਨਕ ਹਨੇਰਾ ਉੱਤਰ ਆਉਂਦਾ ਹੈ ਕਿਉਂਕਿ ਇਥੇ ਡੁਬਦੇ ਸੂਰਜ ਦੀ ਲੋਅ ਨਹੀਂ ਹੁੰਦੀ। ਸਾਡੀਆਂ ਜੀਪਾਂ ਤੇਜ਼ੀ ਨਾਲ ਹੇਠਾਂ ਵਾਦੀ ਵੱਲ ਜਾ ਰਹੀਆਂ ਸਨ। ਅੱਗੇ ਇਕ ਨਾਲਾ ਆ ਗਿਆ ਜਿਸ ਦਾ ਪਾਣੀ ਬਿਲਕੁਲ ਸਾਫ਼ ਸੀ ਅਤੇ ਅਸੀਂ ਇਸ ਦੇ ਨਾਲ ਨਾਲ ਜਾ ਰਹੇ ਸਾਂ। ਅੱਗੋਂ ਇਹ ਘਾਟੀ ਬਿਲਕੁਲ ਤੰਗ ਹੋ ਗਈ ਤੇ ਪਥਰੀਲੀਆਂ ਪਹਾੜੀਆਂ ਸ਼ੁਰੂ ਹੋ ਗਈਆਂ। ਸਾਡੇ ਨਾਲ ਜਾ ਰਿਹਾ ਨਾਲਾ ਅੱਗੋਂ ਇਕ ਕਾਜ਼ਵੇ ਰਾਹੀਂ ਸੜਕ ਉਪਰੋਂ ਲੰਘਦਾ ਸੀ। ਇਹ ਕਾਜ਼ਵੇ ਪਾਰ ਕਰਦੇ ਸਮੇਂ ਪਤਾ ਲੱਗਾ ਕਿ ਪਾਣੀ ਕਿੰਨਾ ਤੇਜ਼ ਅਤੇ ਗਹਿਰਾ ਸੀ। ਸਾਡੀਆਂ ਦੋ ਜੀਪਾਂ ਤਾਂ ਲੰਘ ਗਈਆਂ ਪਰ ਤੀਜੀ ਫਸ ਗਈ। ਉਪਰੋਂ ਹਨੇਰਾ ਹੋ ਚੁੱਕਾ ਸੀ। ਨਾਲੇ ਦਾ ਪਾਣੀ ਵਧਦਾ ਜਾ ਰਿਹਾ ਸੀ। ਮੈਂ ਤੇ ਦੀਪਕ ਨੇ ਬੂਟ ਉਤਾਰ ਕੇ ਆਪਸ ਵਿਚ ਹੱਥ ਫੜ ਕੇ ਪਾਣੀ ਪਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਪਿਛੇ ਪਾਣੀ ਵਿਚ ਫਸੀ ਜੀਪ ਕੱਢਣ ਵਿਚ ਕੋਈ ਮਦਦ ਕੀਤੀ ਜਾ ਸਕੇ। ਪਾਣੀ ਤੇਜ਼ ਅਤੇ ਠੰਢਾ ਸੀ ਸਾਡੀਆਂ ਲੱਤਾ ਸੁੰਨ ਹੋ ਗਈਆਂ। ਅਸੀਂ ਪੰਜ ਸੱਤ ਮੀਟਰ ਅੱਗੇ ਗਏ ਅਤੇ ਵਾਹ ਨਾ ਲੱਗਦੀ ਵੇਖ ਵਾਪਸ ਆ ਗਏ। ਫਿਰ ਤੇਜਿੰਦਰ ਸਹਿਗਲ ਨੇ ਹਿੰਮਤ ਕੀਤੀ ਉਸਨੂੰ ਰੱਸਾ ਦਿੱਤਾ ਗਿਆ ਪਰ ਉਹ ਵੀ ਵਿਚਕਾਰ ਜਾ ਕੇ ਡੋਲ ਗਿਆ ਅਤੇ ਪਾਣੀ ਦੇ ਤੇਜ਼ ਵਹਾਅ 'ਚ ਸੰਭਲਦਾ ਰੱਸੇ ਸਮੇਤ ਵਾਪਸ ਆ ਗਿਆ।



ਇੰਨੇ ਵਿਚ ਪਾਂਗ ਪਾਲੇ ਪਾਸਿਓਂ ਹਿਮਾਚਲ ਦਾ ਇਕ ਟਰੱਕ ਆ ਗਿਆ, ਅਸੀਂ ਉਹਨਾਂ ਨੂੰ ਬੇਨਤੀ ਕੀਤੀ ਪਰ ਡਰਾਈਵਰ ਕਹਿਣ ਲੱਗਾ ਕਿ ਉਹ ਨਾਲੇ ਦੇ ਵਿਚਕਾਰ ਗੱਡੀ ਰੋਕਣ ਦਾ ਜ਼ੋਖ਼ਮ ਨਹੀਂ ਉਠਾ ਸਕਦਾ ਸੀ। ਦੂਜੇ ਪਾਸੇ ਇਕ ਹੋਰ ਸੂਮੋ ਜੀਪ ਆ ਗਈ ਸੀ ਜੋ ਮਨਾਲੀ ਤੋਂ ਟੂਰ ਪੈਕੇਜ ਵਾਲੀ ਕਿਸੇ ਕੰਪਨੀ ਦੀ ਸੀ। ਉਹਨਾਂ ਨੇ ਵੀ ਜੀਪ ਕਢਵਾਉਣ ਵਿਚ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਫਿਰ ਟਰੱਕ ਵਾਲੇ ਰੱਸਾ ਦੇਣ ਲਈ ਮੰਨ ਗਏ। ਮੈਂ ਟਰੱਕ ਦੇ ਬੋਨਟ ਦੀ ਇਕ ਸਾਈਡ 'ਤੇ ਬਾਰੀ ਨੂੰ ਹੱਥ ਪਾ ਕੇ ਖੜਾ ਹੋਇਆ ਅਤੇ ਟਰੱਕ ਨੂੰ ਪਾਣੀ ਦੇ ਅੱਧ ਤੱਕ ਲਿਜਾ ਕੇ ਉਹਨਾਂ ਵੱਲ ਰੱਸਾ ਵਗਾਹ ਕੇ ਸੁਟਿਆ। ਰੱਸੇ ਦੀ ਮਦਦ ਨਾਲ ਪਿਛਲੀ ਸੂਮੋ ਜੀਪ ਨੇ ਗੱਡੀ ਪਿਛੇ ਹੀ ਖਿੱਚ ਲਈ ਅਤੇ ਇਧਰੋਂ ਟਰੱਕ ਵਿਚ ਬੈਠ ਕੇ ਦੂਜੇ ਪਾਸੇ ਪਹੁੰਚੇ ਸਾਡੀ ਗੱਡੀ ਦੇ ਡਰਾਈਵਰ ਤਰਸੇਮ ਨੇ ਜੀਪ ਥੋੜੀ ਘੁਮਾ ਕੇ ਨਾਲੇ ਵਿਚੋਂ ਕੱਢ ਲਿਆਂਦੀ।

ਸਾਡੀ ਅਗਲੀ ਮੰਜ਼ਿਲ ਪਾਂਗ ਸੀ। ਪਾਂਗ ਦਰਅਸਲ ਕਿਸੇ ਪਿੰਡ ਜਾਂ ਕਸਬੇ ਦਾ ਨਾਂ ਨਹੀਂ। ਤੰਗਲੰਗ ਲਾ ਦੀ ਚੜਾਈ ਤੋਂ ਪਹਿਲਾਂ 65 ਕੁ ਕਿਲੋਮੀਟਰ ਦੀ ਦੂਰੀ 'ਤੇ ਇਕ ਵੱਡਾ ਫ਼ੌਜੀ ਕੈਂਪ ਹੈ। ਇਥੇ ਰੈਗੂਲਰ ਆਰਮੀ ਤੋਂ ਇਲਾਵਾ ਗਰੈੱਫ ਵਾਲਿਆਂ ਦਾ ਕੈਂਪ ਵੀ ਹੈ ਜੋ ਸੜਕਾਂ ਦਾ ਰੱਖ ਰਖਾਅ ਕਰਦੇ ਹਨ। ਇਸ ਵੱਡੇ ਪਹਾੜੀ ਨਾਲੇ ਦੇ ਕਿਨਾਰੇ ਹੀ ਲੱਦਾਖੀਆਂ ਦੇ ਕੁਝ ਢਾਬੇ ਹਨ। ਇਹਨਾਂ ਵਿਚੋਂ ਸੋਨਮ ਦਾ ਢਾਬਾ ਸਭ ਤੋਂ ਮਸ਼ਹੂਰ ਹੈ। ਇਹ ਢਾਬੇ ਔਰਤਾਂ ਅਤੇ ਕੁੜੀਆਂ ਹੀ ਚਲਾਉਂਦੀਆਂ ਹਨ। ਸੋਨਮ ਮਿਲਾਪੜੇ ਸੁਭਾਅ ਵਾਲੀ ਔਰਤ ਹੋਣ ਕਰਕੇ ਸੈਲਾਨੀ ਉਸ ਦੇ ਢਾਬੇ ਵਿਚ ਖਾਣਾ ਪੀਣਾ ਅਤੇ ਠਹਿਰਨਾ ਵਧੇਰੇ ਪਸੰਦ ਕਰਦੇ ਹਨ। ਸਾਨੂੰ ਚੰਡੀਗੜ ਚੱਲਣ ਵੇਲੇ ਸਾਡੇ ਇਕ ਦੋਸਤ ਪ੍ਰੈਸ ਫੋਟੋਗ੍ਰਾਫਰ ਅਜੇ ਜਲੰਧਰੀ, ਜੋ ਪਹਿਲਾਂ ਲੱਦਾਖ ਹੋ ਕੇ ਆਇਆ ਸੀ ਨੇ, ਸੋਨਮ ਬਾਰੇ ਦੱਸਿਆ ਹੋਇਆ ਸੀ। ਅਸੀਂ ਇਹਨਾਂ ਢਾਬਿਆਂ ਕੋਲ ਗੱਡੀਆਂ ਖੜੀਆਂ ਕੀਤੀਆਂ ਤੇ ਸੋਨਮ ਬਾਰੇ ਪੁੱਛਿਆ। ਇਥੇ ਤਿੰਨ ਚਾਰ ਸੋਨਮ ਢਾਬੇ ਖੁੱਲੇ ਹੋਏ ਸਨ। ਫਿਰ ਅਸਲੀ ਸੋਨਮ ਆਈ। ਉਸਨੇ ਮੁਸਕਰਾ ਕੇ ਸਾਨੂੰ ਖੁਸ਼ਆਮਦੀਦ ਅਤੇ ਤਿੱਬਤੀ ਬੋਲੀ ਵਿਚ 'ਜੂਲੇ ਜੂਲੇ' ਕਿਹਾ। ਉਸ ਨੇ ਕਿਹਾ ਕਿ ਖਾਣਾ ਤੁਸੀਂ ਮੇਰੇ ਢਾਬੇ ਤੋਂ ਖਾ ਸਕਦੇ ਹੋ ਪਰ ਠਹਿਰਨ ਦਾ ਪ੍ਰਬੰਧ ਕਿਸੇ ਹੋਰ ਢਾਬੇ ਵਿਚ ਕਰਨਾ ਪਏਗਾ ਕਿਉਂਕਿ ਉਸ ਦੇ ਦੋਵੇਂ ਟੈਂਟ ਬੁੱਕ ਹੋ ਚੁੱਕੇ ਸਨ। ਉਸੇ ਨੇ ਸਾਡੇ ਠਹਿਰਨ ਦਾ ਇੰਤਜ਼ਾਮ ਕੀਤਾ। ਇਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਇਹ ਢਾਬੇ ਅਤੇ ਤੰਬੂ ਨੁਮਾ ਹੋਟਲ ਭਾਵੇਂ ਔਰਤਾਂ ਅਤੇ ਜਵਾਨ ਕੁੜੀਆਂ ਚਲਾਉਂਦੀਆਂ ਹਨ ਪਰ ਕਿਰਦਾਰ ਪੱਖੋਂ ਇਹ ਬਹੁਤ ਹੀ ਉਚੀਆਂ ਸੁੱਚੀਆਂ ਹਨ। ਇਹ ਆਉਣ ਵਾਲੇ ਸੈਲਾਨੀਆਂ ਨੂੰ ਮਾਵਾਂ ਭੈਣਾਂ ਤੇ ਧੀਆਂ ਵਰਗਾ ਸਨੇਹ ਅਤੇ ਪਿਆਰ ਦਿੰਦੀਆਂ ਹਨ। ਇਥੋਂ ਤੱਕ ਕਿ ਸੈਲਾਨੀਆਂ ਨੂੰ ਸ਼ਰਾਬ ਵਗੈਰਾ ਵੀ ਵਰਤਾ ਦਿੰਦੀਆਂ ਹਨ। ਪਰ ਇਹਨਾਂ ਵੱਲ ਭੈੜੀ ਨਜ਼ਰ ਨਾਲ ਵੇਖਣ ਦੀ ਕਿਸੇ ਦੀ ਹਿੰਮਤ ਹੀ ਨਹੀਂ ਪੈਂਦੀ। ਇਹਨਾਂ ਦੇ ਮਰਦ ਵੀ ਨਾਲ ਹੀ ਰਹਿੰਦੇ ਹਨ ਪਰ ਉਹ ਇਹਨਾਂ ਦੇ ਕੰਮ ਕਾਰ ਵਿਚ ਕੋਈ ਦਖ਼ਲ ਨਹੀਂ ਦਿੰਦੇ। ਜਿਹੜੇ ਢਾਬੇ 'ਤੇ ਅਸੀਂ ਰੁਕੇ ਸਾਂ ਉਸ ਨੂੰ ਇਕ ਵੱਡੇਰੀ ਉਮਰ ਦੀ ਔਰਤ ਅਤੇ ਉਸ ਦੀ ਪੋਤੀ ਪਿੰਕੀ ਚਲਾ ਰਹੀਆਂ ਸਨ। ਉਹ ਬੋਧੀ ਸਨ। ਇਹ ਕੁੜੀ ਪੜਦੀ ਸੀ ਤੇ ਹੁਣ ਛੁੱਟੀਆਂ ਹੋਣ ਕਰਕੇ ਆਪਣੀ ਦਾਦੀ ਨਾਲ ਢਾਬੇ ਦੇ ਕੰਮ ਵਿਚ ਹੱਥ ਵਟਾ ਰਹੀ ਸੀ। ਉਹਨਾਂ ਨੇ ਸਾਨੂੰ ਦਾਲ ਚੌਲ ਅਤੇ ਕੁਝ ਰੋਟੀਆਂ ਬਣਾ ਕੇ ਖੁਆਈਆਂ। ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹ ਜੂਨ ਤੋਂ ਸਤੰਬਰ, ਅਕਤੂਬਰ ਤੱਕ ਪੰਜ ਕੁ ਮਹੀਨੇ ਇਹ ਕਾਰੋਬਾਰ ਕਰਦੇ ਹਨ ਤੇ ਫਿਰ ਆਪਣੇ ਤੰਬੂ ਵਗੈਰਾ ਸਮੇਟ ਕੇ ਆਪਣੇ ਪਿੰਡਾਂ ਕਸਬਿਆਂ ਨੂੰ ਚਲੇ ਜਾਂਦੇ ਹਨ। ਸਰਦੀਆਂ ਵਿਚ ਇਥੇ ਬਹੁਤ ਜਿਆਦਾ ਬਰਫ਼ ਪੈਂਦੀ ਹੈ। ਰਾਤ ਦਾ ਖਾਣਾ ਖਾ ਕੇ ਸਾਰੇ ਨਾਲ ਲੱਗਦੇ ਤੰਬੂ ਵਿਚ ਵਿਛੇ ਗਦੈਲਿਆਂ ਉਪਰ ਲੇਟਦੇ ਗਏ। ਪਹਿਲੀ ਵਾਰ ਲੰਬਾ ਸਫ਼ਰ ਕੀਤਾ ਹੋਣ ਕਾਰਨ ਅਤੇ ਆਕਸੀਜਨ ਦੀ ਮਾਤਰਾ ਘੱਟ ਹੋਣ ਕਰਕੇ ਥਕਾਵਟ ਮਹਿਸੂਸ ਹੋ ਰਹੀ ਸੀ। ਮੈਂ ਤੇ ਸੁਖਬੀਰ ਇਕੋ ਰਜਾਈ ਵਿਚ ਲੇਟ ਗਏ। ਠੰਢ ਏਨੀ ਸੀ ਕਿ ਰਜਾਈਆਂ ਅਤੇ ਗਰਮ ਕੱਪੜਿਆਂ ਵਿਚ ਵੀ ਮਹਿਸੂਸ ਹੋ ਰਹੀ ਸੀ। ਲੇਟੇ ਲੇਟੇ ਕੱਲ ਲੇਹ ਪਹੁੰਚ ਕੇ, ਪੈਂਗੌਂਗ ਝੀਲ ਤੱਕ ਪੁੱਜਣ ਦਾ ਪ੍ਰੋਗਰਾਮ ਬਣਾਇਆ। ਹੁਣ ਅੱਗੇ ਰਸਤੇ ਬੰਦ ਹੋਣ ਦਾ ਕੋਈ ਖ਼ਦਸ਼ਾ ਨਹੀਂ ਸੀ। ਥੱਕੇ ਹੋਣ ਦੇ ਬਾਵਜੂਦ ਵੀ ਨੀਂਦ ਨਹੀਂ ਸੀ ਆ ਰਹੀ ਕਿਉਂਕਿ ਲੇਟਿਆਂ ਹੋਇਆਂ ਸਰੀਰ ਨੂੰ ਆਕਸੀਜਨ ਹੋਰ ਵੀ ਘੱਟ ਮਿਲ ਰਹੀ ਸੀ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES

03 ਜੂਨ 2020 ਤੋਂ 09 ਜੂਨ 2020

# ਮਨੁੱਖੀ ਹੱਕ ਤੇ ਨਸਲਪ੍ਰਸਤੀ

ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਵੱਧ ਵਿਕਸਤ, ਜਮਹੂਰੀ ਅਤੇ ਮਾਨਵੀ ਕਦਰਾਂ ਕੀਮਤਾਂ ਵਾਲਾ ਮੁਲਕ ਮੰਨਿਆ ਜਾਂਦਾ ਹੈ। ਕਈ ਖੇਤਰਾਂ ਵਿਚ ਇਹ ਗੱਲ ਸਹੀ ਵੀ ਹੈ ਅਤੇ ਇਹ ਵੀ ਮੰਨਣਾ ਪਵੇਗਾ ਕਿ ਇਸ ਦੇਸ਼ ਦੇ ਕਾਇਦੇ ਕਾਨੂੰਨ ਅਤੇ ਸ਼ਹਿਰੀਆਂ ਵਿਚ ਕਾਨੂੰਨ ਪਾਲਣ ਦੀ ਪ੍ਰਵਿਰਤੀ ਅਮੂਮਨ ਹੋਰਨਾਂ ਮੁਲਕਾਂ ਨਾਲੋਂ ਵਧੇਰੇ ਹੈ। ਪਰ ਮਨੁੱਖੀ ਜਾਂ ਵਿਅਕਤੀਗਤ ਪੱਧਰ 'ਤੇ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਸਾਰੀਆਂ ਚੰਗੀਆਂ ਵਿਸ਼ੇਸ਼ਤਾਵਾਂ ਲਈ ਚੁਣੌਤੀ ਬਣ ਜਾਂਦੀਆਂ ਹਨ। 25 ਮਈ ਦੀ ਸ਼ਾਮ ਨੂੰ ਅਮਰੀਕਾ ਦੇ ਜੌੜੇ ਸ਼ਹਿਰ ਵਜੋਂ ਜਾਣੇ ਜਾਂਦੇ ਮਿਨੀਪੋਲਿਸ ਵਿਚ ਇਕ ਪੁਲਿਸ ਅਧਿਕਾਰੀ ਵਲੋਂ ਇਕ ਨਾਗਰਿਕ ਦੀ ਹੱਤਿਆ ਸਿਰਫ਼ ਮਨੁੱਖੀ ਹੱਕਾਂ ਦੀ ਅਣਦੇਖੀ ਵੱਲ ਹੀ ਇਸ਼ਾਰਾ ਨਹੀਂ ਕਰਦੀ ਸਗੋਂ ਦੇਸ਼ ਦੇ ਬਹੁ ਨਸਲੀ ਅਤੇ ਬਹੁ ਸੱਭਿਆਚਾਰਕ ਪ੍ਰਬੰਧ ਉਪਰ ਵੀ ਉਂਗਲ ਉਠਾਉਂਦੀ ਹੈ। ਇਕ ਗੋਰੇ ਪੁਲਿਸ ਅਧਿਕਾਰੀ ਵਲੋਂ ਇਕ ਸਿਆਹਫਾਮ ਨੂੰ ਹਿਰਾਸਤ ਦੌਰਾਨ ਮਾਰਿਆ ਜਾਣਾ ਅਤੇ ਬਾਅਦ ਵਿਚ ਇਸ ਦਾ ਪ੍ਰਤੀਕਰਮ ਦੇਸ਼ ਦੇ ਜਿੰਮੇਵਾਰੀ ਅਧਿਕਾਰੀਆਂ ਦੀ ਮਾਨਸਿਕਤਾ ਅਤੇ ਨਸਲਪ੍ਰਸਤੀ ਦੋਹਾਂ ਦਾ ਮੁਜ਼ਾਹਰਾ ਕਰਦਾ ਹੈ। ਅਮਰੀਕਾ ਵਿਚ 9/11 ਦੇ ਦਹਿਸ਼ਤੀ ਹਮਲੇ ਤੋਂ ਬਾਅਦ ਅਨੇਕਾਂ ਦਸਤਾਰਧਾਰੀ ਸਿੱਖਾਂ ਦੀਆਂ ਹੱਤਿਆਵਾਂ ਕੁਝ ਸਿਰਫਿਰਿਆਂ ਵਲੋਂ ਹੋ ਚੁੱਕੀਆਂ ਹਨ ਜਿਨਾਂ ਨੂੰ ਜਾਂ ਤਾਂ ਗ਼ਲਤ ਪਛਾਣ ਕਹਿ ਕੇ ਟਾਲਾ ਵੱਟਿਆ ਗਿਆ ਅਤੇ ਜਾਂ ਫਿਰ ਹਤਿਆਰਿਆਂ ਨੂੰ ਮਾਨਸਿਕ ਤੌਰ 'ਤੇ ਬੀਮਾਰ ਦੱਸ ਕੇ ਬਹੁਤੀਆਂ ਵਾਰਦਾਤਾਂ ਨੂੰ ਨਸਲੀ ਹਿੰਸਾ ਦੇ ਕਾਨੂੰਨ ਤੋਂ ਪਰੇ ਰੱਖਿਆ ਗਿਆ। ਸਿਆਹਫਾਮ ਨੌਜਵਾਨ ਜਾਰਜ ਫਲਾਇਡ ਨੂੰ ਹਿਰਾਸਤ ਵਿਚ ਲੈਣ ਦੇ ਕੁਝ ਸਮੇਂ ਵਿਚ ਹੀ ਪੁਲਿਸ ਅਧਿਕਾਰੀ ਵਲੋਂ ਉਸ ਦੀ ਧੌਣ ਤੇ ਗੋਡਾ ਰੱਖ ਕੇ ਮਾਰਿਆ ਜਾਣਾ ਨਿੰਦਣਯੋਗ ਤਾਂ ਹੈ ਹੀ ਪਰ ਇਸ ਦੇ ਪਿੱਛੇ ਖੜੀ ਨਸਲੀ ਮਾਨਸਿਕਤਾ ਦੀ ਘੋਖ ਦੀ ਜ਼ਰੂਰਤ ਹੈ। ਇਸ ਘਟਨਾ ਮਗਰੋਂ ਜਿਸ ਤਰੀਕੇ ਨਾਲ ਜਮਹੂਰੀ ਜਥੇਬੰਦੀਆਂ ਅਤੇ ਆਮ ਸ਼ਹਿਰੀਆਂ ਨੇ ਪੂਰੇ ਦੇਸ਼ ਵਿਚ ਰੋਸ ਵਿਖਾਵੇ ਕੀਤੇ ਹਨ ਜੋ ਕਈ ਥਾਵੀਂ ਅਗਜ਼ਨੀ ਅਤੇ ਭੰਨ ਤੋੜ ਦੀਆਂ ਘਟਨਾਵਾਂ ਵਿਚ ਵੀ ਬਦਲ ਗਏ, ਇਸ ਤੋਂ ਲੋਕਾਂ ਵਿਚ ਇਸ ਘਟਨਾ ਪ੍ਰਤੀ ਗੁੱਸੇ ਦਾ ਅੰਦਾਜਾ ਲਾਇਆ ਜਾ ਸਕਦਾ ਹੈ। ਇੱਥੇ ਮਸਲਾ ਕਿਸੇ ਘਟਨਾ ਪ੍ਰਤੀ ਨੋਟਿਸ ਲੈਣ ਜਾਂ ਨਾ ਲੈਣ ਦਾ ਨਹੀਂ ਮਸਲਾ ਤਾਂ ਇਹ ਹੈ ਕਿ ਜਿਸ ਮੁਲਕ ਦੀ ਪੁਲਿਸ ਨੂੰ ਸਭ ਤੋਂ ਵੱਧ ਸਤਰਕ ਅਤੇ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ, ਉਥੋਂ ਦੀ ਪੁਲਿਸ ਦੇ ਅਧਿਕਾਰੀ ਵਲੋਂ ਅਜਿਹਾ ਅਸੰਵੇਦਨਸ਼ੀਲ ਅਤੇ ਅਣਮਨੁੱਖੀ ਕਾਰਾ ਕੀਤਾ ਜਾਵੇ ਕਿ ਸਮੁੱਚੇ ਪੁਲਿਸ ਤੰਤਰ ਉਪਰ ਹੀ ਉਂਗਲੀ ਉਠੇ ਤਾਂ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਕਿ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲੇਗਾ। ਜੇ ਜਾਰਜ ਫਲਾਇਡ ਦੇ ਪੁਲਿਸ ਹਿਰਾਸਤ ਵਿਚ ਮਾਰੇ ਜਾਣ ਦੀ ਘਟਨਾ ਨੂੰ ਨਸਲਪ੍ਰਸਤੀ ਤੋਂ ਪਾਸੇ ਰੱਖ ਕੇ ਵੀ ਵਿਚਾਰਿਆ ਜਾਵੇ ਤਾਂ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਇਸ ਤੋਂ ਵੱਡਾ ਸਬੂਤ ਹੋਰ ਕੋਈ ਨਹੀਂ ਹੋ ਸਕਦਾ ਕਿਉਂਕਿ ਇਸ ਘਟਨਾ ਵਿਚ ਇਕ ਪੁਲਿਸ ਵਾਲਾ ਨਹੀਂ ਸੀ ਸਗੋਂ ਚਾਰ ਸਨ, ਜੋ ਮਨੁੱਖੀ ਜਿੰਦਗੀ ਉਪਰ ਕਿਸੇ ਕਿਸਮ ਦੇ ਤਸੀਹਿਆਂ ਦੇ ਨਤੀਜਿਆਂ ਸਬੰਧੀ ਸਿਖਲਾਈਯਾਫ਼ਤਾ ਸਨ ਪਰ ਉਨਾਂ ਵਿਚੋਂ ਕਿਸੇ ਨੇ ਵੀ ਪੁਲਿਸ ਅਧਿਕਾਰੀ ਡਰੇਕ ਸ਼ੋਵਿਨ ਨੂੰ ਅਜਿਹਾ ਕਰਨ ਤੋਂ ਨਹੀਂ ਰੋਕਿਆ। ਪੁਲਿਸ ਅਧਿਕਾਰੀਆਂ ਨੇ ਜਾਰਜ ਦੀ ਮੌਤ ਮਗਰੋਂ ਇਹ ਕਹਿੰਦਿਆਂ ਆਪਣੀ ਸਫ਼ਾਈ ਦਿੱਤੀ ਕਿ ਉਸ ਦੀ ਮੌਤ ਸਮੇਂ ਸਿਰ ਡਾਕਟਰੀ ਸਹਾਇਤਾ ਦੀ ਘਾਟ ਕਾਰਨ ਹੋਈ ਹੈ। ਭਾਵੇਂ ਮਿਨੀਪੋਲਿਸ ਦੇ ਮੇਅਰ ਜੈਕਬ ਫਰੇਅ ਨੇ ਤੁਰੰਤ ਹੀ ਇਨਾਂ ਅਧਿਕਾਰੀਆਂ ਨੂੰ ਨੌਕਰੀ ਵਿਚੋਂ ਹਟਾਉਣ ਬਾਰੇ ਬਿਆਨ ਦਿੱਤਾ ਸੀ ਪਰ ਦੋਸ਼ੀ ਅਧਿਕਾਰੀ ਨੂੰ ਲੋਕਾਂ ਦੇ ਦਬਾਅ ਮਗਰੋਂ ਹੀ ਗ੍ਰਿਫ਼ਤਾਰ ਕੀਤਾ ਗਿਆ। ਬਹੁਤੇ ਮੁਜ਼ਾਹਰਾਕਾਰੀ ਅਤੇ ਮਨੁੱਖੀ ਆਜ਼ਾਦੀ ਸਬੰਧੀ ਜਥੇਬੰਦੀਆਂ ਇਸ ਘਟਨਾ ਨੂੰ ਭਾਵੇਂ ਨਸਲਪ੍ਰਸਤੀ ਨਾਲ ਜੋੜ ਰਹੀਆਂ ਹਨ ਪਰ ਰੋਸ ਮੁਜ਼ਾਹਰੇ ਕਰਨ ਵਾਲਿਆਂ ਵਿਚ ਸਾਰੀਆਂ ਨਸਲਾਂ, ਗੋਰੇ, ਸਿਆਹਫਾਮ, ਏਸ਼ੀਅਨ ਦੇ ਲੋਕ ਸ਼ਾਮਲ ਹਨ। ਕਾਨੂੰਨੀ ਅਤੇ ਰਾਜਨੀਤਕ ਤੌਰ 'ਤੇ ਬਿਨਾਂ ਸ਼ੱਕ ਇਹ ਮਾਮਲਾ ਮਨੁੱਖੀ ਹੱਕਾਂ ਦੀ ਉਲੰਘਣਾ ਤੇ ਕਾਨੂੰਨ ਦੇ ਹੱਥਾਂ ਵਿਚ ਹੱਤਿਆ ਨਾਲ ਸਬੰਧਤ ਹੈ। ਭਾਰਤ ਵਰਗੇ ਮੁਲਕਾਂ ਵਿਚ ਹਿਰਾਸਤੀ ਮੌਤ, ਝੂਠੇ ਪੁਲਿਸ ਮੁਕਾਬਲੇ ਅਤੇ ਪੁਲਿਸ ਅੱਤਿਆਚਾਰ ਆਮ ਜਿਹੀ ਗੱਲ ਹੈ। ਭਾਰਤ ਦੇ ਮਨੁੱਖੀ ਹੱਕਾਂ ਬਾਰੇ ਕਾਰਜਕਰਤਾ ਅਕਸਰ ਮਾਨਵੀ ਅਧਿਕਾਰਾਂ ਦੇ ਸਤਿਕਾਰ ਅਤੇ ਕਾਨੂੰਨੀ ਸੁਰੱਖਿਆ ਦੀ ਗੱਲ ਕਰਦਿਆਂ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਦੀਆਂ ਮਿਸਾਲਾਂ ਦਿੰਦੇ ਹਨ ਪਰ ਜਦ ਇਕ ਵਿਕਸਤ ਦੇਸ਼ ਵਿਚ ਅਜਿਹੀ ਘਟਨਾ ਵਾਪਰਦੀ ਹੈ ਤਾਂ ਇਸ ਨੂੰ ਸੰਜੀਦਗੀ ਨਾਲ ਲਿਆ ਜਾਣਾ ਚਾਹੀਦਾ ਹੈ। ਇਹ ਇਕ ਅਜਿਹੀ ਵਿਅਕਤੀਗਤ ਘਟਨਾ ਹੈ ਜਿਸ ਦੀ ਕੌਮਾਂਤਰੀ ਪੱਧਰ ਤੇ ਨਿੰਦਾ ਹੋਈ ਹੈ। ਖੁਦ ਅਮਰੀਕੀ ਰਾਸ਼ਟਰਪਤੀ ਸ੍ਰੀ ਟਰੰਪ ਤੋਂ ਇਲਾਵਾ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਘਟਨਾ ਦੀ ਸਖਤ ਨਿੰਦਾ ਕੀਤੀ ਹੈ। ਉਨਾਂ ਨੇ ਤਾਂ ਇਥੋਂ ਤੱਕ ਕਿਹਾ ਕਿ ਨਸਲਪ੍ਰਸਤੀ ਅਮਰੀਕਾ ਅਤੇ ਕੈਨੇਡਾ ਵਿਚ ਅਜੇ ਵੀ ਕਾਇਮ ਹੈ। ਉਨਾਂ ਨੇ ਨਸਲਪ੍ਰਸਤੀ ਖਿਲਾਫ਼ ਆਵਾਜ਼ ਉਠਾਉਣ ਲਈ ਵੀ ਕਿਹਾ ਹੈ। ਬਰਤਾਨੀਆ ਦੀ ਲੇਬਰ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਕੁਲਾਊਡੀਆ ਵੈਬੇ ਅਤੇ ਡੇਵਿਡ ਲੈਮੀ ਨੇ ਜਾਰਜ ਫਲਾਇਡ ਦੀ ਹੱਤਿਆ ਦੀ ਨਿੰਦਾ ਕੀਤੀ ਹੈ। ਫਲਾਇਡ ਦੇ ਪੋਸਟ ਮਾਰਟਮ ਦੀਆਂ ਦੋਵੇਂ ਰਿਪੋਰਟਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਦੀ ਮੌਤ ਦਮ ਘੁਟਣ ਨਾਲ ਹੋਈ ਹੈ ਅਤੇ ਰਿਪੋਰਟਾਂ ਵਿਚ ਇਸ ਨੂੰ ਹੱਤਿਆ (ਹੋਮੀਸਾਈਡ) ਦਾ ਮਾਮਲਾ ਦੱਸਿਆ ਹੈ। ਇਹ ਘਟਨਾ ਮਨੁੱਖੀ ਹੱਤਿਆ, ਨਸਲੀ ਹਿੰਸਾ, ਪੁਲਿਸ ਤਸ਼ੱਦਦ ਦੇ ਨਾਲ ਨਾਲ ਮਨੋਵਿਗਿਆਨ ਦਾ ਵਿਸ਼ਾ ਵੀ ਹੈ। ਇਸ ਨੂੰ ਸਾਰੇ ਪੱਖਾਂ ਤੋਂ ਘੋਖਣ ਦੀ ਜ਼ਰੂਰਤ ਹੈ। ਕੋਈ ਪੁਲਿਸ ਅਧਿਕਾਰੀ ਧੋਖਾਧੜੀ ਜਾਂ ਜਾਅਲੀ ਕਰੰਸੀ ਦੇ ਮਾਮਲੇ ਵਿਚ ਇਸ ਤਰਾਂ ਕਿਸੇ ਨਿਹੱਥੇ ਨਾਗਰਿਕ ਉਪਰ ਕਿਸ ਹੱਦ ਤੱਕ ਤਸ਼ੱਦਦ ਕਰ ਸਕਦਾ ਹੈ। ਇਸ ਸੁਆਲ ਦਾ ਜੁਆਬ ਲੱਭਣ ਦੀ ਜ਼ਰੂਰਤ ਹੈ।

# ਮੋਦੀ ਸਰਕਾਰ ਨੂੰ ਲਾਕਡਾਊਨ ਦਾ ਹਿਸਾਬ ਤਾਂ ਦੇਣਾ ਪਵੇਗਾ



- ਯੋਗਿੰਦਰ ਯਾਦਵ

ਭਾਰਤ ਭਰ ਲਈ ਐਲਾਨੇ ਲਾਕਡਾਊਨ ਨੂੰ ਦੋ ਮਹੀਨੇ ਤੋਂ ਉੱਪਰ ਹੋ ਗਏ ਹਨ। ਹੁਣ ਸਮਾਂ ਆ ਗਿਆ ਹੈ ਕਿ ਇਸ ਗੱਲ ਦਾ ਹਿਸਾਬ-ਕਿਤਾਬ ਕੀਤਾ ਜਾਵੇ ਕਿ ਇਸ ਲੰਮੇ ਲਾਕਡਾਊਨ ਰਾਹੀਂ ਅਸੀਂ ਕੀ ਖੱਟਿਆ ਤੇ ਕੀ ਗੁਆਇਆ। 24 ਮਾਰਚ ਤੋਂ ਸ਼ੁਰੂ ਹੋਏ ਲਾਕਡਾਊਨ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਕਿਹਾ ਸੀ ਕਿ ਉਸ ਨੂੰ 21 ਦਿਨ ਦਿੱਤੇ ਜਾਣ, ਤਾਂ ਜੋ ਕੋਰੋਨਾ ਦਾ ਖਾਤਮਾ ਕੀਤਾ ਜਾਵੇ। ਲੋਕਾਂ ਨੇ ਪ੍ਰਧਾਨ ਮੰਤਰੀ ਦੀ ਅਪੀਲ ਦਾ ਭਰਪੂਰ ਹੁੰਗਾਰਾ ਭਰਿਆ। ਇਹੋ ਹੀ ਨਹੀਂ, ਉਨਾਂ ਪ੍ਰਧਾਨ ਮੰਤਰੀ ਦੇ ਕਹੇ ਤਾੜੀਆਂ ਤੇ ਥਾਲੀਆਂ ਵੀ ਵਜਾ ਦਿੱਤੀਆਂ, ਕੋਰੋਨਾ ਨੂੰ ਸਾੜਨ ਲਈ ਮੋਮਬੱਤੀਆਂ ਵੀ ਜਗਾ ਦਿੱਤੀਆਂ, ਪਰ ਕੋਰੋਨਾ ਦਾ ਕਹਿਰ ਦਿਨੋ-ਦਿਨ ਵਧਦਾ ਗਿਆ।

ਪ੍ਰਧਾਨ ਮੰਤਰੀ ਨੇ ਜਿਸ ਦਿਨ ਲਾਕਡਾਊਨ ਦਾ ਐਲਾਨ ਕੀਤਾ ਸੀ, ਉਸ ਦਿਨ ਦੇਸ਼ ਭਰ ਵਿੱਚ ਕੋਰੋਨਾ ਪੀੜਤ ਮਰੀਜ਼ਾਂ ਦੀ ਗਿਣਤੀ 519 ਸੀ ਤੇ ਮੌਤਾਂ ਦਹਾਈ ਦੇ ਅੰਕ ਤੱਕ ਵੀ ਨਹੀਂ ਸੀ ਪੁੱਜੀਆਂ, ਪਰ ਅੱਜ ਹਾਲਤ ਕੀ ਹੈ। ਕੋਰੋਨਾ ਪੀੜਤ ਮਰੀਜ਼ਾਂ ਦੀ ਗਿਣਤੀ ਡੇਢ ਲੱਖ ਦਾ ਅੰਕੜਾ ਪਾਰ ਕਰ ਚੁੱਕੀ ਹੈ, ਜਿਨਾਂ ਵਿਚੋਂ 67 ਹਜ਼ਾਰ ਤੋਂ ਵੱਧ ਐਕਟਿਵ ਹਨ। ਹਰ ਆਏ ਦਿਨ ਬੀਤੇ ਦਿਨ ਨਾਲੋਂ ਨਵੇਂ ਮਰੀਜ਼ਾਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੂੰ ਕੁਝ ਸਵਾਲਾਂ ਦਾ ਸਾਹਮਣਾ ਕਰਨਾ ਹੀ ਪਵੇਗਾ ਕਿ ਆਖਿਰ ਬਦਲ ਦੇ ਤੌਰ 'ਤੇ ਜਦੋਂ ਸੁਝਾਅ ਦਿੱਤਾ ਜਾ ਰਿਹਾ ਸੀ ਕਿ ਸ਼ੁਰੂਆਤੀ ਪੜਾਅ ਵਿਚ ਹੀ ਜ਼ਿਆਦਾ ਤੋਂ ਜ਼ਿਆਦਾ ਟੈਸਟਿੰਗ ਕੀਤੀ ਜਾਵੇ ਤਾਂ ਪ੍ਰਧਾਨ ਮੰਤਰੀ ਨੇ ਇਨਾਂ ਸੁਝਾਵਾਂ ਵੱਲ ਧਿਆਨ ਕਿਉਂ ਨਹੀਂ ਦਿੱਤਾ? ਪ੍ਰਧਾਨ ਮੰਤਰੀ ਨੇ ਮਹਾਂਮਾਰੀ ਨੂੰ ਰੋਕਣ ਦੇ ਕੇਰਲ ਦੇ ਯਤਨ ਤੋਂ ਕੁਝ ਸਬਕ ਲੈਣ ਅਤੇ ਉਸ ਨੂੰ ਦੇਸ਼ ਪੱਧਰ 'ਤੇ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਅਖੀਰ ਉਨਾਂ ਨੇ ਸਿਆਸੀ ਲਾਭਾਂ ਨੂੰ ਤਰਜੀਹ ਕਿਉਂ ਦਿੱਤੀ? ਜਦੋਂ ਪ੍ਰਧਾਨ ਮੰਤਰੀ ਦੇ ਸਮਰਥਕ ਬਿਮਾਰੀ ਨੂੰ ਸ਼ਰੇਆਮ ਫ਼ਿਰਕੂ ਰੰਗਤ ਦੇ ਰਹੇ ਸਨ ਤਾਂ ਉਨਾਂ ਨੇ ਅਜਿਹੇ ਸਮਰਥਕਾਂ ਦੇ ਖਿਲਾਫ਼ ਸਖ਼ਤ ਕਦਮ ਕਿਉਂ ਨਹੀਂ ਚੁੱਕੇ? ਜਦੋਂ ਇਕ ਵਾਰ ਇਹ ਜ਼ਾਹਿਰ ਹੋ ਗਿਆ ਕਿ ਤਾਲਾਬੰਦੀ ਬਿਮਾਰੀ ਦੀ ਵਧਦੀ ਹੋਈ ਗਿਣਤੀ ਨੂੰ ਤੋੜਨ ਵਿਚ ਅਤੇ ਮਰੀਜ਼ਾਂ ਦੀ ਵਧਦੀ ਹੋਈ ਗਿਣਤੀ ਦੇ ਗ੍ਰਾਫ਼ ਨੂੰ ਇਕ ਬਿੰਦੂ 'ਤੇ ਠਹਿਰਾਉਣ ਲਈ ਨਾਕਾਫੀ ਹੈ ਤਾਂ ਵੀ ਉਨਾਂ ਨੇ ਤਾਲਾਬੰਦੀ ਨੂੰ ਇਕਲੌਤਾ ਹੱਲ ਮੰਨ ਕੇ ਕਿਉਂ ਪੇਸ਼ ਕੀਤਾ? ਸਮਾਂ ਰਹਿੰਦਿਆਂ ਗ਼ਲਤੀ ਸੁਧਾਰ ਲੈਣ ਦੀ ਜੋ ਗੱਲ ਤਰਕਸੰਗਤ ਲੱਗ ਰਹੀ ਸੀ, ਉਸ ਨੂੰ ਕਿਉਂ ਨਹੀਂ ਮੰਨਿਆ?

ਆਖਰ ਜਿਹੜਾ ਪ੍ਰਧਾਨ ਮੰਤਰੀ ਕੋਰੋਨਾ ਨੂੰ ਖ਼ਤਮ ਕਰਨ ਲਈ 21 ਦਿਨ ਦਾ ਸਮਾਂ ਮੰਗਦਾ ਸੀ, ਹੁਣ ਇਹ ਕਹਿ ਕੇ ਹੱਥ ਖੜੇ ਕਰਨੇ ਪਏ ਕਿ ਸਾਨੂੰ ਕੋਰੋਨਾ ਵਾਇਰਸ ਦੇ ਨਾਲ ਹੀ ਜਿਉਣਾ ਸਿੱਖਣਾ ਪਵੇਗਾ। ਪਹਿਲੇ ਦੋ ਮਹੀਨੇ ਜਦੋਂ ਕੋਰੋਨਾ ਦੇ ਫੈਲਾਅ ਨੂੰ ਰੋਕਣ ਲਈ ਪਾਬੰਦੀਆਂ ਦੀ ਲੋੜ ਸੀ, ਪ੍ਰਧਾਨ ਮੰਤਰੀ ਮੋਦੀ ਟਰੰਪ ਦੇ ਸਵਾਗਤ ਵਿੱਚ ਲੱਖਾਂ ਦੀਆਂ ਭੀੜਾਂ ਇਕੱਠੀਆਂ ਕਰਕੇ 'ਕੋਰੋਨਾ ਜਸ਼ਨ' ਮਨਾਉਂਦੇ ਰਹੇ ਤੇ ਨਾਲ ਭਾਜਪਾ ਵਾਲੇ ਤਬਲੀਗੀਆਂ ਨੂੰ ਨਿਸ਼ਾਨਾ ਬਣਾ ਕੇ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਂਦੇ ਰਹੇ। ਹਾਕਮਾਂ ਦੀ ਅਹਿਮਕਾਨਾ ਗ਼ਲਤੀ ਦਾ ਖਮਿਆਜ਼ਾ ਅੱਜ ਸਮੁੱਚੇ ਦੇਸ਼ ਵਾਸੀ ਭੁਗਤ ਰਹੇ ਹਨ। ਸਮੁੱਚੇ ਭਾਰਤੀ ਅੱਜ ਜੋ ਦੋਜ਼ਖ ਹੰਢਾ ਰਹੇ ਹਨ, ਉਸ ਵਿੱਚੋਂ ਨਿਕਲ ਸਕਣਾ ਸੁਖਾਲਾ ਨਹੀਂ ਹੈ। ਮੱਧਵਰਗ ਦਾ ਕਾਰੋਬਾਰ ਠੱਪ ਹੋ ਚੁੱਕਾ ਹੈ। ਦੇਸ਼ ਦੀ ਅੱਧੀ ਤੋਂ ਵੱਧ ਅਬਾਦੀ ਦਾ ਰੁਜ਼ਗਾਰ ਖੁੱਸ ਚੁੱਕਾ ਹੈ। ਕਰੋੜਾਂ ਮਜ਼ਦੂਰ ਭੁੱਖਣ-ਭਾਣੇ ਸ਼ਹਿਰਾਂ ਵਿੱਚ ਫਸੇ ਰਹੇ। ਭੁੱਖ ਦੇ ਸਤਾਏ ਇਨਾਂ ਮਜ਼ਦੂਰਾਂ ਨੇ ਜਦੋਂ ਹਜ਼ਾਰਾਂ ਮੀਲ ਦੂਰ ਆਪਣੇ ਘਰਾਂ ਨੂੰ ਚਾਲੇ ਪਾਏ ਤਾਂ ਸੜਕਾਂ ਉੱਤੇ ਜਿਵੇਂ ਮਨੁੱਖਾਂ ਦਾ ਹੜ ਆ ਗਿਆ ਹੋਵੇ। ਦੋ ਮਹੀਨਿਆਂ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਹਾਲੇ ਤੱਕ ਜਾਰੀ ਹੈ। ਇਸ ਦੌਰਾਨ ਕਿੰਨੇ ਮਜ਼ਦੂਰ ਹਾਦਸੇ ਵਿੱਚ ਮਾਰੇ ਗਏ, ਕਿੰਨਿਆਂ ਨੇ ਭੁੱਖ ਨਾਲ ਤੜਫ਼-ਤੜਫ਼ ਕੇ ਜਾਨ ਦੇ ਦਿੱਤੀ, ਇਸ ਦੀ ਗਿਣਤੀ ਰੱਖਣ ਵਾਲਾ ਕੋਈ ਨਹੀਂ। ਸੜਕਾਂ 'ਤੇ ਪੁਲਸ ਦੀ ਬਰਬਰਤਾ ਦਾ ਸ਼ਿਕਾਰ ਹੁੰਦੇ, ਛੋਟੇ-ਛੋਟੇ ਬੱਚਿਆਂ ਨੂੰ ਕੰਧਾੜੇ ਚੁੱਕੀ ਜਾ ਰਹੇ ਇਹ ਮਜ਼ਦੂਰ ਆਪਣੇ ਨਾਲ ਬੇਰੁਜ਼ਗਾਰੀ ਤੇ ਭੁੱਖ ਵੀ ਨਾਲ ਚੁੱਕੀ ਜਾ ਰਹੇ ਹਨ।

ਇਸ ਸਮੇਂ ਸਰਕਾਰ ਵੱਲੋਂ ਲੋਕ ਦਬਾਅ ਹੇਠ ਰੇਲਾਂ ਚਲਾਈਆਂ ਗਈਆਂ ਹਨ। ਹਰ ਪਾਸੇ ਭਗਦੜ ਮਚੀ ਹੋਈ ਹੈ। ਰੇਲਵੇ ਸਟੇਸ਼ਨਾਂ 'ਤੇ ਭੀੜਾਂ ਹੀ ਭੀੜਾਂ ਹਨ। ਸਮਾਜਿਕ ਦੂਰੀ ਦੀਆਂ ਧੱਜੀਆਂ ਉੱਡ ਰਹੀਆਂ ਹਨ। ਇਹ ਲੋਕ ਜਦੋਂ ਆਪਣੇ ਪਿੰਡਾਂ ਵਿੱਚ ਪੁੱਜਣਗੇ ਤਾਂ ਆਪਣੇ ਨਾਲ ਸ਼ਹਿਰਾਂ ਵਿਚੋਂ ਖੱਟ ਕੇ ਲਿਆਂਦੇ ਕੋਰੋਨਾ ਨੂੰ ਵੀ ਲੈ ਕੇ ਜਾਣਗੇ। ਇਸ ਤਰਾਂ ਹੁਣ ਤੱਕ ਬਚੇ ਰਹੇ ਪੇਂਡੂ ਖੇਤਰ ਵਿੱਚ ਵੀ ਕੋਰੋਨਾ ਦਾ ਪਸਾਰਾ ਹੋ ਜਾਵੇਗਾ। ਇਸ ਨਾਲ ਹਾਲਤ ਕਿੰਨੇ ਭਿਆਨਕ ਹੋ ਸਕਦੇ ਹਨ, ਹਾਲੇ ਇਸ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਲ ਹੈ।

ਇਹ ਸਵਾਲ ਸਾਨੂੰ ਇਕ ਉਦਾਸ ਜਵਾਬ ਵੱਲ ਲੈ ਜਾਂਦੇ ਹਨ। ਦੁਨੀਆ ਦੀ ਤੀਜੀ ਸਭ ਤੋਂ ਵੱਡੀ 'ਅਰਥਵਿਵਸਥਾ' ਜਦੋਂ ਭਿਆਨਕ ਮੰਦੀ ਦੀ ਗ੍ਰਿਫ਼ਤ ਵਿਚ ਆ ਗਈ ਹੈ ਤਾਂ ਆਰਥਿਕ ਮੋਰਚੇ 'ਤੇ ਕਦਮ ਪੁੱਟਣ ਦਾ ਜ਼ਿੰਮਾ ਅਧਕੱਚੀ ਸਮਝ ਵਾਲੇ ਅਰਥਸ਼ਾਸਤਰੀਆਂ ਅਤੇ ਅਗਿਆਨੀ ਅਤੇ ਹੰਕਾਰੀ ਸਿਆਸਤਦਾਨਾਂ ਦੇ ਭਰੋਸੇ ਛੱਡ ਦਿੱਤਾ ਗਿਆ ਹੈ। ਸਿਆਸਤਦਾਨ ਅਰਥਵਿਵਸਥਾ ਨੂੰ ਬਚਾਉਣ ਦੀ ਥਾਂ ਆਪਣੀ ਕੁਰਸੀ ਅਤੇ ਆਪਣੇ ਧਨਵਾਨ ਦੋਸਤਾਂ ਨੂੰ ਬਚਾਉਣ ਵਿਚ ਲੱਗੇ ਹੋਏ ਹਨ। ਆਖਰ ਵਿਚ ਜ਼ਰਾ ਵੇਖੋ ਕਿ ਸਰਕਾਰ ਨੇ ਉਸ ਮਨੁੱਖੀ ਤ੍ਰਾਸਦੀ ਤੋਂ ਦੇਸ਼ ਨੂੰ ਉਭਾਰਨ ਦੇ ਮੋਰਚੇ 'ਤੇ ਕੀ ਕੀਤਾ ਜੋ ਅਸੀਂ ਸੜਕ 'ਤੇ ਕੜਕਦੀ ਧੁੱਪ ਵਿਚ ਭੁੱਖੇ ਤਿਹਾਏ, ਛੋਟੇ-ਛੋਟੇ ਬੱਚਿਆਂ ਅਤੇ ਬਿਰਧ ਮਾਂ-ਬਾਪ ਦੇ ਨਾਲ ਘਰ ਪਰਤਦੇ ਅਤੇ ਇਸੇ ਕ੍ਰਮ ਵਿਚ ਸੜਕਾਂ 'ਤੇ ਹਾਦਸਿਆਂ ਦਾ ਸ਼ਿਕਾਰ ਹੋ ਕੇ ਮਾਰੇ ਜਾ ਰਹੇ ਪ੍ਰਵਾਸੀ ਮਜ਼ਦੂਰਾਂ ਦੀ ਦੁਰਦਸ਼ਾ ਦੇ ਰੂਪ ਵਿਚ ਨਜ਼ਰ ਆ ਰਹੀ ਹੈ। ਇੱਥੇ ਵੀ ਕਿਸੇ ਨਤੀਜੇ 'ਤੇ ਪੁੱਜਣ ਤੋਂ ਪਹਿਲਾਂ ਅਸੀਂ ਮੰਨ ਕੇ ਚੱਲੀਏ ਕਿ ਦੇਸ਼ ਵਿਚ ਗ਼ੈਰ-ਬਰਾਬਰੀ ਦੀ ਜੋ ਵੱਡੀ ਖੱਡ ਲੋਕਾਂ ਦੇ ਵਿਚ ਮੌਜੂਦ ਹੈ, ਉਸ ਨੂੰ ਵੇਖਦਿਆਂ ਕੁਝ ਨਾ ਕੁਝ ਸੰਕਟ ਝੱਲਣਾ ਤਾਂ ਇਕ ਤਰਾਂ ਨਾਲ ਲਾਜ਼ਮੀ ਹੈ। ਫਿਰ ਵੀ, ਪੁੱਛਣ ਲਈ ਇਹ ਸਵਾਲ ਤਾਂ ਲਾਜ਼ਮੀ ਹੈ ਕਿ ਕੀ ਸਰਕਾਰ ਨੂੰ ਕਦੀ ਇਹ ਖ਼ਿਆਲ ਆਇਆ ਸੀ ਕਿ ਪ੍ਰਵਾਸੀ ਮਜ਼ਦੂਰਾਂ ਦੀ ਹਿਜਰਤ ਦਾ ਅਜਿਹਾ ਸੰਕਟ ਪੈਦਾ ਹੋ ਸਕਦਾ ਹੈ ਅਤੇ ਕੀ ਤਾਲਾਬੰਦੀ ਦੇ ਐਲਾਨ ਦੇ ਸਮੇਂ ਅਜਿਹੇ ਸੰਕਟ ਨਾਲ ਨਿਪਟਣ ਦੇ ਲਈ ਸਰਕਾਰ ਨੇ ਕੋਈ ਤਿਆਰੀ ਕੀਤੀ ਸੀ? ਆਖਰ ਦੁਨੀਆ ਦੇ ਕਿਸੇ ਹੋਰ ਦੇਸ਼ ਵਿਚੋਂ ਸਾਨੂੰ ਅਜਿਹੀਆਂ ਖ਼ਬਰਾਂ ਸੁਣਨ ਨੂੰ ਕਿਉਂ ਨਹੀਂ ਮਿਲ ਰਹੀਆਂ? ਅਫਰੀਕਾ ਦੇ ਕਈ ਦੇਸ਼ ਤਾਂ ਸਾਡੇ ਨਾਲੋਂ ਵੀ ਗ਼ਰੀਬ ਹਨ, ਫਿਰ ਉੱਥੇ ਅਜਿਹੀ ਸਮੱਸਿਆ ਕਿਉਂ ਨਹੀਂ ਹੈ? ਅਤੇ ਫਿਰ ਇਕਪਾਸੜ ਤਾਲਾਬੰਦੀ ਦੇ ਪਹਿਲੇ ਹਫ਼ਤੇ ਵਿਚ ਹੀ ਸਰਕਾਰ ਨੇ ਇਹ ਵੇਖ ਲਿਆ ਸੀ ਕਿ ਪ੍ਰਵਾਸੀ ਮਜ਼ਦੂਰ ਕਿਸ ਦਸ਼ਾ ਵਿਚ ਹਨ ਤਾਂ ਉਸ ਨੇ ਕਾਨੂੰਨ ਪ੍ਰਬੰਧ ਦੇ ਪੱਖ ਤੋਂ ਕੁਝ ਅਪੀਲਾਂ ਜਾਰੀ ਕਰਨ ਤੋਂ ਇਲਾਵਾ ਇਸ ਸੰਕਟ ਤੋਂ ਉਭਰਨ ਦੇ ਲਈ ਹੋਰ ਕੀ ਕੀਤਾ? ਆਖਰ ਰੇਲ ਗੱਡੀਆਂ ਚਲਾਉਣ ਦਾ ਫ਼ੈਸਲਾ ਲੈਣ ਵਿਚ ਏਨੀ ਦੇਰੀ ਕਿਉਂ ਹੋਈ ਅਤੇ ਫਿਰ ਰੇਲ ਗੱਡੀ ਚਲਾਉਣ ਦਾ ਫ਼ੈਸਲਾ ਅਜਿਹੇ ਸਮੇਂ 'ਤੇ ਕਿਉਂ ਲਿਆ ਗਿਆ ਜਦੋਂ ਖ਼ਤਰਾ ਹੋਰ ਵੀ ਵਧ ਗਿਆ ਸੀ? ਜਦੋਂ ਘਰ ਪਰਤਣ ਦੇ ਲਈ ਕਾਹਲੇ ਮਜ਼ਦੂਰਾਂ ਦੇ ਸਾਹਮਣੇ ਜਾਨ ਬਚਾਉਣ ਦੇ ਲਾਲੇ ਪਏ ਹੋਣ ਤਾਂ ਅਜਿਹੀ ਆਫ਼ਤ ਵਿਚ ਉਨਾਂ ਤੋਂ ਭਾੜਾ ਵਸੂਲਣ ਦਾ ਖਿਆਲ ਦਿਮਾਗ ਵਿਚ ਕਿਉਂ ਆਇਆ? ਸੜਕ 'ਤੇ ਪੈਦਲ ਚਲਦੇ ਮਜ਼ਦੂਰਾਂ ਨੂੰ ਮਨੁੱਖੀ ਸਹਾਇਤਾ ਦੇਣ ਦੇ ਬਾਬਤ ਗ੍ਰਹਿ ਮੰਤਰਾਲੇ ਦੀਆਂ ਸਾਧਾਰਨ ਜਿਹੀਆਂ ਸਲਾਹਾਂ (ਐਡਵਾਇਜ਼ਰੀ) ਜਾਰੀ ਕਰਨ ਵਿਚ 6 ਹਫ਼ਤੇ ਦਾ ਸਮਾਂ ਕਿਵੇਂ ਲੱਗ ਗਿਆ?

ਸਰਕਾਰ ਨੇ ਰਾਸ਼ਟਰੀ ਪੱਧਰ ਦੀ ਇਸ ਭਿਆਨਕ ਮਨੁੱਖੀ ਤ੍ਰਾਸਦੀ ਦੇ ਪ੍ਰਤੀ ਜੋ ਸ਼ਰਮਨਾਕ ਰਵੱਈਆ ਅਖ਼ਤਿਆਰ ਕੀਤਾ ਹੈ, ਉਸ ਨੂੰ 'ਸੰਵੇਦਨਸ਼ੀਲ' ਕਹਿਣਾ ਸਥਿਤੀ ਦੀ ਅਸਲੀਅਤ ਤੋਂ ਮੂੰਹ ਫੇਰਨ ਵਰਗਾ ਹੋਵੇਗਾ। ਦੇਸ਼ ਚੌਤਰਫਾ ਰਸਾਤਲ ਵਿਚ ਜਾ ਰਿਹਾ ਹੈ ਅਤੇ ਇਸ ਦਰਮਿਆਨ ਸੱਤਾ 'ਤੇ ਬੈਠੇ ਹੁਕਮਰਾਨ ਸਿਆਸੀ ਸਾਜਿਸ਼, ਆਪਸੀ ਦੂਸ਼ਣਬਾਜ਼ੀ ਅਤੇ ਆਪਣਾ ਅਕਸ ਚਮਕਾਉਣ ਦੀਆਂ ਪ੍ਰਪੰਚੀ ਖੇਡਾਂ ਵਿਚ ਲੱਗੇ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇੱਕ ਸੰਬੋਧਨ ਵਿੱਚ ਭਾਰਤ ਵਾਸੀਆਂ ਨੂੰ ਤਿਆਗ ਤੇ ਤਪੱਸਿਆ ਦਾ ਪਾਠ ਪੜਾਇਆ ਸੀ। ਉਸ ਦਾ ਇਸ਼ਾਰਾ ਸ਼ਾਇਦ ਇਸ ਸਮੇਂ ਦਰ-ਦਰ ਠੋਕਰਾਂ ਖਾ ਰਹੇ ਇਨਾਂ ਮਜ਼ਦੂਰ ਵੱਲ ਹੀ ਸੀ। ਇਸ ਦੇ ਨਾਲ ਹੀ ਮੋਦੀ ਨੇ 'ਆਪਦਾ ਨੂੰ ਅਵਸਰ' ਬਣਾ ਲੈਣ ਦੇ ਮੰਤਰ ਦਾ ਵੀ ਉਚਾਰਨ ਕੀਤਾ ਸੀ। ਮੌਤ ਦੇ ਮੰਜ਼ਰ ਨੂੰ ਮੌਕਾ ਸਿਰਫ਼ ਹਾਕਮ ਹੀ ਬਣਾ ਸਕਦੇ ਹਨ, ਆਮ ਲੋਕ ਤਾਂ ਦਹਿਸ਼ਤ ਦੇ ਸਾਏ ਹੇਠ ਦਿਨ ਕਟੀ ਹੀ ਕਰ ਸਕਦੇ ਹਨ। ਜੇਕਰ ਅਸੀਂ ਨੋਟਬੰਦੀ ਸਮੇਂ ਦੀ ਗੱਲ ਕਰੀਏ ਤਾਂ ਜਦੋਂ ਆਮ ਲੋਕ ਬੈਂਕਾਂ ਮੂਹਰੇ ਲੱਗੀਆਂ ਲਾਈਨਾਂ ਵਿੱਚ ਖੜੇ ਦਮ ਤੋੜ ਰਹੇ ਸਨ ਤਾਂ ਸੱਤਾਧਾਰੀ ਤੇ ਉਨਾਂ ਦੇ ਮਿੱਤਰ ਕੋਆਪ੍ਰੇਟਿਵ ਬੈਂਕਾਂ ਰਾਹੀਂ ਮੌਕੇ ਦਾ ਫਾਇਦਾ ਉਠਾ ਰਹੇ ਸਨ। ਇਹ ਨੋਟਬੰਦੀ ਦਾ ਹੀ ਕ੍ਰਿਸ਼ਮਾ ਸੀ ਕਿ ਦੇਸ਼ ਭਰ ਵਿੱਚ ਭਾਜਪਾ ਦੇ 400 ਤੋਂ ਵੱਧ ਆਲੀਸ਼ਾਨ ਦਫ਼ਤਰ ਉਸਰ ਗਏ। ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਹਾਲੇ ਸਿਰਫ਼ ਹਿਮਾਚਲ ਪ੍ਰਦੇਸ਼ ਦੇ ਭਾਜਪਾ ਪ੍ਰਧਾਨ ਹੀ ਸਾਹਮਣੇ ਆਏ ਹਨ, ਜਿਨਾ ਮੌਕੇ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਤੇ ਸੰਨ ਤੋਂ ਫੜੇ ਗਏ ਹਨ। ਪ੍ਰਧਾਨ ਮੰਤਰੀ ਹੁਰਾਂ ਵੀ ਮੌਕੇ ਦਾ ਫਾਇਦਾ ਉਠਾਉਦਿਆਂ ਪੀ ਐੱਮ ਕੇਅਰ ਫੰਡ ਵਾਲੀ ਤਿਜੌਰੀ ਨੂੰ ਨੱਕੋ-ਨੱਕ ਭਰ ਲਿਆ ਹੈ। ਇਹ ਤਾਂ ਆਉਣ ਵਾਲੇ ਸਮੇਂ ਦੌਰਾਨ ਹੀ ਪਤਾ ਲੱਗੇਗਾ ਕਿ ਕਿਹੜੇ ਸੱਤਾਧਾਰੀ ਨੇ ਮੌਕੇ ਦਾ ਕਿੰਨਾ ਫਾਇਦਾ ਉਠਾਇਆ ਹੈ। ਪਰ ਦੇਸ਼ ਨਾਲ ਕੀਤੇ ਗਏ ਇਸ ਭਿਆਨਕ ਖਿਲਵਾੜ ਦਾ ਹਿਸਾਬ ਤਾਂ ਹਾਕਮਾਂ ਨੂੰ ਦੇਣਾ ਹੀ ਪਵੇਗਾ।

# ਜੂਨ '84 ਦਾ ਵੱਡਾ ਦੁਖਾਂਤ ਤੇ ਗੁਰੂ ਨਾਨਕ ਪੰਥ ਦਾ ਭਵਿੱਖ

**- ਪ੍ਰੋ. ਬਲਵਿੰਦਰਪਾਲ ਸਿੰਘ**

ਸਿੱਖਾਂ ਦੇ ਇਤਿਹਾਸ ਵਿਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ '84 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦੁਖਾਂਤਕ ਇਸ ਲਈ ਸੀ, ਕਿਉਂਕਿ ਇਹ ਆਜ਼ਾਦ ਭਾਰਤ ਦੇ ਵਿਚ ਆਜ਼ਾਦੀ ਦੇ ਲਈ ਕੁਰਬਾਨੀ ਦੇਣ ਵਾਲੀ ਸਿੱਖ ਕੌਮ ਨਾਲ ਵਾਪਰਿਆ। ਇਸ ਭਿਅੰਕਰ ਘੱਲੂਘਾਰੇ ਦਾ ਸੰਤਾਪ ਗੁਰੂ ਨਾਨਕ ਪੰਥ ਹਾਲੇ ਵੀ ਭੋਗ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਭਾਜਪਾ, ਖੱਬੇ ਪੱਖੀ ਤੇ ਹੋਰ ਬਹੁਤ ਸਾਰੀਆਂ ਰਾਸ਼ਟਰਵਾਦੀ ਪਾਰਟੀਆਂ ਸਿੱਖ ਪੰਥ ਦੇ ਵਿਰੋਧ ਵਿਚ ਖੜੀਆਂ ਰਹੀਆਂ। ਭਗਵੇਂਵਾਦੀ ਜਥੇਬੰਦੀਆਂ ਇਸ ਸਾਕੇ ਦੀ ਖ਼ੁਸ਼ੀ ਮਨਾਉਂਦੇ ਹੋਏ ਲੱਡੂ ਵੰਡਦੀਆਂ ਰਹੀਆਂ ਤੇ ਹੁਣ ਵੀ ਇਸ ਦਿਹਾੜੇ ਦੌਰਾਨ ਸਿੱਖਾਂ ਦੇ ਜ਼ਖ਼ਮਾਂ ਉੱਪਰ ਲੂਣ ਭੁਕਦੀਆਂ ਹਨ। ਭਾਜਪਾ ਨੇਤਾ ਐਲ.ਕੇ. ਅਡਵਾਨੀ ਨੇ ਆਪਣੀ ਜੀਵਨ ਕਥਾ 'ਮਾਈ ਕੰਟਰੀ ਮਾਈ ਲਾਈਫ' ਵਿਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ ਜਾਵੇ।

ਯਾਦ ਰਹੇ ਕਿ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਪਹਾੜੀ ਇਲਾਕੇ ਵਿਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਉੱਪਰ ਫੌਜੀ ਅਪਰੇਸ਼ਨ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ ਜਿਨਾਂ ਨੇ ਖ਼ੁਫ਼ੀਆ ਤੌਰ 'ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਅਪਣੀ ਸਲਾਹ ਪੇਸ਼ ਕੀਤੀ ਸੀ। ਇਸ ਬਾਰੇ ਸਾਰੇ ਸਬੂਤ ਸਾਹਮਣੇ ਆ ਚੁੱਕੇ ਹਨ, ਪਰ ਉਨਾਂ ਦਾ ਅਜੇ ਵੀ ਅਧਿਐਨ ਕਰਨਾ ਬਾਕੀ ਹੈ। ਹੈਰਾਨੀ ਦਾ ਵਿਸ਼ਾ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇਕ ਪਾਸੇ ਪੰਜਾਬ ਸਮੱਸਿਆ ਦੇ ਹੱਲ ਲਈ ਅਕਾਲੀ ਦਲ ਨਾਲ ਮੀਟਿੰਗਾਂ ਕਰ ਰਹੀ ਸੀ ਤੇ ਦੂਸਰੇ ਪਾਸੇ ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਕਰ ਦਿੱਤਾ ਤੇ ਇਹੋ ਜਿਹੇ ਖਤਰਨਾਕ ਹਾਲਾਤ ਜਾਣ ਬੁੱਝ ਕੇ ਬਣਾਏ ਗਏ ਤਾਂ ਜੋ ਸਿੱਖ ਪੰਥ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਸਕੇ।

ਆਈ ਕੇ ਗੁਜਰਾਲ ਨੇ ਮੀਡੀਆ ਵਿਚ ਸਾਫ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਦੀ ਅਕਾਲੀਆਂ ਨਾਲ ਸਮਝੌਤਾ ਕਰਨ ਦਾ ਕੋਈ ਇਰਾਦਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਨੇ ਇਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ ਤਾਂ ਜੋ ਦੁਨੀਆਂ ਨੂੰ ਗੁਮਰਾਹ ਕੀਤਾ ਜਾ ਸਕੇ। ਸਿੱਖਾਂ ਨਾਲ ਟਕਰਾਓ ਤੇ ਦਰਬਾਰ ਸਾਹਿਬ ਉੱਪਰ ਹਮਲੇ ਦਾ ਵਿਚਾਰ ਇੰਦਰਾ ਪਹਿਲਾਂ ਹੀ ਬਣਾ ਚੁੱਕੀ ਸੀ, ਕਿਉਂਕਿ ਇੰਦਰਾ ਵਲੋਂ ਲਗਾਈ ਐਮਰਜੈਂਸੀ ਦਾ ਵਿਰੋਧ ਸਿੱਖਾਂ ਨੇ ਵੱਡੇ ਪੱਧਰ 'ਤੇ ਕੀਤਾ ਸੀ। ਇਸੇ ਕਰਕੇ ਇੰਦਰਾ ਨੂੰ ਐਮਜਰੈਂਸੀ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ। ਇਸ ਹਾਰ ਨੂੰ ਇੰਦਰਾ ਬਰਦਾਸ਼ਤ ਨਹੀਂ ਕਰ ਸਕੀ, ਜਿਸ ਵਿਚੋਂ ਇਹ ਘੱਲੂਘਾਰਾ ਨਿਕਲਿਆ। ਇਸ ਘੱਲੂਘਾਰੇ ਦੇ ਜਨਮ ਦਾ ਇਹ ਵੀ ਕਾਰਨ ਸੀ ਕਿ ਇੰਦਰਾ ਹਿੰਦੂਤਵ ਦੀ ਰਚਨਾ ਕਰਕੇ ਤੇ ਸਿੱਖ ਕੌਮ ਨੂੰ ਅੱਤਵਾਦੀ ਐਲਾਨ ਕੇ ਫੌਜੀ ਅਪਰੇਸ਼ਨ ਕਰਕੇ ਆਪਣੀ ਸੱਤਾ ਕਾਇਮ ਰੱਖਣਾ ਚਾਹੁੰਦੀ ਸੀ। ਹਾਲਾਂਕਿ ਸੰਨ 1982 ਦੌਰਾਨ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲਾਂ ਵਿਚ ਗਏ ਸਨ। ਪਰ ਇੰਦਰਾ ਗਾਂਧੀ ਨੇ ਇਸ ਨੂੰ ਅੱਤਵਾਦ ਨਾਲ ਜੋੜ ਕੇ ਇਹ ਫਿਰਕੂ ਖੇਡ ਖੇਡੀ। ਇਕ ਸਾਜ਼ਿਸ਼ ਤਹਿਤ ਅਧੀਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਾਲੇ 6 ਜੂਨ ਦਾ ਦਿਨ ਜਾਣਬੁਝ ਕੇ ਚੁਣਿਆ ਗਿਆ ਤਾਂ ਜੋ ਉੱਥੇ ਇਕੱਠੀਆਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਹਮਲੇ ਦੌਰਾਨ ਮਸ਼ੀਨ ਗੰਨਾਂ, ਹੈਲੀਕਾਪਟਰਾਂ, ਟੈਂਕਾਂ ਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅਕਾਲ ਤਖ਼ਤ ਢਹਿ ਢੇਰੀ ਕੀਤਾ ਗਿਆ। ਤਕਰੀਬਨ ਹਜ਼ਾਰਾਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਮੌਕੇ ਸੰਤ ਭਿੰਡਰਾਂਵਾਲੇ ਅਤੇ ਉਨਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦਸੀ ਜਾਂਦੀ ਹੈ। ਪਰ ਸੁਆਲ ਇਹ ਹੈ ਕਿ ਏਨੀ ਕੁ ਗਿਣਤੀ ਨੂੰ ਗ੍ਰਿਫ਼ਤਾਰ ਕਰਨ ਦੇ ਲਈ ਏਨਾ ਵੱਡਾ ਫੌਜੀ ਅਪਰੇਸ਼ਨ ਕਿਉਂ ਕੀਤਾ ਗਿਆ? ਸਿੱਖ ਰੈਂਫ਼ਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਹੁਣ ਤੱਕ ਇਹ ਸਾਹਿਤਕ ਖਜ਼ਾਨਾ ਵਾਪਸ ਨਹੀਂ ਕੀਤਾ ਗਿਆ। ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿਚ 72 ਹੋਰ ਗੁਰਦਵਾਰਿਆਂ ਉਪਰ ਵੀ ਭਾਰਤੀ ਫ਼ੌਜ ਨੇ ਇੰਦਰਾ ਸਰਕਾਰ ਦੇ ਹੁਕਮ ਅਨੁਸਾਰ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਇਨਾਂ ਗੁਰਦਵਾਰਿਆਂ ਅੰਦਰ ਕੋਈ ਖਾੜਕੂ ਮੌਜੂਦ ਨਹੀਂ ਸੀ। ਪਰ ਉੱਥੇ ਵੀ ਸਿੱਖ ਸੰਗਤਾਂ ਨੂੰ ਜ਼ਲੀਲ ਕੀਤਾ ਗਿਆ ਤੇ ਤਸ਼ੱਦਦ ਢਾਹਿਆ ਗਿਆ।

ਮਨੁੱਖੀ ਅਧਿਕਾਰਾਂ ਦਾ ਜੋ ਘਾਣ 84 ਤੋਂ ਬਾਅਦ ਪੰਜਾਬ ਵਿਚ ਹੋਇਆ, ਝੂਠੇ ਪੁਲੀਸ ਮੁਕਾਬਲੇ ਹੋਏ, ਲਾਵਾਰਸ ਲਾਸ਼ਾਂ ਦਾ ਕੇਸ ਮਨੁੱਖੀ ਅਧਿਕਾਰਾਂ ਦੇ ਨੇਤਾ ਜਸਵੰਤ ਸਿੰਘ ਖਾਲੜਾ ਨੇ ਲਿਆਂਦਾ ਉਸ ਦੀ ਮਿਸਾਲ ਸਾਰੇ ਭਾਰਤ ਵਿਚ ਨਹੀਂ ਮਿਲਦੀ। ਆਖਿਰ ਜਸਵੰਤ ਸਿੰਘ ਖਾਲੜਾ ਨੂੰ ਵੀ ਲਾਵਾਰਸ ਲਾਸ਼ ਬਣਾ ਦਿੱਤਾ ਗਿਆ। ਇਹ ਭਾਰਤੀ ਜਮਹੂਰੀਅਤ ਦਾ ਕਤਲ ਸੀ। ਅੱਜ ਤੱਕ ਸਿੱਖ ਕੌਮ ਇਸ ਘੱਲੂਘਾਰੇ ਕਾਰਨ ਬੇਗਾਨਗੀ ਦਾ ਅਹਿਸਾਸ ਕਰ ਰਹੀ ਹੈ।

ਵਰਣਨਯੋਗ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਇਸ ਘਟਨਾ ਦਾ ਯਥਾਰਥਕ ਪੱਖ ਆਪਣੀ ਲਿਖਤਾਂ ਵਿਚ ਕਦੇ ਵੀ ਪੇਸ਼ ਨਹੀਂ ਕੀਤਾ ਤੇ ਉਹ ਸਰਕਾਰੀ ਇਨਾਮਾਂ ਪਦਮ ਸ੍ਰੀ, ਪਦਮ ਬਿਭੂਸ਼ਨ ਵਰਗੇ ਪੁਰਸਕਾਰਾਂ ਦੀ ਝਾਕ ਵਿਚ ਆਪਣੀਆਂ ਜਮੀਰਾਂ ਵੇਚਦੇ ਰਹੇ। ਗ਼ੈਰਾਂ ਤੋਂ ਇਲਾਵਾ ਸਾਡੇ ਆਪਣਿਆਂ ਨੇ ਵੀ ਇਸ ਘੱਲੂਘਾਰੇ ਦੌਰਾਨ ਪੰਥ ਨਾਲ ਧੋਖਾ ਕੀਤਾ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਥ ਦੀ ਸੋਚ ਤੋਂ ਪਰੇ ਜਾ ਕੇ ਲੰਗੜਾ ਲੂਲਾ ਰਾਜੀਵ-ਲੌਂਗੋਵਾਲ ਸਮਝੌਤਾ ਕੀਤਾ। ਪ੍ਰਕਾਸ਼ ਸਿੰਘ ਬਾਦਲ ਹੁਣ ਤੱਕ ਗੁਰੂ ਨਾਨਕ ਪੰਥ ਦੀ ਸੋਚ ਦੇ ਉਲਟ ਭੁਗਤਦੇ ਰਹੇ ਤੇ ਸੱਤਾ ਪ੍ਰਾਪਤੀ ਦੇ ਲਈ ਕੇਂਦਰ ਸਰਕਾਰ ਖਾਸ ਕਰਕੇ ਭਾਜਪਾ ਦੇ ਅਧੀਨ ਰਾਜਨੀਤੀ ਕਰਦੇ ਰਹੇ। ਨਿਰੰਕਾਰੀ ਕਾਂਡ, ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ, ਸੌਦਾ ਸਾਧ, ਦਰਿਆਈ ਪਾਣੀ ਦੇ ਮਸਲੇ ਇਸ ਗੱਲ ਦੇ ਗਵਾਹ ਹਨ ਕਿ ਬਾਦਲ ਪਰਿਵਾਰ ਦੀ ਨਿਸ਼ਠਾ ਪੰਥ ਪ੍ਰਤੀ ਕਦਾਚਿਤ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਤੌਰ 'ਤੇ ਭੋਗ ਪੈਣਾ ਪੰਥ ਲਈ ਇਕ ਹੋਰ ਵੱਡਾ ਦੁਖਾਂਤ ਹੈ। ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਨਾ ਉਭਰਨਾ ਘੱਲੂਘਾਰਾ ਜੂਨ 84 ਦਾ ਇਕ ਵਿਸ਼ਾਲ ਹਿੱਸਾ ਹੈ। ਇਸ ਵਿਚ ਬਾਦਲ ਪਰਿਵਾਰ ਦਾ ਵੱਡਾ ਯੋਗਦਾਨ ਹੈ। ਅਜੇ ਸਿੱਖ ਇਤਿਹਾਸਕਾਰਾਂ ਤੇ ਲੇਖਕਾਂ ਨੇ ਇਸ ਬਾਰੇ ਬਹੁਤ ਕੁਝ ਲਿਖਣਾ ਹੈ ਤੇ ਬਹੁਤ ਤੱਥ ਸਾਹਮਣੇ ਆਉਣੇ ਬਾਕੀ ਹਨ।

ਦਰਬਾਰ ਸਾਹਿਬ, ਅੰਮ੍ਰਿਤਸਰ ਗੁਰੂ ਨਾਨਕ ਪੰਥ ਦੀ ਰੂਹ ਵਿਚ ਵਸਦਾ ਹੈ। ਇਸ ਦੇ ਸਾਹਮਣੇ ਝੂਲਦੇ ਦੋ ਨਿਸ਼ਾਨ ਸਿੱਖ ਗੁਰੂਆਂ ਦੀ ਮੀਰੀ-ਪੀਰੀ ਵਿਚਾਰਧਾਰਾ ਦੇ ਮੂੰਹ ਬੋਲਦੇ ਪ੍ਰਤੀਕ ਹਨ, ਜੋ ਗੁਰੂ ਨਾਨਕ ਪੰਥ ਨੂੰ ਆਪਣੀ ਪ੍ਰਭੂਸੱਤਾ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਪਰ ਇਨਾਂ ਨਿਸ਼ਾਨ ਸਾਹਿਬ ਦੇ ਬਸੰਤੀ ਤੋਂ ਭਗਵੇਂ ਕਰ ਦਿੱਤੇ ਜਾਣੇ ਸਿੱਖ ਕੌਮੀਅਤ ਦਾ ਭਗਵਾਂਕਰਨ ਵੱਲ ਪੁੱਟੇ ਕਦਮ ਹਨ। ਬਾਦਲ ਪਰਿਵਾਰ ਦੀ ਗੁਰੂ ਗ੍ਰੰਥ ਸਾਹਿਬ ਅੱਗੇ ਹਾਜ਼ਰੀ ਨਾ ਹੋ ਕੇ ਭਗਵੇਂਵਾਦ ਦੇ ਕੈਂਪ ਵਿਚ ਹਾਜ਼ਰੀ ਹੋਣਾ ਸਿੱਖ ਰੂਹਾਂ ਵਿਚ ਵੱਡੇ ਦੁਖਾਂਤ ਸਿਰਜਦਾ ਹੈ। ਦਰਬਾਰ ਸਾਹਿਬ ਵਿਖੇ ਗੋਲੀਆਂ ਦਾ ਨਿਸ਼ਾਨ ਮਿਟਾ ਦੇਣੇ ਇਸੇ ਦਿਸ਼ਾ ਵਲ ਕਦਮ ਸੀ ਕਿ ਸਿੱਖ ਇਹ ਸਾਕਾ ਭੁੱਲ ਜਾਣ। ਪਰ ਸਿੱਖ ਸਿਧਾਂਤ, ਸਿੱਖ ਪਰੰਪਰਾ, ਸਿੱਖ ਫਿਲਾਸਫੀ ਤੇ ਸਿੱਖ ਇਤਿਹਾਸ ਲਗਾਤਾਰ ਸਿੱਖ ਜਗਤ ਦੀ ਅਗਵਾਈ ਕਰ ਰਹੇ ਹਨ, ਜਿਸ ਤਹਿਤ ਏਨਾ ਵੱਡਾ ਦੁਖਾਂਤ ਭੁੱਲ ਜਾਣ ਅਸੰਭਵ ਹੈ। ਏਨੀ ਗੱਲ ਜ਼ਰੂਰ ਹੈ ਕਿ ਸਿੱਖ ਆਪਣੀ ਸੰਗਤ ਰੂਪੀ ਜਮਾਤ ਨਹੀਂ ਸਿਰਜ ਸਕੇ ਤੇ ਨਾ ਹੀ ਇਸ ਤੋਂ ਬਾਅਦ ਗੁਰਮਤਿ ਪੱਖੀ ਰਾਜਨੀਤੀ ਵਲ ਵੱਧ ਸਕੇ ਹਨ, ਜਿਸ ਦੇ ਇਸਾਰੇ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦੇ ਰੂਪ ਵਿਚ ਕੀਤੇ ਹਨ। ਜਾਤੀਵਾਦ, ਕਰਮਕਾਂਡ, ਸਿੱਖ ਸਿਧਾਂਤਾਂ ਦਾ ਬ੍ਰਾਹਮਣੀਕਰਨ ਤੇ ਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਹਲੇਮੀ ਰਾਜ ਦੇ ਸੰਕਲਪ ਵਿਚ ਵੱਡੀ ਰੁਕਾਵਟ ਹਨ। ਮੁਗਲ ਹਕੂਮਤ ਤੋਂ ਲੈ ਕੇ ਧਾੜਵੀ ਨਾਦਰ ਸ਼ਾਹ, ਅਬਦਾਲੀ ਅੰਗਰੇਜ਼ ਦਰਬਾਰ ਸਾਹਿਬ ਦੇ ਮਹੱਤਵ ਨੂੰ ਹਮੇਸ਼ਾ ਜਾਣਦੇ ਰਹੇ ਹਨ।

ਇਸੇ ਕਰਕੇ ਦਰਬਾਰ ਸਾਹਿਬ 'ਤੇ ਹਮਲੇ ਹੁੰਦੇ ਰਹੇ ਤੇ ਕਬਜ਼ੇ ਵੀ ਹੁੰਦੇ ਰਹੇ। ਅੰਗਰੇਜ਼ ਰਾਜ ਦੌਰਾਨ ਸਿੱਖੀ ਤੋਂ ਬੇਮੁੱਖ ਹੋਏ ਮਹੰਤਾਂ, ਪੁਜਾਰੀਆਂ ਦਾ ਦਰਬਾਰ ਸਾਹਿਬ ਤੇ ਗੁਰਧਾਮਾਂ ਉੱਪਰ ਕਬਜ਼ਾ ਕਰਵਾ ਦਿੱਤਾ ਗਿਆ ਤਾਂ ਜੋ ਆਜ਼ਾਦੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਗੁਰਧਾਮਾਂ ਰਾਹੀਂ ਨਾ ਹੋ ਸਕੇ। ਇਹੀ ਘਾੜਤਾਂ ਹੁਣ ਘੜੀਆਂ ਜਾ ਰਹੀਆਂ ਹਨ ਅਤੇ ਸੱਤਾ ਦੀ ਲਾਲਚੀ ਸਿੱਖ ਲੀਡਰਸ਼ਿਪ ਨਾਲ ਇਨਾਂ ਦਾ ਗੱਠਜੋੜ ਹੈ। ਅੰਗਰੇਜ਼ ਕਾਲ ਦੌਰਾਨ ਸਿੰਘ ਸਭਾ ਲਹਿਰ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਗੁਰੂ ਨਾਨਕ ਪੰਥ ਨੂੰ ਰਾਜਨੀਤਕ ਤੇ ਧਾਰਮਿਕ ਪੱਖ ਤੋਂ ਮਜ਼ਬੂਤ ਕੀਤਾ ਸੀ, ਪਰ ਅੱਜ ਸਿੱਖ ਦਿਸ਼ਾਹੀਣ ਹਨ, ਕਿਉਂਕਿ ਸਿਧਾਂਤਕ ਅਗਵਾਈ ਕਰਨ ਵਾਲੀ ਨਾ ਉਨਾਂ ਕੋਲ ਬੁੱਧੀਜੀਵੀ ਜਮਾਤ ਤੇ ਨਾ ਸਿਆਸੀ ਜਮਾਤ ਹੈ। 33 ਸਾਲ ਬੀਤ ਜਾਣ 'ਤੇ ਵੀ ਸਿੱਖਾਂ ਦੇ ਮਨਾਂ ਵਿਚ ਦਰਬਾਰ ਸਾਹਿਬ ਤੇ ਹੋਏ ਫ਼ੌਜੀ ਹਮਲੇ ਵਿਰੁਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ। ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿਚ ਜਦੋਂ ਸਿਖਾਂ ਦਾ ਸੰਗਠਨ ਨਹੀਂ ਹੈ ਤਾਂ ਉਸ ਮੌਕੇ ਸਿੱਖ ਪੰਥ ਨੂੰ ਆਪਣੀ ਆਵਾਜ਼ ਕਿਵੇਂ ਬੁਲੰਦ ਕਰਨੀ ਚਾਹੀਦੀ ਹੈ ਤੇ ਕਿਵੇਂ ਸਿਆਸੀ ਤੌਰ 'ਤੇ ਪੰਜਾਬ ਦੀ ਅਗਵਾਈ ਕਰਦਿਆਂ ਵਿਸ਼ਵ ਵਿਚ ਰੋਲ ਨਿਭਾਉਣਾ ਚਾਹੀਦਾ ਹੈ। ਜੂਨ 1984 ਦੇ ਖ਼ੂਨੀ ਸਾਕੇ ਨਾਲ ਸਬੰਧਿਤ ਸਾਰੇ ਖ਼ੁਫ਼ੀਆ ਦਸਤਾਵੇਜ਼ ਰਲੀਜ਼ ਕਰਵਾ ਕੇ, ਇਸ ਘਟਨਾ ਦੀ ਪੂਰੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕੀਤਾ ਜਾਣਾ ਚਾਹੀਦਾ ਹੈ। ਦਰਬਾਰ ਸਾਹਿਬ ਅੰਦਰ ਸ਼ਹੀਦ ਹੋਏ ਸਾਰੇ ਸਿੱਖਾਂ ਦੀ ਲਿਸਟ ਤਿਆਰ ਕਰਨੀ ਚਾਹੀਦੀ ਹੈ ਤਾਂ ਜੋ ਨਿਰਪੱਖ ਜਾਂਚ ਵਲ ਵਧਿਆ ਜਾ ਸਕੇ। ਇੰਗਲੈਂਡ ਦੇ ਸਿੱਖਾਂ ਨੂੰ ਚਾਹੀਦਾ ਹੈ ਕਿ ਬ੍ਰਿਟਿਸ਼ ਸਰਕਾਰ ਨੂੰ ਵੀ ਅਪੀਲ ਕਰ ਕੇ ਪਤਾ ਲਗਾਏ ਕਿ ਇੰਗਲੈਂਡ ਦਾ ਇਸ ਸਾਕੇ ਵਿਚ ਕੀ ਰੋਲ ਸੀ।

ਗੁਰੂ ਨਾਨਕ ਪੰਥ ਨੂੰ ਇਸ ਸੰਕਟ ਦੌਰਾਨ ਆਪਣੀ ਜ਼ਿੰਮੇਵਾਰੀ ਤੈਅ ਕਰਦਿਆਂ ਹੋਇਆ ਮਜ਼ਬੂਤ ਸਿਆਸੀ ਸੰਗਠਨ ਉਸਾਰਨ ਦੀ ਅਤਿਅੰਤ ਲੋੜ ਹੈ, ਜਿਸ ਦੀ ਪਹੁੰਚ ਵਿਸ਼ਵ ਪੱਧਰ 'ਤੇ ਹੋਵੇ।



ਬਾਕੀ ਸਫ਼ਾ 31 'ਤੇ

# ਸੰਤ ਅਕਾਲ ਤਖ਼ਤ ਉੱਪਰ ਨਹੀਂ ਸਨ, ਨਾਲ ਦੀ ਬਿਲਡਿੰਗ 'ਚ ਮੋਰਚਾ ਲਗਾਇਆ ਸੀ: ਮੋਹਕਮ ਸਿੰਘ

***✪ ਪੰਥ ਨੂੰ ਢਹਿੰਦੀ ਕਲਾਂ ਤੋਂ ਬਚਾਉਣ ਲਈ ਸੰਤਾਂ ਦੀ ਸ਼ਹਾਦਤ ਟਕਸਾਲ ਵੱਲੋਂ ਜਾਰੀ ਨਹੀਂ ਕੀਤੀ ਗਈ***

***✪ ਅਸੀਂ 6 ਜੂਨ ਨੂੰ ਭੇਸ ਵਟਾ ਕੇ ਬਾਹਰ ਨਿਕਲੇ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦੌਰਾਨ ਗੋਲੀਆਂ ਤੇ ਗੋਲਿਆਂ ਦੀ ਵਰਤੋਂ ਕੀਤੀ ਗਈ***

***✪ ਦਰਬਾਰ ਸਾਹਿਬ ਵਿਖੇ 6 ਜੂਨ ਦੌਰਾਨ ਸੰਗਤਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਚੁੱਕੇ ਸਨ***

## - ਅੰਮ੍ਰਿਤਸਰ ਟਾਈਮਜ਼ ਫੀਚਰ

ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਵੇਲੇ ਐਮਰਜੈਂਸੀ ਦੇ ਮੋਰਚੇ ਦੌਰਾਨ ਭਾਈ ਮੋਹਕਮ ਸਿੰਘ ਨਗਰ ਕੀਰਤਨਾਂ ਤੇ ਪਿੰਡਾਂ ਦੇ ਵਿਚ ਸਿੱਖੀ ਪ੍ਰਚਾਰ ਮੁਹਿੰਮ ਵਿਚ ਸ਼ਾਮਲ ਹੁੰਦੇ ਰਹੇ। ਇਹ ਮੋਰਚਾ 1975 ਤੋਂ 1977 ਤੱਕ ਲੱਗਾ। ਜਥੇਦਾਰ ਮੋਹਨ ਸਿੰਘ ਤੁੜ ਨੇ ਦਮਦਮੀ ਟਕਸਾਲ ਦਾ ਸਹਿਯੋਗ ਮੰਗਿਆ ਸੀ। ਉਸ ਸਮੇਂ ਦੌਰਾਨ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੋ ਕਿ ਮੋਰਚੇ ਦੇ ਮੁਖੀ ਸਨ, ਨਾਲ ਸਹਿਯੋਗ ਕੀਤਾ ਸੀ। ਭਾਈ ਮੋਹਕਮ ਸਿੰਘ ਸੰਤ ਕਰਤਾਰ ਸਿੰਘ ਵੇਲੇ ਤੋਂ ਦਮਦਮੀ ਟਕਸਾਲ ਵਿਚ ਵਿਦਿਆਰਥੀ ਹਨ। ਭਾਈ ਮੋਹਕਮ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਖਾਸ ਸਹਿਯੋਗੀ ਰਹੇ ਹਨ, ਜਿਨਾਂ ਨੇ ਜੂਨ 84 ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਦੀ ਸ਼ਹਾਦਤ ਉਪਰੰਤ ਦਮਦਮੀ ਟਕਸਾਲ ਨੂੰ ਸਰਗਰਮ ਕਰਨ ਤੇ ਧਰਮਯੁੱਧ ਮੋਰਚੇ ਨੂੰ ਅਗਾਂਹ ਤੋਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਬਣੇ ਰਹੇ। ਉਹ ਸਿੱਖ ਘੱਲੂਘਾਰਾ ਜੂਨ 84 ਦੌਰਾਨ ਸ੍ਰੀ ਦਰਬਾਰ ਸਾਹਿਬ ਵਿਚ ਹੀ ਸਨ। ਸੰਤਾਂ ਦੀ ਸ਼ਹਾਦਤ ਉਪਰੰਤ ਉਹ ਦਰਬਾਰ ਸਾਹਿਬ ਵਿਚੋਂ ਆਪਣੇ ਸਾਥੀਆਂ ਨਾਲ ਬਚ ਕੇ ਤੇ ਭੇਸ ਵਟਾ ਕੇ ਨਿਕਲ ਗਏ ਸਨ। ਬੀਤੇ ਦਿਨੀਂ ਉਨਾਂ ਨਾਲ ਖਾਸ ਮੁਲਾਕਾਤ ਹੋਈ ਜਿਸ ਦੇ ਪ੍ਰਮੁਖ ਅੰਸ਼ ਪਾਠਕਾਂ ਦੇ ਹਿੱਤ ਵਿਚ ਪੇਸ਼ ਕੀਤੇ ਜਾ ਰਹੇ ਹਨ:

**ਸੁਆਲ-ਸੰਤ ਭਿੰਡਰਾਂਵਾਲਿਆਂ ਦੇ ਅਕਾਲੀ ਦਲ ਦੇ ਨੇਤਾਵਾਂ ਤੇ ਇੰਦਰਾ ਗਾਂਧੀ ਦੀਆਂ ਮੁਲਾਕਾਤਾਂ ਬਾਰੇ ਕੀ ਖਿਆਲ ਸਨ ?**

ਜੁਆਬ–ਸੰਤਾਂ ਦਾ ਕਹਿਣਾ ਸੀ ਕਿ ਇੰਦਰਾ ਬੀਬੀ ਡਰਾਮੇ ਕਰ ਰਹੀ ਹੈ, ਉਹ ਪੰਜਾਬ ਨੂੰ ਹੱਕ ਨਹੀਂ ਦੇ ਰਹੀ। ਅਸੀਂ ਹੱਕ ਮੰਗ ਰਹੇ ਹਾਂ, ਮੰਗਾਂ ਨਹੀਂ। ਮੰਗਾਂ ਸਿਰਫ ਮੰਗਤੇ ਮੰਗਦੇ ਨੇ। ਅਨੰਦਪੁਰ ਮਤੇ ਬਾਰੇ ਸੰਤ ਕਲੀਅਰ ਸਨ। ਉਹ ਚਾਹੁੰਦੇ ਸਨ ਚੰਡੀਗੜ ਪੰਜਾਬ ਨੂੰ ਦਿੱਤਾ ਜਾਵੇ, ਰਾਜਾਂ ਨੂੰ ਖੁਦਮੁਖਤਿਆਰੀ ਹੋਵੇ, ਪੰਜਾਬ ਪਾਣੀਆਂ ਦਾ ਫੈਸਲਾ ਰਿਪੇਰੀਅਨ ਕਾਨੂੰਨਾਂ ਅਨੁਸਾਰ ਕੀਤਾ ਜਾਵੇ ਆਦਿ। ਸਿੱਖਾਂ ਦੇ ਧਾਰਮਿਕ ਹੱਕ ਦਿੱਤੇ ਜਾਣ। ਸੰਤ ਭਿੰਡਰਾਂਵਾਲੇ ਆਪਣੇ ਇਸ ਫੈਸਲੇ 'ਤੇ ਦ੍ਰਿੜ ਸਨ 'ਹੁਣ ਮੂੰਹ ਨੂੰ ਜੂਸ ਲਾ ਕੇ ਜੈਕਾਰਾ ਨਹੀਂ ਛੱਡਿਆ ਜਾਣਾ ਜਾਂ ਤਾਂ ਅਨੰਦਪੁਰ ਦਾ ਮਤਾ ਪੂਰਾ ਮਿਲੂ ਤੇ ਜਾਂ ਸੀਸ ਲੱਗਣਗੇ'। ਜੇ ਕੇਂਦਰ ਸਰਕਾਰ ਕੁਝ ਕੁ ਮੰਗਾਂ ਵੀ ਮੰਨ ਲੈਂਦੀ ਤਾਂ ਸ਼ਾਇਦ ਇਹ ਹੋਣੀ ਟਾਲੀ ਜਾ ਸਕਦੀ ਸੀ। ਪਰ ਇੰਦਰਾ ਸਰਕਾਰ ਪੰਜਾਬ ਦੇ ਮੱਸਲਿਆਂ ਬਾਰੇ ਫਿਰਕੂ ਨਜ਼ਰੀਆਂ ਧਾਰੀ ਬੈਠੀ ਸੀ। ਇਸੇ ਲਈ ਉਹ ਪੰਜਾਬ ਦੀਆਂ ਹੱਕੀ ਮੰਗਾਂ ਨਹੀਂ ਮੰਨ ਰਹੀ ਸੀ। ਇੰਦਰਾ ਸਰਕਾਰ ਨੇ ਵਿਖਾਵੇ ਮਾਤਰ ਗੱਲਬਾਤ ਦੇ ਕੋਈ ਦੋ ਦਰਜਨ ਤੋਂ ਵੀ ਵੱਧ ਦੌਰ ਚਲਾਏ। ਸਮਝੌਤਾ ਕਰਵਾਉਣ ਵਾਲਿਆਂ ਵਿਚ ਦੇਸ਼ ਦੇ ਮੰਨੇ ਪ੍ਰਮੰਨੇ ਪਤਵੰਤੇ ਵਿਅਕਤੀ ਸ਼ਾਮਲ ਸਨ ਜਿਵੇਂ ਕਿ ਸਰਵਣ ਸਿੰਘ, ਕੁਲਦੀਪ ਨਈਅਰ, ਕੈਪਟਨ ਅਮਰਿੰਦਰ ਸਿੰਘ, ਹਰਕਿਸ਼ਨ ਸਿੰਘ ਸੁਰਜੀਤ ਤੇ ਕਈ ਹੋਰ। ਇਹ ਸਭ ਇੰਦਰਾ ਗਾਂਧੀ ਦੀ ਦੋਗਲੀ ਨੀਤੀ ਦੇ ਹੱਕ ਵਿਚ ਭੁਗਤੇ। ਕਿਸੇ ਦੇ ਵਿਚ ਏਨਾ ਦਮ ਨਹੀਂ ਸੀ ਕਿ ਉਹ ਇੰਦਰਾ ਗਾਂਧੀ ਦੀ ਦੋਗਲੀ ਨੀਤੀ ਦਾ ਵਿਰੋਧ ਕਰ ਸਕਦੇ। ਅਸਲ ਵਿਚ ਇੰਦਰਾ ਫ਼ਿਰਕੂ ਵਿਚਾਰਧਾਰਾ ਅਧੀਨ ਹਿੰਦੂ ਰਾਸ਼ਟਰ ਦੀ ਸਰਪ੍ਰਸਤ ਬਣ ਕੇ ਭਾਜਪਾ ਨੂੰ ਮਾਤ ਪਾਉਣਾ ਚਾਹੁੰਦੀ ਸੀ ਅਤੇ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰਨਾ ਚਾਹੁੰਦੀ ਸੀ। ਪੰਜਾਬ ਦੀਆਂ ਰਾਜਨੀਤਕ ਸਮੱਸਿਆਵਾਂ ਨੂੰ ਫ਼ਿਰਕੂ ਰੰਗ ਦੇ ਕੇ ਸਿੱਖਾਂ ਨੂੰ ਕੁਚਲਣਾ ਚਾਹੁੰਦੀ ਸੀ। ਸੰਨ 1982 ਵਿਚ ਲੱਗਿਆ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲਾਂ ਵਿਚ ਗਏ ਸਨ। ਅਨੰਦਪੁਰ ਦੇ ਆਧਾਰ 'ਤੇ ਲੱਗੇ ਮੋਰਚੇ ਦੀਆਂ ਮੰਗਾਂ ਜਾਇਜ਼ ਸਨ। ਪ੍ਰੰਤੂ ਅਨੰਦਪੁਰ ਦੇ ਮਤੇ ਨੂੰ ਦੇਸ ਵਿਰੋਧੀ ਬਣਾ ਕੇ ਪੇਸ਼ ਕੀਤਾ ਗਿਆ। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਰਾਹੀਂ ਇੰਦਰਾ ਸਰਕਾਰ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੀ ਸੱਤਾ ਕਾਇਮ ਰੱਖਣਾ ਚਾਹੁੰਦੀ ਸੀ।

**ਸੁਆਲ-ਭਾਈ ਸਾਹਿਬ ਜਦੋਂ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਸ ਸਮੇਂ ਦੌਰਾਨ ਕੀ ਮਾਹੌਲ ਸੀ ?**

ਜੁਆਬ–ਜੂਨ 1984 ਸਿੱਖ ਮਾਨਸਿਕਤਾ 'ਤੇ ਅਜਿਹਾ ਜ਼ਖ਼ਮ ਹੈ ਜੋ ਹਰ ਸਾਲ ਨਾਸੂਰ ਬਣ ਕੇ ਵਹਿੰਦਾ। ਇਸ ਦੀ ਪੀੜ ਅੱਜ ਇੰਨੇ ਸਾਲਾਂ ਮਗਰੋਂ ਵੀ ਹਰ ਸਿੱਖ ਦੀ ਮਾਨਸਿਕਤਾ ਬਾਹਰ ਝਲਕਦੀ ਨਜ਼ਰ ਆਉਂਦੀ ਹੈ। ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ 6 ਜੂਨ 1984 ਨੂੰ ਕੀਤਾ ਸੀ। ਪਰ ਇਸ ਦੌਰਾਨ ਪਹਿਲਾਂ ਹੀ ਝੜਪਾਂ ਸ਼ੁਰੂ ਹੋ ਗਈਆਂ ਸਨ, ਕਿਉਂਕਿ ਫੌਜ ਦੇਖਣਾ ਚਾਹੁੰਦੀ ਸੀ ਕਿ ਸਿੱਖਾਂ ਨੇ ਕਿੱਥੇ ਕਿੱਥੇ ਮੋਰਚੇ ਗੱਡੇ ਹੋਏ ਹਨ। 28 ਮਈ 1984 ਦੌਰਾਨ ਇੰਦਰਾ ਸਰਕਾਰ ਵੱਲੋਂ ਪੂਰੇ ਪੰਜਾਬ ਵਿਚ ਫ਼ੌਜ ਤਾਇਨਾਤ ਕਰ ਦਿੱਤੀ ਸੀ। ਜਿਹੜੀਆਂ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਸਨ, ਉਹ ਦਸਦੀਆਂ ਸਨ ਕਿ ਪਿੰਡਾਂ ਵਿਚ ਫ਼ੌਜ ਵੱਲੋਂ ਅੰਮ੍ਰਿਤਧਾਰੀ ਸਿੰਘਾਂ ਨੂੰ ਸ਼ੱਕ ਭਰੀਆਂ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਸੀ। ਤਲਾਸ਼ੀਆਂ ਦਾ ਦੌਰ ਸ਼ੁਰੂ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਰਦਾਰ ਗੁਰਦੇਵ ਸਿੰਘ ਨੇ ਫ਼ੌਜ ਦੇ ਸ੍ਰੀ ਦਰਬਾਰ ਸਾਹਿਬ ਵਿਚ ਦਾਖ਼ਲੇ ਦੇ ਸਰਕਾਰੀ ਹੁਕਮਾਂ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਨਾਂ ਨੂੰ ਜ਼ਬਰੀ ਲੰਬੀ ਛੁੱਟੀ 'ਤੇ ਭੇਜ ਦਿੱਤਾ ਗਿਆ। ਉਸ ਵੇਲੇ ਦੇ ਗਵਰਨਰ ਬੀਡੀ ਪਾਂਡੇ ਨੇ ਤੁਰੰਤ ਰਮੇਸ਼ਇੰਦਰ ਸਿੰਘ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਾ ਚਾਰਜ ਸੌਂਪ ਦਿੱਤਾ, ਜਿਸ ਨੇ ਦਰਬਾਰ ਸਾਹਿਬ ਵਿਚ ਫ਼ੌਜ ਦੇ ਦਾਖ਼ਲੇ ਵਾਲੇ ਹੁਕਮਾਂ 'ਤੇ ਬਿਨਾਂ ਕਿਸੇ ਝਿਜਕ ਦੇ ਦਸਤਖ਼ਤ ਕਰ ਦਿੱਤੇ। ਭਾਰਤੀ ਫ਼ੌਜ ਦੇ ਮੁਖੀ ਜਨਰਲ ਅਰੁਣ ਸ੍ਰੀਧਰ ਵੈਦਿਆ ਵੱਲੋਂ ਪੱਛਮੀ ਕਮਾਨ ਦੇ ਲੈਫਟੀਨੈਂਟ ਜਨਰਲ ਕੇ ਸੁੰਦਰ ਨੂੰ ਇਸ ਅਪਰੇਸ਼ਨ ਦਾ ਮੁਖੀ ਥਾਪਿਆ ਗਿਆ ਜਦਕਿ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਪੰਜਾਬ ਦਾ ਸੁਰੱਖਿਆ ਸਲਾਹਕਾਰ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਜਨਰਲ ਕੁਲਦੀਪ ਸਿੰਘ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਅਗਵਾਈ ਲਈ ਅੰਮ੍ਰਿਤਸਰ ਆ ਪੁੱਜਾ ਸੀ। ਸੀਆਰਪੀਐਫ ਨੇ ਪਹਿਲਾਂ ਤੋਂ ਹੀ ਹਮਲੇ ਦੀ ਤਿਆਰੀ ਕੀਤੀ ਹੋਈ ਸੀ। ਦਰਬਾਰ ਸਾਹਿਬ ਦੇ ਆਲੇ ਦੁਆਲੇ ਭਾਰਤੀ ਫੌਜ ਮੋਰਚਾਬੰਦੀ ਕਰ ਚੁੱਕੀ ਸੀ।

1 ਜੂਨ 1984 ਨੂੰ ਸਾਢੇ 12 ਵਜੇ ਸੀਆਰਪੀਐਫ ਨੇ ਬਿਨਾਂ ਕਿਸੇ ਭੜਕਾਹਟ ਦੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦਰਬਾਰ ਸਾਹਿਬ ਨਾਲ ਲਗਦੇ ਇਲਾਕੇ ਦੇ ਮੋਚੀ ਬਜ਼ਾਰ ਵਿਚ ਇਕ ਕੰਧ ਦੀ ਉਸਾਰੀ ਨੂੰ ਲੈ ਕੇ ਸੀਆਰਪੀਐਫ ਅਤੇ ਸ਼੍ਰੋਮਣੀ ਕਮੇਟੀ ਦੇ ਕੁੱਝ ਅਧਿਕਾਰੀਆਂ ਵਿਚਾਲੇ



ਤਕਰਾਰਬਾਜ਼ੀ ਹੋ ਗਈ। ਸੀਆਰਪੀਐਫ ਨੇ ਬਿਨਾਂ ਕਿਸੇ ਦੇਰੀ ਗੋਲੀ ਚਲਾ ਦਿੱਤੀ, ਦੂਜੇ ਬੰਨਿਓਂ ਵੀ ਗੋਲੀ ਦਾ ਜਵਾਬ ਦਿੱਤਾ ਗਿਆ। ਇਹ ਗੋਲੀਬਾਰੀ ਦੇਰ ਸ਼ਾਮ ਤਕ ਚਲਦੀ ਰਹੀ। ਇਸ ਗੋਲੀਬਾਰੀ ਦੌਰਾਨ ਗੁਰਦੁਆਰਾ ਬਾਬਾ ਅਟਲ ਰਾਏ 'ਤੇ ਮੋਰਚਾ ਮੱਲੀ ਬੈਠੇ ਭਾਈ ਮਹਿੰਗਾ ਸਿੰਘ ਬੱਬਰ ਸ਼ਹੀਦ ਹੋ ਗਏ, ਜਿਨਾਂ ਦਾ ਅੰਤਮ ਸਸਕਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਮੰਜੀ ਸਾਹਿਬ ਕੋਲ ਕੀਤਾ ਗਿਆ। ਪੂਰੇ ਸ਼ਹਿਰ ਵਿਚ ਕਰਫਿਊ ਲੱਗਾ ਦਿੱਤਾ ਗਿਆ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹੁਕਮ ਕਰ ਦਿੱਤਾ ਸੀ ਕਿ ਮੋਰਚੇ ਤੋਂ ਗੋਲੀ ਨਾ ਚਲਾਈ ਜਾਵੇ, ਕਿਉਂਕਿ ਉਹ ਸਮਝਦੇ ਸਨ ਕਿ ਇਸ ਨਾਲ ਫੌਜ ਨੂੰ ਸਿੰਘਾਂ ਦੀ ਤਿਆਰੀ ਦਾ ਪਤਾ ਲੱਗ ਜਾਵੇਗਾ। ਸਰਕਾਰ ਨੇ ਉਸ ਸਮੇਂ ਦੌਰਾਨ ਸਾਰੀਆਂ ਅਖ਼ਬਾਰਾਂ ਬੰਦ ਕਰ ਦਿੱਤੀਆਂ ਸਨ। ਅੰਮ੍ਰਿਤਸਰ ਵਿਚ ਤਾਇਨਾਤ ਵਿਦੇਸ਼ੀ ਪੱਤਰਕਾਰਾਂ ਨੂੰ ਪੰਜਾਬ ਵਿਚੋਂ ਬਾਹਰ ਜਾਣ ਦਾ ਫੈਸਲਾ ਸੁਣਾ ਦਿੱਤਾ ਗਿਆ ਸੀ। ਇਸ ਗੋਲੀਬਾਰੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵੀ 2 ਜੂਨ ਨੂੰ ਦਰਬਾਰ ਸਾਹਿਬ ਵਿਖੇ ਆਣ ਪੁੱਜੇ। ਸ਼ਾਮ ਤਕ ਕੁੱਝ ਫ਼ੌਜੀ ਅਧਿਕਾਰੀ ਸਾਦੇ ਕੱਪੜਿਆਂ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਮੁਆਇਨਾ ਕਰ ਗਏ ਸਨ। ਇਸ ਮੁਆਇਨੇ ਦਾ ਮਕਸਦ ਜਨਰਲ ਸੁਬੇਗ ਸਿੰਘ ਦੀ ਜੰਗੀ ਤਿਆਰੀ ਦਾ ਜਾਇਜ਼ਾ ਲੈਣਾ ਸੀ। ਇੰਦਰਾ ਗਾਂਧੀ ਵੱਲੋਂ ਦਿੱਤੇ ਭਾਸ਼ਣ ਦੇ ਤੁਰੰਤ ਮਗਰੋਂ ਅੰਮ੍ਰਿਤਸਰ ਸ਼ਹਿਰ ਦਾ ਬਾਕੀ ਦੇਸ਼ ਨਾਲੋਂ ਸੰਪਰਕ ਟੁੱਟ ਗਿਆ। ਟੈਲੀਫ਼ੋਨ ਦੀਆਂ ਲਾਈਨਾਂ ਤਕ ਕੱਟ ਦਿੱਤੀਆਂ ਗਈਆਂ। 3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਸੰਗਤਾਂ ਦੂਰੋਂ ਦਰਾਡਿਓਂ ਦਰਬਾਰ ਸਾਹਿਬ ਪੁੱਜੀਆਂ ਹੋਈਆਂ ਸਨ। ਕਰਫਿਊ ਕਾਰਨ ਉਹ ਦਰਬਾਰ ਸਾਹਿਬ ਤੋਂ ਬਾਹਰ ਨਾ ਜਾ ਸਕੀਆਂ।

**ਸੁਆਲ-ਸੰਤ ਭਿੰਡਰਾਂਵਾਲਿਆਂ ਨੇ ਅਕਾਲ ਤਖ਼ਤ ਉੱਪਰ ਰਿਹਾਇਸ਼ ਕਿਉਂ ਰੱਖੀ ?**

ਜੁਆਬ–ਇਹ ਗੱਲ ਬਿਲਕੁਲ ਝੂਠੀ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਵਿਚ ਰਿਹਾਇਸ਼ ਰੱਖੀ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬੱਬਰ ਖਾਲਸਾ ਨਾਲ ਤਕਰਾਰ ਕਰਨ ਤੋਂ ਬਚਦੇ ਤੇਜਾ ਸਿੰਘ ਸਮੁੰਦਰੀ ਹਾਲ ਤੇ ਨਾਲ ਦੇ ਕੰਪਲੈਕਸਾਂ ਨੂੰ ਛੱਡ ਕੇ ਆਪਣੇ ਜੱਥੇ ਸਮੇਤ ਅਕਾਲ ਤਖ਼ਤ ਸਾਹਿਬ ਵਲ ਚਲੇ ਗਏ ਸਨ। ਜਿਹੜੀ ਅਕਾਲ ਤਖ਼ਤ ਸਾਹਿਬ ਨਾਲ ਜੁੜਵੀ ਬਿਲਡਿੰਗ ਸੀ, ਜਿਸ ਨੂੰ ਹੈਡ ਗ੍ਰੰਥੀਆਂ ਦੀ ਰਿਹਾਇਸ਼ ਕਿਹਾ ਜਾਂਦਾ ਸੀ, ਜਿਸ ਦਾ ਦਰਵਾਜਾ ਗੁਰੂ ਬਾਜ਼ਾਰ ਵਲ ਖੁੱਲਦਾ ਸੀ, ਉੱਥੇ ਰਿਹਾਇਸ਼ ਰੱਖੀ ਗਈ ਸੀ। ਇਹ ਰਿਹਾਇਸ਼ ਤਿੰਨ ਮੰਜ਼ਲੀ ਬਿਲਡਿੰਗ ਸੀ। ਸੰਤ ਫਤਹਿ ਸਿੰਘ, ਸੰਤ ਸਾਧੂ ਸਿੰਘ ਭੌਰਾ ਇਸੇ ਰਿਹਾਇਸ਼ ਵਿਚ ਰਹੇ ਸਨ। ਪਰ ਸੰਤਾਂ ਨੂੰ ਬਦਨਾਮ ਕਰਨ ਦੇ ਲਈ ਫਿਰਕੂ ਮੀਡੀਏ ਵਿਚ ਇਹ ਅਫਵਾਹ ਫੈਲਾਈ ਗਈ ਕਿ ਸੰਤ ਭਿੰਡਰਾਂਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਉੱਪਰ ਕਬਜ਼ਾ ਕਰਕੇ ਬੇਅਦਬੀ ਕੀਤੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਕਾਲੀਆਂ ਨੇ ਵੀ ਇਸ ਝੂਠ ਦਾ ਖੰਡਨ ਨਹੀਂ ਕੀਤਾ। ਜਦੋਂ ਸੰਤ ਫਤਹਿ ਸਿੰਘ ਨੇ ਉਥੇ ਪੰਜਾਬੀ ਸੂਬੇ ਦਾ ਮੋਰਚਾ ਲਗਾਇਆ ਸੀ ਤਾਂ ਉਹ ਇਸੇ ਰਿਹਾਇਸ਼ ਵਿਚ ਰਹੇ ਸਨ ਤੇ ਅੱਗ ਲਗਾ ਕੇ ਸੜਨ ਦਾ ਡਰਾਮਾ ਕੀਤਾ ਸੀ।

**ਸੁਆਲ-ਕੀ ਤੁਸੀਂ ਉਸ ਸਮੇਂ ਦੌਰਾਨ ਸੰਤਾਂ ਨੂੰ ਮਿਲੇ ?**

ਜੁਆਬ–ਮੈਂ ਉਸ ਸਮੇਂ ਹਥਿਆਰਬੰਦ ਲਹਿਰ ਵਿਚ ਸ਼ਾਮਲ ਨਹੀਂ ਸਾਂ। ਪਰ ਅੰਮ੍ਰਿਤ ਪ੍ਰਚਾਰ ਦੇ ਜੱਥੇ ਵਿਚ ਮੇਰੀ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਡਿਊਟੀ ਲੱਗੀ ਹੋਈ ਸੀ ਕਿ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਤੇ ਅੰਮ੍ਰਿਤ ਛਕਾਉਣਾ। ਮੇਰੇ ਨਾਲ ਭਾਈ ਦਰਸ਼ਨ ਸਿੰਘ ਮੱਲੇਵਾਲ, ਭਾਈ ਦਿਆਲ ਸਿੰਘ ਰਾਗੀ, ਭਾਈ ਸੁਖਵਿੰਦਰ ਸਿੰਘ ਲੱਡੂ ਫਤਹਿਗੜ, ਭਾਈ ਜੋਗਾ ਸਿੰਘ ਕਰਨਾਲ, ਰਾਗੀ ਹਰਭਜਨ ਸਿੰਘ ਸ਼ਾਮਲ ਸਨ। ਅਸੀਂ ਭਾਈ ਰਛਪਾਲ ਸਿੰਘ ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੀਏ ਸਨ, ਨੂੰ ਆਪਣੀ ਸਰਗਰਮੀਆਂ ਦਾ ਵੇਰਵਾ ਦਿੰਦੇ ਸਾਂ। ਦੇਸੀ ਵਿਦੇਸ਼ੀ ਪੱਤਰਕਾਰ ਸੰਤ ਭਿੰਡਰਾਂਵਾਲਿਆਂ ਨੂੰ ਮਿਲਣ ਲਈ ਅਕਾਲ ਤਖ਼ਤ ਪਹੁੰਚੇ ਹੋਏ ਸਨ, ਮੈਂ ਵੀ ਉੱਥੇ ਮੌਜੂਦ ਸਾਂ। ਪੱਤਰਕਾਰ ਇਹ ਪੁੱਛ ਰਹੇ ਸਨ ਕਿ ਅੱਗੇ ਕੀ ਹੋਵੇਗਾ ? ਸੰਤਾਂ ਦਾ ਇਕੋ ਜੁਆਬ ਸੀ ਕਿ ਗੁਰੂ ਅੱਗੇ ਸਾਡੀ ਅਰਦਾਸ ਹੈ, ਸਿਰ ਦੇ ਕੇ ਅਸੀਂ ਨਿਭਾਵਾਂਗੇ, ਦਰਬਾਰ ਸਾਹਿਬ ਦੀ ਰੱਖਿਆ ਕਰਾਂਗੇ।

4 ਜੂਨ ਦੀ ਸਵੇਰ ਦਮਦਮੀ ਟਕਸਾਲ ਦੇ ਰਾਗੀ ਸਿੰਘ ਬੇਨਤੀ ਅਤੇ ਬੀਰ ਰਸ ਦੇ ਸ਼ਬਦਾਂ ਨਾਲ ਆਸਾ ਦੀ ਵਾਰ ਦਾ ਕੀਰਤਨ ਗਾਇਨ ਕਰ ਰਹੇ ਸਨ। ਸਵੇਰੇ 5 ਵਜੇ ਸਨ, ਜਲਿਆਂ ਵਾਲੇ ਬਾਗ਼ ਦੇ ਪਾਸੇ ਤੋਂ ਇਕ ਛੂਕਦਾ ਹੋਇਆ ਗੋਲਾ ਆਇਆ ਅਤੇ ਆਵਾਜ਼ ਨਾਲ ਪੂਰਾ ਵਾਤਾਵਰਣ ਗੂੰਜ ਉਠਿਆ। ਗੋਲੀਆਂ ਤਾਂ ਪਹਿਲਾਂ ਹੀ ਚਲ ਰਹੀਆਂ ਸਨ। ਪਰਿਕਰਮਾ ਵਿਚ ਔਰਤਾਂ ਅਤੇ ਬੱਚਿਆਂ ਦਾ ਬੁਰਾ ਹਾਲ ਸੀ। ਚਾਰੇ ਪਾਸੇ ਤੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਪਰ ਫਿਰ ਵੀ ਸ਼ਬਦ ਗੁਰਬਾਣੀ ਦਾ ਪ੍ਰਵਾਹ ਜਾਰੀ ਸੀ। ਧੜਾਧੜ ਲਾਸ਼ਾਂ ਡਿਗ ਰਹੀਆਂ ਸਨ, ਫੌਜੀਆਂ ਵਲੋਂ ਫਾਈਰਿੰਗ ਦੀ ਹਨੇਰੀ ਪੂਰੀ ਝੁੱਲੀ ਹੋਈ ਸੀ। ਲਾਈਟ ਮਸ਼ੀਨਗੰਨਾਂ ਤੇ ਭਾਰੀ ਮਸ਼ੀਨਗੰਨਾਂ ਨਾਲ ਇਹ ਫਾਇਰਿੰਗ ਜਾਰੀ ਸੀ। ਇੰਨੇ ਨੂੰ ਇਕ ਬੰਬ ਸ੍ਰੀ ਦਰਬਾਰ ਸਾਹਿਬ ਨੂੰ ਬਿਜਲੀ ਸਪਲਾਈ ਦੇਣ ਵਾਲੇ ਬਿਜਲੀ ਘਰ 'ਤੇ ਡਿੱਗਾ। ਸ੍ਰੀ ਦਰਬਾਰ ਦੇ ਆਸਪਾਸ ਦੇ ਇਲਾਕਿਆਂ ਦੀ ਬਿਜਲੀ ਬੰਦ ਹੋ ਗਈ। 5 ਜੂਨ ਦੀ ਰਾਤ ਵੀ ਗੋਲੀਬਾਰੀ ਜਾਰੀ ਰਹੀ। ਹੈਲੀਕਾਪਟਰ ਸਿਰਾਂ 'ਤੇ ਮੰਡਰਾ ਰਹੇ ਸਨ। ਟੈਂਕ ਆ ਚੁੱਕੇ ਸਨ। ਸਾਰੇ ਪਾਸੇ ਦਰਬਾਰ ਸਾਹਿਬ ਨਾਲ ਲੱਗਦੀਆਂ ਬਿਲਡਿੰਗਾਂ ਵਿਚ ਅੱਗਾਂ ਲਗਦੀਆਂ ਦਿਖਾਈ ਦੇ ਰਹੀਆਂ ਸਨ।

6 ਜੂਨ ਦਾ ਦਿਨ ਚੜ ਆਇਆ, ਸੰਤਾਂ ਦੇ ਨਿੱਜੀ ਸਹਾਇਕ ਭਾਈ ਰਛਪਾਲ ਸਿੰਘ ਆਪਣੀ ਸਿੰਘਣੀ ਬੀਬੀ ਪ੍ਰੀਤਮ ਕੌਰ ਅਤੇ ਆਪਣੇ 15 ਦਿਨਾਂ ਦੇ ਪੁੱਤਰ ਮਨਪ੍ਰੀਤ ਸਿੰਘ ਨੂੰ ਲੈ ਕੇ ਪਰਿਕਰਮਾ ਵਿਚ ਹੀ ਸਨ। ਇਸੇ ਦੌਰਾਨ ਨਵਜਾਤ ਸਿੱਖ ਬੱਚੇ ਮਨਪ੍ਰੀਤ ਸਿੰਘ ਨੂੰ ਗੋਲੀ ਵੱਜੀ, ਜਿਸ ਦੀ ਮੌਕੇ 'ਤੇ ਹੀ ਸ਼ਹਾਦਤ ਹੋ ਗਈ। ਕੁੱਝ ਸਮੇਂ ਬਾਅਦ ਭਾਈ ਰਛਪਾਲ ਸਿੰਘ ਵੀ ਸ਼ਹੀਦ ਹੋ ਗਏ। ਸੰਤ ਜਰਨੈਲ ਸਿੰਘ ਖ਼ਾਲਸਾ ਆਪਣੇ ਸਾਥੀ ਸਿੰਘਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਆ ਗਏ, ਕਿਉਂਕਿ ਦੱਸਿਆ ਜਾਂਦਾ ਹੈ ਕਿ ਅਕਾਲ ਤਖ਼ਤ ਸਾਹਿਬ 'ਤੇ ਗੋਲਾ ਵਜ ਚੁੱਕਾ ਸੀ ਤੇ ਆਲੇ-ਦੁਆਲੇ ਬਿਲਡਿੰਗਾਂ ਢਹਿ ਢੇਰੀ ਹੋ ਰਹੀਆਂ ਸਨ। ਮੇਰੇ ਸਾਥੀ ਬਲਵਿੰਦਰ ਸਿੰਘ ਖੋਜੀਪੁਰ ਨੇ ਦੱਸਿਆ ਕਿ ਅਜੇ ਸੰਤ ਨਿਸ਼ਾਨ ਸਾਹਿਬ ਦੇ ਨੇੜੇ ਹੀ ਪੁੱਜੇ ਸਨ ਕਿ ਇਕ ਬਰੱਸਟ ਸੰਤ ਜੀ ਦੇ ਆ ਵੱਜਾ, ਜਿਸ ਕਾਰਨ ਉਹ ਮੌਕੇ 'ਤੇ ਹੀ ਸ਼ਹੀਦ ਹੋ ਗਏ। ਭਾਈ ਅਮਰੀਕ ਸਿੰਘ, ਸੁਬੇਗ ਸਿੰਘ ਪਹਿਲਾਂ ਹੀ ਸ਼ਹੀਦ ਹੋ ਚੁੱਕੇ ਸਨ।

**ਸੁਆਲ-ਤੁਸੀਂ ਦਰਬਾਰ ਸਾਹਿਬ ਵਿਚੋਂ ਬਾਹਰ ਕਿਵੇਂ ਨਿਕਲੇ ?**

ਜੁਆਬ–ਅਸੀਂ ਮੰਜੀ ਸਾਹਿਬ ਵਲੋਂ ਬਾਹਰ ਨਿਕਲਣ ਲੱਗੇ ਤਾਂ ਦਰਬਾਰ ਸਾਹਿਬ ਦੀ ਪਰਿਕਰਮਾ ਤੇ ਸਰੋਵਰ ਵਿਚ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ, ਜ਼ਖ਼ਮੀ ਦਰਦ ਨਾਲ ਕਰਾਹ ਰਹੇ ਸਨ। ਪਰ ਗੋਲੀਆਂ ਏਨੀ ਤੇਜ਼ੀ ਨਾਲ ਚੱਲ ਰਹੀਆਂ ਸਨ ਕਿ ਉਨਾਂ ਨੂੰ ਚੁੱਕਣਾ ਤੇ ਪਾਣੀ ਪਿਲਾਉਣਾ ਅਸੰਭਵ ਸੀ। ਮੇਰੇ ਨਾਲ ਸੁਖਵਿੰਦਰ ਸਿੰਘ ਰਾਗੀ, ਦਿਆਲ ਸਿੰਘ ਸਨ। ਇਸ ਸਮੇਂ ਦੌਰਾਨ ਕਰਫਿਊ ਖੁੱਲ ਚੁੱਕਾ ਸੀ। ਅਸੀਂ ਬਾਬਾ ਅਟਲ ਚੌਂਕ ਤੋਂ ਬਾਬਾ ਸਾਹਿਬ ਚੌਂਕ ਤੱਕ ਲੋਕਾਂ ਦੇ ਵਿਚ ਹੀ ਚਲੇ ਗਏ। ਅੱਗੇ ਗੈਰ ਪੰਜਾਬੀ ਫੌਜੀ ਖਲੌਤੇ ਸਨ। ਜਿਨਾਂ ਦੇ ਪੈਰਾਂ ਵਿਚ ਜੁੱਤੀਆਂ ਨਹੀਂ ਸਨ, ਉਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ ਜਾਂ ਫਿਰ ਗੋਲੀ ਨਾਲ ਉਡਾਇਆ ਜਾ ਰਿਹਾ ਸੀ। ਸਾਡੇ ਸਾਰੇ ਸਿੰਘਾਂ ਦੇ ਪੈਰਾਂ ਵਿਚ ਜੁੱਤੀਆਂ ਸਨ ਤੇ ਅਸੀਂ ਇਸ ਖਤਰੇ ਤੋਂ ਬਚ ਗਏ। ਰਾਮਸਰ ਕੋਲ ਅਸੀਂ ਪਹੁੰਚੇ ਤਾਂ ਉੱਥੇ ਗੁਰਚਰਨ ਸਿੰਘ ਦਮਦਮੀ ਟਕਸਾਲ ਦਾ ਸਿੰਘ ਸਾਨੂੰ ਆਪਣੇ ਨਾਲ ਲੈ ਗਿਆ ਤੇ ਉਸ ਨੇ ਸਾਨੂੰ ਅਲੱਗ ਅਲੱਗ ਆਪਣੇ ਰਿਸ਼ਤੇਦਾਰਾਂ ਦੇ ਘਰ ਠਹਿਰਾ ਦਿੱਤਾ। 9 ਤਰੀਕ ਨੂੰ ਕਰਫਿਊ ਨੂੰ ਖੁੱਲਿਆ ਤੇ ਅਸੀਂ ਪਿੰਡਾਂ ਵਿਚ ਚਲੇ ਗਏ, ਪਰ ਕਿਸੇ ਵੀ ਸਿੱਖ ਨੇ ਸਾਡੀ ਸ਼ਿਕਾਇਤ ਨਹੀਂ ਕੀਤੀ, ਕਿਉਂਕਿ ਸਿੱਖ ਪੂਰੀ ਤਰਾਂ ਆਪਣੀ ਕੌਮੀਅਤ ਤੇ ਪੰਥ ਪ੍ਰਤੀ ਪ੍ਰਤੀ ਬੱਧ ਸਨ। ਅਸੀਂ ਰਾਮਸਰ ਕੋਲ ਗਲੀ ਦੇ ਕੋਲ ਲੋਕਾਂ ਵਿਚ ਪਹੁੰਚ ਚੁੱਕੇ ਸਾਂ, ਕਿਉਂਕਿ ਆਰਮੀ ਨੇ ਲੋਕਾਂ ਨੂੰ ਘਰਾਂ ਤੋਂ ਜਾਣ ਦੀ ਇਜਾਜ਼ਤ ਦਿੱਤੀ ਹੋਈ ਸੀ। ਇਸ ਤੋਂ ਇਲਾਵਾ ਹਜ਼ਾਰ ਤੋਂ ਜ਼ਿਆਦਾ ਸਿੱਖਾਂ ਨੂੰ ਫੜ ਕੇ ਜੇਲ ਭੇਜਿਆ ਗਿਆ। ਜੂਨ 1984 ਵਿਚ ਹੋਏ ਇਸ ਹਮਲੇ ਦੇ ਜ਼ਖ਼ਮ ਅੱਜ 36 ਸਾਲਾਂ ਮਗਰੋਂ ਵੀ ਹਰੇ ਹਨ ਅਤੇ ਇਸ ਖ਼ੂਨੀ ਸਾਕੇ ਦਾ ਦਰਦ ਹਰ ਸਿੱਖ ਦੇ ਮਨ ਬੇਤਾਬ ਕਰ ਰਿਹਾ ਹੈ।

**ਸੁਆਲ-ਸੰਤਾਂ ਦੀ ਸ਼ਹਾਦਤ ਨੂੰ ਕਿਉਂ ਲੁਕਾਇਆ ਗਿਆ ?**

ਜੁਆਬ–ਸੰਤ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ, ਬਾਬਾ ਠਾਕੁਰ ਸਿੰਘ ਨੇ ਆਪਸ ਵਿਚ ਫੈਸਲਾ ਕੀਤਾ ਸੀ ਕਿ ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹਾਦਤ ਨੂੰ ਪੇਸ਼ ਕੀਤਾ ਗਿਆ ਤਾਂ ਸਿੱਖ ਪੰਥ ਦੇ ਹੌਂਸਲੇ ਟੁੱਟ ਸਕਦੇ ਹਨ, ਇਸ ਕਰਕੇ ਇਸ ਬਾਰੇ ਕਿਹਾ ਜਾਵੇ ਕਿ ਸੰਤ ਭਿੰਡਰਾਂਵਾਲੇ ਚੜਦੀ ਕਲਾ ਵਿਚ ਹਨ। ਜਦ ਕਿ ਭਾਈ ਬਲਵਿੰਦਰ ਸਿੰਘ ਖੋਜੀਪੁਰ ਅਤੇ ਬਾਬਾ ਮੁਖਤਿਆਰ ਸਿੰਘ ਮੁਖੀ ਜੋ ਸੰਤਾਂ ਨਾਲ ਅਕਾਲ ਤਖ਼ਤ ਵਿਖੇ ਮੋਰਚੇ ਵਿਚ ਸਨ, ਉਨਾਂ ਨੇ ਦੱਸਿਆ ਕਿ ਸੰਤ ਸ਼ਹੀਦ ਹੋ ਚੁੱਕੇ ਹਨ। ਪਰ ਉਸ ਸਮੇਂ ਦੌਰਾਨ ਬਾਬਾ ਜੋਗਿੰਦਰ ਸਿੰਘ ਤੇ ਬਾਬਾ ਠਾਕਰ ਸਿੰਘ ਦਾ ਫੈਸਲਾ ਬਿਲਕੁਲ ਸਹੀ ਸੀ, ਕਿਉਂਕਿ ਸਿੱਖ ਪੰਥ ਨੂੰ ਚੜਦੀ ਕਲਾ ਵਿਚ ਰੱਖਣਾ ਜ਼ਰੂਰੀ ਸੀ। ਇਹ ਗੱਲ ਜ਼ਰੂਰੀ ਹੈ ਕਿ ਜਦੋਂ ਕਿਸੇ ਵੀ ਕੌਮ ਦਾ ਪ੍ਰਮੁਖ ਲੀਡਰ ਸ਼ਹੀਦ ਹੋ ਜਾਂਦਾ ਹੈ ਤਾਂ ਲਾਜ਼ਮੀ ਹੁੰਦਾ ਹੈ ਕਿ ਕੌਮ ਢਹਿੰਦੀ ਕਲਾ ਮਹਿਸੂਸ ਕਰਦੀ ਹੈ। ਇਸੇ ਕਰਕੇ ਇਹ ਸ਼ਹਾਦਤ ਨਹੀਂ ਦਰਸਾਈ ਗਈ। ਬਾਅਦ ਵਿਚ ਹਾਲਾਤਾਂ ਅਨੁਸਾਰ ਇਹ ਫੈਸਲਾ ਕਰ ਦਿੱਤਾ ਗਿਆ ਕਿ ਸੰਤ ਸ਼ਹੀਦ ਹੋ ਚੁੱਕੇ ਹਨ। ਇਸ ਗੱਲ ਦੀ ਪ੍ਰਵਾਨਗੀ ਬਾਬਾ ਠਾਕੁਰ ਸਿੰਘ ਹੁਰਾਂ ਨੇ ਦਿੱਤੀ ਸੀ।

**ਸੁਆਲ-ਹੁਣ ਤੁਸੀਂ ਸਿੱਖ ਕੌਮ ਦਾ ਭਵਿੱਖ ਕੀ ਮਹਿਸੂਸ ਕਰਦੇ ਹੋ ?**

ਜੁਆਬ–ਜਿਸ ਕੌਮ ਦਾ ਇਤਿਹਾਸ ਅਤੇ ਫਲਸਫਾ ਮਹਾਨ ਹੋਵੇ ਉਸ ਨੂੰ ਗੁਲਾਮ ਕੇ ਰੱਖਣਾ ਅਸੰਭਵ ਹੁੰਦਾ ਹੈ। ਸੰਨ 1978–1984 ਤੇ 2020 ਤਕ ਜਿੱਥੇ ਸਿੱਖਾਂ ਵਿੱਚ ਆਪਣੇ ਰਾਜਸੀ ਹੱਕਾਂ ਬਾਰੇ ਚੇਤਨਤਾ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਉੱਥੇ ਸਿੱਖ ਵਿਸ਼ਵ ਵਿਚ ਗੁਰੂ ਨਾਨਕ ਪੰਥ ਦਾ ਝੰਡਾ ਬੁਲੰਦ ਕਰ ਰਹੇ ਹਨ। ਹਾਲਾਂਕਿ ਸਾਂਝੀ ਰਣਨੀਤੀ ਤੇ ਸਾਂਝੇ ਵਿਸ਼ਵ ਸੰਗਠਨ ਦੀ ਲੋੜ ਹੈ। ਪਰ ਅਸੀਂ ਉਸ ਵਿਚ ਦੇਰ ਕਰ ਰਹੇ ਹਾਂ। ਰਾਜਨੀਤੀ ਤੋਂ ਬਿਨਾਂ ਪੰਥ ਦਾ ਭਵਿੱਖ ਉਜਵਲ ਨਹੀਂ ਹੋ ਸਕਦਾ। ਇਹ ਰਾਜਨੀਤੀ ਗੁਰੂ ਗ੍ਰੰਥ ਸਾਹਿਬ ਦੇ ਮਾਡਲ ਅਨੁਸਾਰ ਹੋਣੀ ਚਾਹੀਦੀ ਹੈ।

# ਲੋਕਰਾਜ ਆਇਆ ਲੋਕਾਂ ਨੂੰ ਪਛਾੜਕੇ ਸੇਵਕ ਅਗੇ ਲੰਘ ਗਏ

**- ਦਲੀਪ ਸਿੰਘ ਵਾਸਨ, ਐਡਵੋਕੇਟ**

ਅਸੀਂ ਜਦ ਆਪਣਾ ਸੰਵਿਧਾਨ ਖੜਾ ਕਰ ਰਹੇ ਸਾਂ ਤਾਂ ਅਸੀਂ ਆਪਣੇ ਦੇਸ਼ ਦੇ ਲੋਕਾਂ ਨਾਲ ਕੁੱਝ ਵਾਅਦੇ ਖੜੇ ਕਰ ਦਿੱਤੇ ਸਨ। ਅਸੀਂ ਇੱਕ ਵੱਡਾ ਐਲਾਨ ਇਹ ਕੀਤਾ ਸੀ ਕਿ ਹੁਣ ਤੋਂ ਇਹ ਮੁਲਕ ਦੀ ਜੰਤਾ ਇਸ ਮੁਲਕ ਦੀ ਮਾਲਕ ਹੋਵੇਗੀ। ਅਸਾਂ ਇਹ ਵੀ ਆਖ ਦਿੱਤਾ ਸੀ ਕਿ ਇਹ ਸਾਰੇ ਸਰਕਾਰੀ ਕਰਮਚਾਰੀ, ਅਫਸਰ ਆਦਿ ਅਤੇ ਇਹ ਸਾਰੇ ਦੇ ਸਾਰੇ ਚੁਣੇ ਗਏ ਵਿਧਾਇਕ ਲੋਕਸੇਵਕ ਦਾ ਦਰਜਾ ਰਖਣਗੇ। ਅਰਥਾਤ ਹੁਣ ਇਸ ਮੁਲਕ ਵਿੱਚ ਕੋਈ ਵੀ ਹਾਕਮ ਨਹੀਂ ਹੋਵੇਗਾ ਬਲਕਿ ਇਹ ਸਾਰੇ ਮੁਲਾਜ਼ਮ ਅਤੇ ਵਿਧਾਇਕ ਵੀ ਹਾਕਮ ਨਹੀਂ ਅਖਵਾਉਣਗੇ ਸਿਰਫ ਲੋਕਸੇਵਕ ਬਣ ਜਾਣਗੇ। ਅਤੇ ਇਹ ਵੀ ਆਖ ਦਿੱਤਾ ਗਿਆ ਸੀ ਕਿ ਹੁਣ ਸਿਰਫ ਲੋਕਾਂ ਦੀ ਸੇਵਾ ਕਰਨਾ, ਲੋਕਾਂ ਦੀ ਭਲਾਈ ਕਰਨਾ, ਲੋਕਾਂ ਦੀ ਰਾਖੀ ਕਰਨਾ, ਲੋਕਾਂ ਵਿੱਚ ਬਰਾਬਰਤਾ ਲਿਆਉਣਾ, ਲੋਕਾਂ ਵਿੱਚ ਏਕਤਾ ਪੈਦਾ ਕਰਨਾ, ਇਹ ਧਰਮਾਂ ਦੀ ਵੰਡ, ਇਹ ਜਾਤੀਆਂ ਦੀ ਵੰਡ, ਇਹ ਅਮੀਰਾਂ ਅਤੇ ਇਹ ਗਰੀਬਾਂ ਦੇ ਦਰਜੇ ਬਰਾਬਰ ਸਮਝਣੇ ਵੀ ਹਨ ਅਤੇ ਕਰਨੇ ਵੀ ਹਨ। ਇਹ ਵੀ ਆਖ ਦਿਤਾ ਗਿਆ ਸੀ ਕਿ ਅਜ ਦੀਆਂ ਤਰਕੀਆਂ ਦਾ ਪੂਰਾ ਪੂਰਾ ਲਾਭ ਹਰ ਭਾਰਤੀ ਤਕ ਪੁਜਦਾ ਕਰ ਦਿੱਤਾ ਜਾਵੇਗਾ ਅਤੇ ਕੁਲ ਮਿਲਾਕੇ ਅਸਾਂ ਇਹ ਆਖ ਦਿਤਾ ਸੀ ਕਿ ਹਰ ਕਿਸੇ ਪਾਸ ਵਾਜਬ ਜਿਹੀ ਸਿਹਤ ਹੋਵੇਗੀ, ਹਰ ਕਿਸੇ ਪਾਸ ਵਾਜਬ ਜਿਹੀ ਵਿਦਿਆ ਹੋਵੇਗੀ,ਹਰ ਕਿਸੇ ਪਾਸ ਵਾਜਬ ਜਿਹੀ ਕਿਤਾ ਸਿਖਲਾਈ ਹੋਵੇਗੀ, ਹਰ ਕਿਸੇ ਨੂੰ ਵਾਜਬ ਜਿਹਾ ਰੁਜ਼ਗਾਰ ਮਿਲੇਗਾ ਅਤੇ ਹਰ ਕਿਸੇ ਦੀ ਵਾਜਾਬ ਜਿਹੀ ਆਮਦਨ ਬਣਾ ਦਿਤੀ ਜਾਵੇਗੀ ਤਾਂਕਿ ਹਰ ਕੋਈ ਅਜ ਦੇ ਸਮਿਆਂ ਵਿੱਚ ਬਣ ਆਇਆ ਜੀਵਨ-ਪਧਰ ਮਾਣ ਸਕੇਗਾ। ਇਕ ਤਰਾਂ ਦੀ ਇਹ ਸੂਚੀਆਂ ਹੀ ਤਿਆਰ ਨਹੀਂ ਸਨ ਕੀਤੀਆਂ ਗਈਆਂ ਬਲਕਿ ਸਾਡੇ ਸੰਵਿਧਾਨ ਦੇ ਮੁਢ ਵਿੱਚ ਹੀ ਜਿਹੜੀ ਭੂਮਿਕਾ ਲਿਖ ਦਿਤੀ ਗਈ ਸੀ ਉਹ ਇਕ ਕਿਸਮ ਦਾ ਵਾਅਦਾ ਕੀਤਾ ਗਿਆ ਸੀ, ਇਕ ਕਿਸਮ ਦੀ ਕਸਮ ਖਾਧੀ ਗਈ ਸੀ।

ਸਾਡਾ ਦੇਸ਼ ਵੀ ਦੁਨੀਆਂ ਦਾ ਹਿਸਾ ਹੈ ਅਤੇ ਜਿਥੇ ਦੁਨੀਆਂ ਨੇ ਤਰਕੀ ਕੀਤੀ ਹੈ ਅਸਾਂ ਵੀ ਰਜਕੇ ਤਰਕੀ ਕੀਤੀ ਹੈ। ਇਹ ਅਜ ਵਾਲੀ ਵਿਗਿਆਨ ਅਤੇ ਇਹ ਅਜ ਵਾਲੀ ਤਕਨਾਲੋਜੀ ਕਿਸੇ ਇਕ ਦੀ ਮਲਕੀਅਤ ਨਹੀਂ ਹਨ ਬਲਕਿ ਸਾਰਿਆਂ ਦੀਆਂ ਸਾਂਝੀਆਂ ਹਨ ਅਤੇ ਅਸੀਂ ਵੀ ਵਿਗਿਆਨ ਅਤੇ ਤਕਨਾਲੋਜੀ ਦੀ ਰਜਕੇ ਵਰਤੋਂ ਕੀਤੀ ਹੈ ਅਤੇ ਅਜ ਅਸੀਂ ਵੀ ਆਪਣੇ ਦੇਸ਼ ਦੇ ਲੋਕਾਂ ਲਈ ਵਰਤੋਂ ਦੀ ਹਰ ਸ਼ੈਅ ਤਿਆਰ ਕਰ ਲਈ ਹੈ। ਅਸੀਂ ਆਪਣੇ ਮੁਲਕ ਦੇ ਲੋਕਾਂ ਲਈ ਅਨਾਜ ਦੇ ਭੰਡਾਰ ਵੀ ਬਣਾ ਲਏ ਹਨ ਅਤੇ ਅਜ ਸਾਡੇ ਬਾਜ਼ਾਰਾਂ ਵਿੱਚ ਇਹ ਸਾਰਾ ਸਾਮਾਨ ਆ ਚੁਕਾ ਹੈ। ਸਿਰਫ ਅਸੀਂ ਆਪਣੇ ਮੁਲਕ ਹੀ ਨਹੀਂ ਬਲਕਿ ਅਸੀਂ ਅਜ ਦੁਨੀਆਂ ਦੀ ਮਾਰਕੀਟ ਵਿੱਚ ਵੀ ਆਪਣਾ ਪੈਦਾ ਕੀਤਾ ਅਤੇ ਬਣਾਇਆ ਮਾਲ ਵੇਚ ਰਹੇ ਹਾਂ।

ਅਜ ਸਾਡੇ ਮੁਲਕ ਵਿੱਚ ਵਿਦਿਆ, ਸਿਖਲਾਈ ਅਤੇ ਇਲਾਜ ਦਾ ਹਰ ਪ੍ਰਬੰਧ ਆ ਗਿਆ ਹੈ। ਇਥੇ ਆਕੇ ਕੁਝ ਐਸਾ ਲਗਦਾ ਹੈ ਕਿ ਇਸ ਮੁਲਕ ਦੇ ਲੋਕਾਂ ਦੀ ਆਮਦਨ ਕੁੱਝ ਬਰਾਬਰ ਜਿਹੀ ਨਹੀਂ ਹੈ ਅਤੇ ਬਰਾਬੁਰ ਤਾ ਕੀ ਹੋਣੀ ਸੀ ਕਈਆਂ ਦੀ ਆਮਦਨ ਇਤਨੀ ਘਟ ਹੈ ਕਿ ਉਹ ਆਪਣੀ ਕਮਾਈ ਨਾਲ ਦੋ ਵਕਤਾਂ ਦੀ ਰੋਟੀ ਵੀ ਨਹੀਂ ਖਾ ਪਾ ਰਹੇ ਅਤੇ ਬਾਕੀ ਦਾ ਜੀਵਨ ਉਹ ਕੈਸਾ ਕਟ ਰਹੇ ਹਨ, ਇਸ ਬਾਰੇ ਨਾ ਹੀ ਕੁੱਝ ਲਿਖਿਆ ਜਾਵੇ ਤਾਂ ਬਿਹਤਰ ਹੈ। ਲਗਦਾ ਹੈ ਵਕਤ ਦੀਆਂ ਸਰਕਾਰਾਂ ਇਸ ਪਾਸੇ ਧਿਆਨ ਨਹੀਂ ਦੇ ਸਕੀਆਂ। ਇਸ ਪਾਸੇ ਧਿਆਨ ਦੇਣਾ ਚਾਹੀਦਾ ਸੀ। ਵਕਤ ਦੀਆਂ ਸਰਕਾਰਾਂ ਵੀ ਜਾਣਦੀਆਂ ਸਨ ਕਿ ਅਜ ਆਦਮੀ ਦੀਆਂ ਜ਼ਰੂਰਤਾਂ ਵੀ ਵਧ ਗਈਆਂ ਹਨ ਅਤੇ ਅਜ ਮਹਿੰਗਾਈ ਵੀ ਵਧ ਗਈ ਹੈ। ਅਜ ਸਿਰਫ ਰੋਟੀ ਕਪੜਾ ਅਤੇ ਮਕਾਨ ਦੀ ਗਲ ਹੀ ਨਹੀਂ ਹੈ, ਅਜ ਤਾਂ ਇਹ ਬਿਜਲੀ, ਇਹ ਇਲਾਜ, ਇਹ ਵਾਜਬ ਜਿਹਾ ਘਰ, ਇਹ ਵਿਦਿਆ, ਇਹ ਸਿਖਲਾਈ, ਇਹ ਕਪੜੇ, ਇਹ ਅਜ ਵਾਲੀਆਂ ਰਸੋਈਆਂ, ਵਿਹਲੇ ਦਿਨਾ ਲਈ ਘਰ ਚਾਰ ਪੈਸੇ ਰਖਣੇ, ਬੁਢਾਪੇ ਲਈ ਚਾਰ ਪੈਸੇ ਜੋੜਨੇ ਅਤੇ ਪੈਨਸ਼ਨਾਂ ਤਕ ਦੀਆਂ ਨੌਬਤਾ ਵੀ ਆ ਗਈਆਂ ਹਨ। ਜਿਹੜੇ ਵੀ ਬੰਦਿਆਂ ਨੇ ਲੋਕ ਸੇਵਕਾਂ ਦੀ ਕਤਾਰ ਵਿੱਚ ਖਲੋਣਾ ਪਸੰਦ ਕੀਤਾ ਹੈ ਉਹ ਇਹ ਜ਼ਿਮੇਵਾਰੀ ਲੈ ਰਹੇ ਹਨ ਕਿ ਲੋਕਾਂ ਦੀਆਂ ਲੋੜਾ ਪੂਰੀਆਂ ਕਰਨ ਲਈ ਹਰ ਯਤਨ ਕਰਨਾ ਹੈ।

ਪਰ ਲਗਦਾ ਹੈ ਇਹ ਲੋਕਸੇਵਕਾਂ ਨੇ ਵੀ ਦੇਖਿਆ ਕਿ ਲੋਕਾਂ ਦੀਆਂ ਲੋੜਾ ਪੂਰੀਆਂ ਕਰ ਲਈ ਲੋਕਾਂ ਦੀ ਆਮਦਨ ਵਧਾਈ ਨਹੀਂ ਜਾ ਸਕਦੀ ਕਿਉਂਕਿ ਇਹ ਨਿਯੋਜਕਾਂ ਵਾਲੀ ਕਤਾਰ ਕੁਝ ਜ਼ਿਆਦਾ ਸ਼ਕਤੀਸ਼ਾਲੀ ਸੀ ਅਤੇ ਇਹ ਚਾਹ ਰਹੇ ਸਨ ਕਿ ਇਹ ਸਸਤੀ ਲੇਬਰ ਮਿਲਦੀ ਹੀ ਰਵੇ ਅਤੇ ਉਹ ਵਡੀਆਂ ਕਮਾਈਆਂ ਕਰਦੇ ਰਹਿਣ। ਇਸ ਕਰਕੇ ਜਦ ਸਰਕਾਰਾਂ ਨੇ ਇਹ ਸਮਝਿਆ ਕਿ ਮਜ਼ਦੂਰਾਂ ਦੀ ਉਜਰਤ ਬਹੁਤੀ ਵਧਾਈ ਨਹੀਂ ਜਾ ਸਕਦੀ ਤਾਂ ਉਹ ਆਪਣੇ ਬਾਰੇ ਸੋਚਣ ਲਗ ਪਏ ਸਨ ਅਤੇ ਅਸੀਂ ਦੇਖ ਰਹੇ ਹਾਂ ਕਿ ਵਿਧਾਇਕਾਂ ਨੇ ਵੀ ਆਪਣੀਆਂ ਚੰਗੀਆਂ ਤਨਖਾਹਾਂ ਮਕਰਰ ਕਰ ਲਿਤੀਆਂ ਹਨ। ਹਰ ਤਰਾਂ ਦੇ ਭਤੇ ਵੀ ਮਿਲਦੇ ਹਨ ਅਤੇ ਵਿਧਾਇਕ ਪੈਨਸ਼ਨਾ ਵੀ ਲੈਂਦੇ ਹਨ। ਅਸੀਂ ਇਹ ਵੀ ਦੇਖ ਰਹੇ ਹਾਂ ਕਿ ਸਰਕਾਰੀ ਮੁਲਾਜ਼ਮਾਂ ਵਾਸਤੇ ਤਨਖਾਹ ਕਮਿਸ਼ਨ ਬਿਠਾਏ ਜਾ ਰਹੇ ਹਨ ਤਾਂਕਿ ਵਾਜਬ ਜਿਹੀਆਂ ਤਨਖਾਹਾਂ ਬਣਾਈਆਂ ਜਾ ਸਕਣ। ਮਹਿੰਗਾਈਆਂ ਨਾਪੀਆਂ ਜਾਂਦੀਆਂ ਹਨ ਅਤੇ ਮੁਲਾਜ਼ਮਾਂ ਨੂੰ ਸਮੇ ਸਮੇ ਮਹਿੰਗਾਈ ਭੱਤਾ ਵਧਾਕੇ ਦਿਤਾ ਜਾਂਦਾ ਹੈ। ਮੁਲਾਜ਼ਮਾਂ ਨੂੰ ਇਲਾਜ ਮੁਫਤ ਹੈ। ਮੁਲਾਜ਼ਮਾਂ ਨੂੰ ਪੈਨਸ਼ਨਾ ਮਿਲਦੀਆਂ ਹਨ ਅਤੇ ਅਗਰ ਕਿਸੇ ਮੁਲਾਜ਼ਮ ਜਾਂ ਪੈਨਸ਼ਨਰ ਦੀ ਮੌਤ ਹੋ ਜਾਵੇ ਤਾਂ ਫੈਮਲੀ ਪੈਨਸ਼ਨ ਵੀ ਮਿਲਦੀ ਹੈ। ਜੀਪੀ ਫੰਡ ਵੀ ਹੈ। ਗ੍ਰੈਚੁਏਟੀ ਵੀ ਹੈ ਅਤੇ ਅਗਰ ਕੋਈ ਮੁਲਾਜ਼ਮ ਸੇਵਾ ਕਰਦਾ ਹੀ ਮਰ ਜਾਂਦਾ ਹੈ ਤਾਂ ਇਕ ਘਰ ਦਾ ਜੀਅ ਤਰਸ ਦੇ ਆਧਾਰ ਉਤੇ ਸਰਕਾਰੀ ਸੇਵਾ ਵੀ ਲੈ ਸਕਦਾ ਹੈ। ਮਕਾਨ ਦਾ ਕਿਰਾਇਆ,ਮਕਾਨ ਬਨਾਉਣ ਲਈ ਕਰਜ਼ਾ ਵੀ ਦਿੱਤਾ ਜਾਂਦਾ ਹੈ।

ਅਤੇ ਕੁਲ ਮਿਲਾਕੇ ਅਸੀਂ ਦੇਖ ਰਹੇ ਹਾਂ ਕਿ ਮੁਲਾਜ਼ਮਾਂ ਦਾ ਜੀਵਨ ਪਧਰ ਆਮ ਮੁਲਕ ਦੇ ਆਦਮੀ ਨਾਲੋਂ ਬਿਹਤਰ ਜਿਹਾ ਹੋ ਗਿਆ ਹੈ। ਲੋਕਾਂ ਦੀ ਸਮਝ ਵਿੱਚ ਇਹ ਆਜ਼ਾਦੀ ਅਤੇ ਇਹ ਪਰਜਾਤੰਤਰ ਨਹੀਂ ਆਏ। ਸਮਝ ਵਿੱਚ ਲਿਆਉਣ ਦਾ ਕਦੀ ਮੌਕਾ ਹੀ ਨਹੀਂ ਬਣਿਆ। ਇਥੇ ਜੱਦ ਅੰਗਰੇਜ਼ਾਂ ਦਾ ਰਾਜ ਸੀ ਤਾਂ ਵੀ ਮੁਲਾਜ਼ਮ ਤੋਂ ਹੀ ਰਾਜ ਚਲਵਾਇਆ ਜਾ ਰਿਹਾ ਸੀ। ਅੰਗਰੇਜ਼ ਠ:ਪ ਤਾਂ ਇੰਗਲੈਂਡ ਵਿੱਚ ਬੈਠੇ ਸਨ ਅਤੇ ਪਾਰਲੀਮੈਂਟ ਵੀ ਇੰਗਲੈਂਡ ਵਿੱਚ ਹੀ ਸੀ। ਇਸ ਮੁਲਕ ਉਤੇ ਅਫਸਰਾਂ ਅਤੇ ਅਧੀਨ ਕਰਮਚਾਰੀਆਂ ਰਾਹੀਂ ਹੀ ਰਾਜ ਚਲਾਇਆ ਗਿਆ ਸੀ ਅਤੇ ਇਹ ਅਫਸਰਸ਼ਾਹੀ ਇਸ ਮੁਲਕ ਵਿੱਚ ਸਾਡੇ ਉਤੇ ਪੂਰੀ ਇਕ ਸਦੀ ਰਾਜ ਕਰ ਗਈ ਸੀ। ਅਸੀਂ ਇਹ ਜਿਹੜਾ ਵੀ ਰਾਜ 1947 ਤੋਂ ਬਾਅਦ ਦਾ ਬਣਾਈ ਬੈਠੇ ਹਾਂ ਇਹ ਅਸੀਂ ਆਪ ਹੀ ਮਨ ਲਿਤਾ ਹੈ ਕਿ ਇਹ ਰਾਜ ਵੀ ਸੇਵਕਾਂ ਰਾਹੀਂ ਹੀ ਚਲਾਇਆ ਜਾ ਰਿਹਾ ਹੈ। ਲੋਕਾਂ ਨੂੰ ਇਹ ਜਿਹੜਾ ਮਾਲਕਾਂ ਵਾਲਾ ਦਰਜਾ ਦਿਤਾ ਗਿਆ ਹੈ ਇਹ ਕਾਗਜ਼ੀ ਜਿਹਾ ਲਗਦਾ ਹੈ। ਜਦ ਸੇਵਕਾਂ ਦੀ ਹਾਲਤ ਮਾਲਕਾ ਨਾਲੋਂ ਬਿਹਤਰ ਬਣ ਗਈ ਹੈ ਤਾਂ ਲਗਦਾ ਹੈ ਲੋਕੀਂ ਉਥੇ ਹੀ ਖਲੋਤੇ ਪਏ ਹਨ ਜਿਥੇ 1947 ਤੋਂ ਦਿਹਿਲਾਂ ਖੜੇ ਸਨ। ਉਦੋਂ ਵੀ ਗਰੀਬ ਆਦਮੀ ਹੋਰ ਗਰੀਬ ਹੁੰਦਾ ਜਾ ਰਿਹਾ ਸੀ ਅਤੇ ਅਮੀਰ ਆਦਮੀ ਹੋਰ ਅਮੀਰ ਹੁੰਦਾ ਜਾ ਰਿਹਾ ਸੀ ਅਤੇ ਇਹੀ ਸਿਲਸਿਲਾ ਅਜ ਵੀ ਜਾਰੀ ਹੈ। ਇਸ ਲਈ ਅਜਵ ੀ ਆਖਿਆ ਜਾ ਸਕਦਾ ਹੈ ਕਿ ਇਹ ਮੁਲਕ ਅਜ ਵੀ ਲੋਕਸੇਵਕਾਂ ਦੇ ਰਾਜ ਅਧੀਨ ਹੈ, ਲੋਕਸੇਵਕ ਹੀ ਰਾਜੇ ਹਨ, ਲੋਕ ਸੇਵਕਾਂ ਰਾਹੀਂ ਹੀ ਰਾਜ ਚਲਦਾ ਹੈ ਅਤੇ ਲੋਕ ਸੇਵਕਾਂ ਦੀ ਹੀ ਭਲਾਈ ਕੀਤੀ ਜਾ ਰਹੀ ਹੈ। ਇਸ ਲਈ ਮਾਲਕ, ਅਰਥਾਤ ਆਮ ਆਦਮੀ ਇਸ ਦੇਸ਼ ਦਾ ਹਾਲਾਂ ਵੀ ਉਥ ਹੀ ਖਲੋਤਾ ਹੈ ਜਿਥੇ ਅੰਗਰੇਜ਼ ਛਡ ਗਏ ਸਨ, ਬਲਕਿ ਇਹ ਵੀ ਆਖਿਆ ਜਾ ਸਕਦਾ ਹੈ ਕਿ ਆਮ ਆਦਮੀ ਦੀ ਹਾਲਤ ਅਗੇ ਨਾਲੋਂ ਵੀ ਮਾੜੀ ਹੋ ਗਈ ਹੈ ਕਿਉਂਕਿ ਪਹਿਲਾਂ ਇਹ ਸੇਵਕ ਬਾਹਰੋਂ ਆਏ ਹੋਏ ਸਨ, ਸਾਥੋਂ ਡਰਦੇ ਵੀ ਸਨ, ਪਰ ਹੁਣ ਸੇਵਕਾਂ ਦੀ ਇਹ ਭੀੜ ਸਾਡੇ ਆਪਣੇ ਹੀ ਲੋਕਾਂ ਦੀ ਹੈ, ਸਾਡੀਆਂ ਕਮਜ਼ੋਰੀਆਂ ਜਾਣਦੇ ਹਨ ਅਤੇ ਇਸ ਕਰਕੇ ਜ਼ਿਆਦਤੀਆਂ ਵੀ ਹੋ ਰਹੀਆਂ ਹਨ। ਅਸੀਂ ਤਾਂ ਹਾਲਾਂ ਵੀ ਇਹੀ ਅਰਦਾਸਾਂ ਕਰੀ ਜਾਂਦੇ ਪਏ ਹਾਂ ਕਿ ਰੱਬ ਕਦੀ ਨਾ ਕਦੀ ਤਾਂ ਸਾਡੇ ਦਿਨ ਵੀ ਬਦਲੇਗਾ ਅਤੇ ਅਸੀਂ ਵੀਕ ਦੀ ਪਰਜਾਤੰਤਰ ਦਾ ਅਨੰਦ ਮਾਣ ਸਕਾਂਗੇ।

---

# ਸੁਪਰੀਮ ਕੋਰਟ ਨੂੰ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਹੱਕ 'ਚ ਡਟਣਾ ਚਾਹੀਦਾ

**- ਰਜਿੰਦਰ ਸਿੰਘ**

ਭਾਰਤ ਵਿਚ ਕੋਵਿਡ-19 ਕਾਰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਲੋਕਾਂ ਉਪਰ ਝੂਠੇ ਕੇਸ ਪਾਏ ਜਾ ਰਹੇ ਹਨ। ਇਨਾਂ ਲੋਕਾਂ ਵਿਚ ਵਿਰੋਧੀ ਧਿਰਾਂ, ਪੱਤਰਕਾਰ, ਬੁੱਧੀਜੀਵੀ ਤੇ ਸੰਘਰਸ਼ ਕਰਨ ਵਾਲੇ ਵਿਦਿਆਰਥੀ ਸ਼ਾਮਲ ਹਨ। ਲੋਕਾਂ ਦੀ ਧਾਰਨਾ ਇਹ ਹੈ ਕਿ ਸੁਪਰੀਮ ਕੋਰਟ ਸੱਤਾਧਾਰੀਆਂ ਅਤੇ ਅਧਿਕਾਰੀਆਂ ਦੀ ਮਨਮਾਨੀ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਵਿਰੁੱਧ ਨਾਗਰਿਕਾਂ ਨੂੰ ਬਚਾਉਣ ਲਈ ਆਪਣਾ ਸੰਵਿਧਾਨਕ ਫਰਜ਼ ਨਹੀਂ ਨਿਭਾ ਰਹੀ ਹੈ। ਸੁਪਰੀਮ ਕੋਰਟ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਆਪਣੀ ਡਿਊਟੀ ਕਰਨ ਵਿਚ ਅਸਫਲ ਰਹੀ ਹੈ। 26 ਜਨਵਰੀ, 1950 ਨੂੰ ਐਲਾਨੇ ਗਏ ਭਾਰਤੀ ਸੰਵਿਧਾਨ ਵਿੱਚ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ, ਜੋ ਕਿ ਅਮਰੀਕੀ ਸੰਵਿਧਾਨ ਦੇ ਅਧਿਕਾਰ ਬਿੱਲ ਉੱਤੇ ਆਧਾਰਿਤ ਹੈ। ਨਿਆਂਪਾਲਿਕਾ ਨੂੰ ਇਨਾਂ ਲੋਕ ਅਧਿਕਾਰਾਂ, ਕਾਨੂੰਨੀ ਅਧਿਕਾਰਾਂ ਤੇ ਮਨੁੱਖੀ ਅਧਿਕਾਰਾਂ ਦਾ ਰਖਵਾਲਾ ਬਣਾਇਆ ਗਿਆ, ਨਹੀਂ ਤਾਂ ਸੰਵਿਧਾਨ, ਵਿਧਾਨ, ਕਾਨੂੰਨ ਕਾਗਜ਼ ਬਣ ਕੇ ਰਹਿ ਜਾਂਦੇ। ਜੇਕਰ ਸੁਪਰੀਮ ਕੋਰਟ ਇਹ ਜ਼ਿੰਮੇਵਾਰੀ ਨਹੀਂ ਨਿਭਾਏਗੀ ਤਾਂ ਸੰਵਿਧਾਨ, ਵਿਧਾਨ ਕਾਗਜ਼ ਬਣ ਕੇ ਰਹਿ ਜਾਣਗੇ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਸੰਵਿਧਾਨ ਦੇ ਐਲਾਨ ਤੋਂ ਕੁਝ ਮਹੀਨਿਆਂ ਬਾਅਦ, 'ਰੋਮਾਂਸ਼ ਥਾਪਰ ਬਨਾਮ ਰਾਜ ਮਦਰਾਸ' ਵਿੱਚ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ ਫੈਸਲਾ ਦਿੱਤਾ ਕਿ ਲੋਕਤੰਤਰ ਵਿੱਚ ਲੋਕਾਂ ਨੂੰ ਸਰਕਾਰ ਦੀ ਅਲੋਚਨਾ ਕਰਨ ਦਾ ਅਧਿਕਾਰ ਹੈ। ਅਦਾਲਤ ਨੇ ਕਿਹਾ, "ਸਰਕਾਰ ਪ੍ਰਤੀ ਆਲੋਚਨਾਤਮਕ ਵਿਚਾਰਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਜਾਂ ਪ੍ਰੈਸ ਦੀ ਆਜ਼ਾਦੀ ਨੂੰ ਸੀਮਤ ਕਰਕੇ ਨਹੀਂ ਦੇਖਿਆ ਜਾ ਸਕਦਾ। ਅਰਥਾਤ ਹਰੇਕ ਮਨੁੱਖ ਨੂੰ ਸਰਕਾਰ ਉੱਪਰ ਟਿੱਪਣੀ ਕਰਨ ਦਾ ਹੱਕ ਹੈ।

ਹੁਣੇ ਜਿਹੇ ਮਦਰਾਸ ਹਾਈ ਕੋਰਟ ਦੇ ਜਸਟਿਸ ਜਸਟਿਸ ਅਬਦੁੱਲ ਕੁਦਤੋਜ਼ ਨੇ ਇਕ ਮਹੱਤਵਪੂਰਨ ਫੈਸਲੇ 'ਐਨ. ਰਾਮ ਬਨਾਮ ਯੂਨਿਅਨ ਆਫ਼ ਇੰਡੀਆ' ਵਿਚ ਜੱਜ ਕੁਡੋਜ਼ ਨੇ ਕਿਹਾ, "ਨਾਗਰਿਕ ਨੂੰ ਸਰਕਾਰ ਵਿਰੁਧ ਆਪਣੇ ਵਿਚਾਰਾਂ ਨੂੰ ਜ਼ਾਹਰ ਕਰਨ ਤੋਂ ਡਰਨਾ ਨਹੀਂ ਚਾਹੀਦਾ।" ਉਨਾਂ ਦਾ ਕਹਿਣਾ ਸੀ ਕਿ "ਸਰਕਾਰੀ ਨੀਤੀਆਂ ਦੀ ਅਲੋਚਨਾ ਦੇਸ਼ਧ੍ਰੋਹ ਨਹੀਂ ਹੈ ਜਦੋਂ ਤੱਕ ਇਹ ਜਨਤਕ ਹਿੰਸਾ ਵਿਚ ਨਹੀਂ ਬਦਲਦੇ।

ਬੀਤੇ ਦਿਨੀਂ ਵਾਪਰੇ ਕਾਲੇ ਕਾਨੂੰਨਾਂ ਤੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ 'ਤੇ ਗੌਰ ਕਰੀਏ ਤਾਂ ਇਕ ਗਰਭਵਤੀ ਵਿਦਿਆਰਥਣ ਸਫੂਰਾ ਜ਼ਰਗਰ, ਕਫਿਲ ਖਾਨ, ਸ਼ਰਜੀਲ ਇਮਾਮ ਆਦਿ ਨੂੰ ਸੀ ਏ ਏ ਦਾ ਵਿਰੋਧ ਕਰਨ ਕਾਰਨ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰ ਵਲੋਂ ਦੋਸ਼ ਹਨ ਕਿ ਉਨਾਂ ਨੇ ਦੰਗੇ ਭੜਕਾਏ। ਲੰਮੇ ਸਮੇਂ ਤੋਂ ਬੁੱਧੀਜੀਵੀਆਂ ਨੂੰ ਚੁਣ-ਚੁਣ ਕੇ ਜੇਲਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਇਸ ਸੂਚੀ ਵਿੱਚ ਤਾਜ਼ਾ ਨਾਂਅ ਜੇ ਐੱਨ ਯੂ ਦੀਆਂ ਦੋ ਵਿਦਿਆਰਥਣਾਂ ਦੇਵਾਂਗਨਾ ਕਲੀਤਾ ਤੇ ਨਤਾਸ਼ਾ ਨਰਵਾਲ ਦੇ ਸ਼ਾਮਲ ਹੋ ਗਏ ਹਨ। ਇਨਾਂ ਦੋਹਾਂ ਨੂੰ ਪਹਿਲਾਂ ਨਾਗਰਿਕ ਕਾਨੂੰਨਾਂ ਵਿਰੁੱਧ ਜਾਫਰਾਬਾਦ ਵਿੱਚ ਲੱਗੇ ਧਰਨੇ ਵਿੱਚ ਅਹਿਮ ਭੂਮਿਕਾ ਨਿਭਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਅਗਲੇ ਦਿਨ ਜਦੋਂ ਅਦਾਲਤ ਨੇ ਉਨਾਂ ਨੂੰ ਜ਼ਮਾਨਤ ਦੇ ਦਿੱਤੀ ਤਾਂ ਉਨਾਂ ਉੱਤੇ ਕਤਲ ਤੇ ਦੰਗਾ ਭੜਕਾਉਣ ਦਾ ਕੇਸ ਦਰਜ ਕਰਕੇ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਆਨੰਦ ਤੇਲਤੁੰਬੜੇ ਤੇ ਗੌਤਮ ਨਵਲੱਖਾ ਤੋਂ ਲੈ ਕੇ ਕੋਰੋਨਾ ਮਹਾਂਮਾਰੀ ਦੇ ਓਹਲੇ ਵਿੱਚ ਕਿੰਨੇ ਬੁੱਧੀਜੀਵੀਆਂ ਤੇ ਸਕਾਲਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਇਸ ਦੀ ਸੂਚੀ ਬੜੀ ਲੰਮੀ ਹੈ ਤੇ ਲਗਾਤਾਰ ਇਸ ਵਿੱਚ ਵਾਧਾ ਹੋ ਰਿਹਾ ਹੈ।

ਜਾਮੀਆ ਮਿਲੀਆ ਦੇ ਵਿਦਿਆਰਥੀ ਆਸਿਫ਼ ਇਕਬਾਲ ਨੂੰ ਜਾਮੀਆ ਇਲਾਕੇ ਵਿੱਚ ਹੋਈ ਹਿੰਸਾ ਦੇ ਦੋਸ਼ ਵਿੱਚ 27 ਫ਼ਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਨੇ ਅਦਾਲਤ ਤੋਂ ਉਸ ਦਾ ਰਿਮਾਂਡ ਮੰਗਿਆ ਤਾਂ ਅਦਾਲਤ ਨੇ ਇਨਕਾਰ ਕਰ ਦਿੱਤਾ। ਹੁਣ 19 ਮਈ ਨੂੰ ਆਸਿਫ਼ ਦਾ ਨਾਂਅ ਐੱਫ਼ ਆਈ ਆਰ 59 ਵਿੱਚ ਪਾ ਕੇ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਦਾ ਦੋਸ਼ ਹੈ ਕਿ ਉਸ ਨੂੰ ਪਹਿਲਾਂ ਪੁਲਸ ਹਿਰਾਸਤ ਵਿੱਚ ਕੁੱਟਿਆ ਗਿਆ ਤੇ ਮੁੜ ਜੇਲ ਜਾਣ 'ਤੇ ਜੇਲ ਮੁਨਸ਼ੀ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ। ਹੁਣ ਪੁਲਸ ਨੇ ਉਸ ਉੱਤੇ ਬਦਨਾਮ ਗੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ ਏ ਪੀ ਏ) ਲਾ ਦਿੱਤਾ ਹੈ। ਇਸ ਸਮੇਂ ਭਾਰਤ ਭਰ ਵਿੱਚ ਪੱਤਰਕਾਰਾਂ ਨੂੰ ਵੀ ਪੁਲਸੀ ਕਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਪ੍ਰੈੱਸ ਕੌਂਸਲ ਆਫ਼ ਇੰਡੀਆ ਦੇ ਪ੍ਰਧਾਨ ਜਸਟਿਸ ਸੀ ਕੇ ਪ੍ਰਸਾਦ ਨੇ ਚਿੰਤਾ ਜ਼ਾਹਿਰ ਕੀਤੀ ਹੈ। ਉਨਾਂ 'ਮੀਡੀਆ ਬਰੇਕ' ਦੇ ਸੰਪਾਦਕ ਆਸ਼ੀਸ਼ ਅਵਸਥੀ ਵਿਰੁੱਧ ਕਾਨਪੁਰ ਪੁਲਸ ਵੱਲੋਂ ਕੇਸ ਦਰਜ ਕਰਨ, ਉੱਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲੇ ਵਿੱਚ 'ਟੂਡੇ-24' ਦੇ ਪੱਤਰਕਾਰ ਰਵਿੰਦਰ ਸਕਸੈਨਾ ਵਿਰੁੱਧ ਕੁਆਰਨਟੀਨ ਸੈਂਟਰ ਦੀ ਬਦਹਾਲੀ ਬਾਰੇ ਖ਼ਬਰ ਦਿਖਾਉਣ ਉੱਤੇ ਕੇਸ ਦਰਜ ਕਰਨ, ਬਿਹਾਰ ਦੇ ਸੀਤਾਮੜੀ ਜ਼ਿਲੇ ਵਿੱਚ 'ਦੈਨਿਕ ਭਾਸਕਰ' ਦੇ ਪੱਤਰਕਾਰ ਗੁਲਸ਼ਨ ਕੁਮਾਰ ਤੇ ਹਿਮਾਚਲ ਪ੍ਰਦੇਸ਼ ਵਿੱਚ ਛੇ ਪੱਤਰਕਾਰਾਂ ਵਿਰੁੱਧ ਕੇਸ ਦਰਜ ਕਰਨ ਤੇ ਗੁਜਰਾਤੀ ਸਮਾਚਾਰ ਪੋਰਟਲ 'ਫੇਸ ਆਫ਼ ਨੇਸ਼ਨ' ਦੇ ਸੰਪਾਦਕ ਧਵਨ ਪਟੇਲ ਵਿਰੁੱਧ ਰਾਜ ਧ੍ਰੋਹ ਦਾ ਮਾਮਲਾ ਦਰਜ ਕਰਨ ਬਾਰੇ ਕਿਹਾ ਹੈ ਕਿ ਅਜਿਹੀਆਂ ਕਾਰਵਾਈਆਂ ਸਾਡੀ ਲੋਕਤੰਤਰੀ ਵਿਵਸਥਾ ਉੱਤੇ ਕਾਲਾ ਧੱਬਾ ਹਨ। ਪੱਤਰਕਾਰ ਜੋ ਸਰਕਾਰ ਜਾਂ ਮੰਤਰੀ ਦੀ ਅਲੋਚਨਾ ਕਰਦੇ ਹਨ ਉਹਨਾਂ ਉੱਤੇ ਅਕਸਰ ਦੇਸ਼ਧ੍ਰੋਹ ਦੇ ਕੇਸ ਦਰਜ ਕੀਤੇ ਜਾਂਦੇ ਤੇ ਪੁਲੀਸ ਵਲੋਂ ਕੁੱਟਮਾਰ ਕੀਤੀ ਜਾਂਦੀ ਹੈ। ਪੰਜਾਬ ਦੇ ਪੱਤਰਕਾਰ ਭੁਪਿੰਦਰ ਸਿੰਘ ਸੱਜਣ ਉੱਪਰ ਝੂਠੇ ਕੇਸ ਪਾਏ ਗਏ ਹਨ। ਪਹਿਰੇਦਾਰ ਅਖ਼ਬਾਰ ਦੇ ਮੇਜਰ ਸਿੰਘ ਨਾਲ ਵੀ ਕੁੱਟਮਾਰ ਕੀਤੀ ਗਈ। ਪੱਤਰਕਾਰ ਪਵਨ ਜੈਸਵਾਲ ਨੂੰ ਸਿਰਫ ਇਸ ਲਈ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਸਨੇ ਮਿਡਡ ਮੀਲ ਦੇ ਨਾਮ ਤੇ ਮਿਰਜ਼ਾਪੁਰ ਦੇ ਇੱਕ ਐਲੀਮੈਂਟਰੀ ਸਕੂਲ ਵਿੱਚ ਬੱਚਿਆਂ ਨੂੰ ਸਿਰਫ ਰੋਟੀ ਅਤੇ ਨਮਕ ਦੇਣ ਦੀ ਖਬਰ ਦਿੱਤੀ। ਤਤਕਾਲੀ ਸੀਜੇਆਈ (ਅਤੇ ਹੁਣ ਸੰਸਦ ਮੈਂਬਰ ਗੋਗੋਈ) ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਪੱਤਰਕਾਰ ਅਭਜੀਤ ਅਯਾਰ ਮਿੱਤਰਾ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸਦਾ ਇਕੋ 'ਅਪਰਾਧ' ਸੀ ਕਿ ਉਸਨੇ ਕੋਰਕ ਮੰਦਿਰ 'ਤੇ ਵਿਅੰਗਾਤਮਕ ਟਵੀਟ ਪੋਸਟ ਕੀਤਾ ਸੀ ਜਿਸ ਲਈ ਉਸਨੇ ਤੁਰੰਤ ਮੁਆਫੀ ਮੰਗ ਲਈ। ਜੇਕਰ ਸੁਪਰੀਮ ਕੋਰਟ ਇਸ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਤੇ ਕਾਲੇ ਕਾਨੂੰਨਾਂ ਬਾਰੇ ਯੋਗ ਫੈਸਲਾ ਨਹੀਂ ਲੈਂਦੀ ਤਾਂ ਸਮਾਜ ਵਿਚ ਅਰਾਜਕਤਾ ਫੈਲ ਸਕਦੀ ਹੈ ਤੇ ਜਮਹੂਰੀਅਤ ਦਾ ਘਾਣ ਹੋ ਸਕਦਾ ਹੈ। ਇਸ ਲਈ ਸੁਪਰੀਮ ਕੋਰਟ ਨੂੰ ਇਸ ਨਾਜ਼ੁਕ ਮੌਕੇ ਭਾਰਤ ਦੀ ਜਮਹੂਰੀਅਤ ਨੂੰ ਬਚਾਉਣ ਦੇ ਲਈ ਅੱਗੇ ਆਉਣਾ ਚਾਹੀਦਾ ਹੈ।

# ਹਿੰਦੂ ਰਾਸ਼ਟਰਵਾਦ ਬਨਾਮ ਰਾਮ ਰਾਜ ਅਤੇ ਸੰਘ ਪਰਿਵਾਰ ਦੀ ਰਾਜਨੀਤੀ

## - ਜੰਗ ਸਿੰਘ

ਜਦੋਂ ਦੇਸ ਦੇ ਸਾਰੇ ਧਰਮਾਂ ਦੇ ਲੋਕ ਰਲ ਕੇ ਫਰੰਗੀਆਂ ਤੋਂ ਦੇਸ ਨੂੰ ਅਜ਼ਾਦ ਕਰਾਉਣ ਲਈ ਲਈ ਤੱਤੀਆਂ, ਠੰਢੀਆਂ ਲਹਿਰਾਂ ਚਲਾ ਰਹੇ ਸਨ ਤਾਂ ਉਸ ਸਮੇਂ ਅੰਗਰੇਜ਼ਾਂ ਦੀ ਸ਼ਹਿ 'ਤੇ 1925 ਈ: ਵਿੱਚ ਮਹਾਰਾਸ਼ਟਰ ਸੂਬੇ ਦੇ ਸ਼ਹਿਰ ਨਾਗਪੁਰ ਦੇ ਡਾਕਟਰ ਕੇਸ਼ਵਬਲੀ ਰਾਮ ਹੈਡਗੇਵਾਰ ਸੱਜੇ ਪੱਖੀ ਜਥੇਬੰਦੀ ਆਰ ਐਸ ਐਸ ਦੀ ਸਥਾਪਨਾ ਕਰ ਰਹੇ ਸਨ। ਜਿਸਦਾ ਮਕਸਦ ਭਾਰਤ ਵਿੱਚ 'ਰਾਮ ਰਾਜ' ਦੀ ਤਰਜ਼ 'ਤੇ ਕੱਟੜ 'ਹਿੰਦੂ ਰਾਜ' ਨੂੰ ਸਥਾਪਤ ਕਰਨਾ ਸੀ। ਇਤਿਹਾਸ ਗਵਾਹ ਹੈ ਕਿ ਇਹ ਉਹ ਨਾਜ਼ੁਕ ਸਮਾਂ ਸੀ ਜਦੋਂ ਬਿਦੇਸ਼ਾਂ ਵਿੱਚ ਗਦਰੀ ਬਾਬੇ ਸੋਹਨ ਸਿੰਘ ਭਕਨੇ, ਸ੍ਰ. ਕਰਤਾਰ ਸਿੰਘ ਸਰਾਭੇ, ਸ੍ਰ. ਭਗਤ ਸਿੰਘ, ਰਾਸ ਬਿਹਾਰੀ ਬੋਸ, ਮਦਨ ਲਾਲ ਢੀਂਗਰੇ ਵਰਗੇ ਕਈ ਦੇਸ਼ ਭਗਤ ਅੰਗੇਰਜ਼ਾਂ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਮਰੀਕਾ ਦੇ ਸ਼ਹਿਰ ਸਟੋਕਟਨ' ਅਤੇ ਕਨੇਡਾ ਵਿਖੇ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਅਜ਼ਾਦ ਕਰਾਉਣ ਲਈ ਗੋਂਦਾਂ ਗੁੰਦ ਰਹੇ ਸਨ। ਭਾਰਤ ਵਿੱਚ ਬੱਬਰ ਅਕਾਲੀ ਲਹਿਰ, ਕਾਂਗਰਸ ਪਾਰਟੀ ਆਦਿ ਰਾਹੀਂ ਭਾਰਤੀਆਂ ਵਲੋਂ ਵੱਖ ਵੱਖ ਲਹਿਰਾਂ ਰਾਹੀਂ ਜੱਦੋਜਹਿਦ ਵਿੱਢੀ ਜਾ ਰਹੀ ਸੀ। ਉਨਾਂ ਸਮਿਆਂ ਵਿੱਚ ਆਰ ਐਸ ਐਸ ਦੇ ਆਗੂ ਅੰਗਰੇਜ਼ਾਂ ਦੀ ਭਗਤੀ ਕਰਦੇ ਹੋਏ ਦੇਸ਼ ਭਗਤਾਂ ਦੇ ਵਿਰੁੱਧ ਝੂਠੀਆਂ ਗਵਾਹੀਆਂ ਦੇ ਕੇ ਉਨਾਂ ਨੂੰ ਫੜਾ ਕੇ ਅਜ਼ਾਦੀ ਦੀ ਲਹਿਰ ਨੂੰ ਫੇਲ ਕਰਨ ਵਿੱਚ ਲੱਗੇ ਹੋਏ ਸਨ।

ਅਜ਼ਾਦੀ ਦੇ ਇਤਿਹਾਸ ਵਿੱਚ ਇਸ ਕੱਟੜ ਜਥੇਬੰਦੀ ਆਰ ਐਸ ਐਸ ਦਾ ਇੱਕ ਵੀ ਮੈਂਬਰ ਜਾਂ ਆਗੂ ਨਹੀਂ ਮਿਲਦਾ ਜਿਸ ਨੇ ਦੇਸ਼ ਨੂੰ ਅਜ਼ਾਦ ਕਰਾਉਣ ਵਿੱਚ ਕੋਈ ਰਤਾ ਜਿੰਨਾ ਵੀ ਯੋਗਦਾਨ ਪਾਇਆ ਹੋਵੇ। ਜੇ ਕੋਈ ਨਾਂ ਲਿਆ ਜਾਂਦਾ ਹੈ ਤਾਂ ਉਹ ਹੈ ਵੀਰ ਸਾਵਰਕਰ ਦਾ। ਇਹ ਠੀਕ ਹੈ ਉਹ ਸ੍ਰ. ਭਗਤ ਸਿੰਘ ਦੇ ਨਾਲ ਗ੍ਰਿਫਤਾਰ ਜ਼ਰੂਰ ਹੋਇਆ ਸੀ ਪਰ ਜੇਲ ਵਿੱਚ ਗਿਆਂ ਨੂੰ ਹਾਲੇ ਇੱਕ ਮਹੀਨਾ ਵੀ ਸ਼ਾਇਦ ਨਹੀਂ ਸੀ ਹੋਇਆ ਕਿ ਇਸ ਯੋਧੇ ਨੇ ਚਾਰ ਵਾਰੀ ਅੰਗਰੇਜ਼ਾਂ ਨੂੰ ਚਿੱਠੀਆ ਲਿਖ ਘੱਤੀਆਂ ਸਨ ਕਿ ਉਹ ਤਾਂ ਅੰਗਰੇਜ਼ਾਂ ਦਾ ਭਗਤ ਤੇ ਵਫਾਦਾਰ ਹੈ। ਇਸ ਅਜ਼ਾਦੀ ਦੀ ਲਹਿਰ ਨਾਲ ਉਸ ਦਾ ਨੇੜੇ ਤਕ ਦਾ ਵੀ ਕੋਈ ਵਾਹ ਵਾਸਤਾ ਨਹੀਂ। ਬਾਰ ਬਾਰ ਮੁਆਫੀ ਮੰਗਣ ਕਰਕੇ ਅੰਗਰੇਜ਼ਾਂ ਨੇ ਉਸ ਨੂੰ ਜੇਲ ਵਿੱਚੋਂ ਰਿਹਾ ਕਰ ਦਿੱਤਾ।

ਇਸੇ ਹੀ ਸੰਸਥਾ ਦੇ ਇੱਕ ਹੋਰ ਆਗੂ ਨੱਥੂ ਰਾਮ ਗੋਡਸੇ ਨੇ ਬੜੀਆਂ ਜੱਦੋਜਹਿਦਾਂ, ਅਨੇਕਾਂ ਕੁਰਬਾਨੀਆਂ ਤੇ ਤਸੀਹੇ ਝੱਲਣ ਉਪਰੰਤ ਪ੍ਰਾਪਤ ਕੀਤੀ ਅਜ਼ਾਦੀ ਤੋਂ ਤੁਰੰਤ ਬਾਦ ਦੇਸ਼ ਦੇ ਕਹੇ ਗਏ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ 30 ਜਨਵਰੀ 1948 ਵਿੱਚ ਦਿੱਲੀ ਵਿਖੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਹੈ ਕਿ ਦੇਸ਼ ਵਿੱਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ, ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕਰ ਰਹੇ ਹਨ, ਉਨਾਂ ਦੇ ਕਈ ਆਗੂ ਇਹ ਕਹਿੰਦੇ ਨਹੀਂ ਥੱਕਦੇ ਕਿ ਨੱਥੂ ਰਾਮ ਗੋਡਸਾ ਦੇਸ਼ ਭਗਤ ਹੈ ਤੇ ਦੇਸ਼ ਭਗਤ ਹੀ ਰਹੇਗਾ।

ਆਰ ਐਸ ਐਸ ਨੇ ਆਪਣੇ ਮੰਤਵ ਵਿੱਚ ਸਫਲ ਹੋਣ ਲਈ ਦੇਸ਼ ਵਿੱਚ ਕਿਸ ਤਰਾਂ ਪੈਰ ਪਸਾਰਨੇ ਸ਼ੁਰੂ ਕੀਤੇ, ਇਸਦੇ ਇਤਿਹਾਸ ਤੇ ਵੀ ਸੰਖੇਪ ਝਾਤ ਮਾਰਨ ਦੀ ਜ਼ਰੂਰਤ ਹੈ। ਦੇਸ਼ ਦੀ ਅਜ਼ਾਦੀ ਤੋਂ ਸਿਰਫ ਚਾਰ ਸਾਲ ਬਾਦ 21 ਅਕਤੂਬਰ 1951 ਵਿੱਚ ਆਰ ਐਸ ਐਸ ਨੇ ਆਪਣੀ ਰਾਜਨੀਤਕ ਪਾਰਟੀ ਭਾਰਤੀਯ ਜਨ ਸੰਘ ਦੀ ਸਥਾਪਨਾ ਕੀਤੀ, ਜਿਸਦਾ ਨਿਰਮਾਣ ਕਰਨ ਵਾਲੇ ਸ਼ਿਆਮਾ ਪ੍ਰਕਾਸ਼ ਮੁਕਰਜੀ ਸਨ। ਇਸਦਾ ਚੋਣ ਨਿਸ਼ਾਨ ਦੀਵਾ ਸੀ। ਇਸੇ ਜਨ ਸੰਘ ਨੇ ਪੰਜਾਬ ਵਿੱਚ ਜੋ ਜੋ ਪੰਜਾਬ ਵਿਰੋਧੀ ਕੰਮ ਕੀਤੇ, ਉਹ ਕਿਸੇ ਤੋਂ ਭੁੱਲੇ ਹੋਏ ਨਹੀਂ। ਫਿਰ ਇਹ ਜਨ ਸੰਘ ਦੇਸ਼ ਵਿੱਚ ਲੱਗੀ ਐਮਰਜੈਂਸੀ ਦੌਰਾਨ ਆਪਣੀ ਹੋਂਦ ਮੁਕਾ ਕੇ ਜਨਤਾ ਦਲ ਵਿੱਚ ਸ਼ਾਮਲ ਹੋ ਗਈ ਸੀ। ਆਰ ਐਸ ਐਸ ਨੇ 6 ਅਪਰੈਲ 1980 ਵਿੱਚ 'ਕਮਲ ਦੇ ਫੁੱਲ' ਦੇ ਨਿਸ਼ਾਨ ਥੱਲੇ ਆਪਣੀ ਇੱਕ ਨਵੀਂ ਰਾਜਨੀਤਕ ਪਾਰਟੀ 'ਭਾਰਤੀ ਜਨਤਾ ਪਾਰਟੀ' ਬਣਾ ਲਈ। ਬੱਸ ਉਦੋਂ ਤੋਂ ਹੀ ਇਹ ਦੇਸ਼ ਵਿੱਚ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਕੇ ਆਪਣੇ ਲੋਕਤੰਤਰ ਵਿਰੋਧੀ ਤੇ ਭਰਾਤਰੀ ਸਾਂਝ ਦੀ ਸੋਚ ਨੂੰ ਖਤਮ ਕਰਨ ਲਈ ਦੇਸ਼ ਵਿੱਚ ਫਿਰਕਾਪ੍ਰਸਤੀ ਨੂੰ ਫੈਲਾਉਂਦੀ ਆ ਰਹੀ ਹੈ। ਇਸਦਾ ਸਿਖਰ ਉਦੋਂ ਹੋਇਆ ਜਦੋਂ ਲੋਕ ਦੇਸ਼ ਵਿੱਚ ਰਾਜ ਕਰ ਰਹੀ ਕਾਂਗਰਸ ਪਾਰਟੀ ਦੇ ਕੰਮ ਕਾਜ ਤੋਂ ਬੁਰੀ ਤਰਾਂ ਅਸਤੁੰਸ਼ਟ ਹੋ ਜਾਣ ਕਾਰਨ 2014 ਵਿੱਚ ਦੇਸ਼ ਦੀ ਵਾਗਡੋਰ ਇਸ ਫਿਰਕਾਪ੍ਰਸਤ ਪਾਰਟੀ ਜਨਤਾ ਦਲ ਵਿੱਚ ਦੇ ਹੱਥ ਆ ਗਈ।

ਜਨਤਾ ਦਲ ਨੇ ਚੋਣਾਂ ਤੋਂ ਪਹਿਲਾਂ ਜੋ ਜੋ ਸਬਜ਼ਬਾਗ ਗੱਦੀ ਨੂੰ ਹਥਿਆਉਣ ਲਈ ਲੋਕਾਂ ਨੂੰ ਦਿਖਾਏ, ਅੱਜ ਛੇ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਦੇ ਬਾਵਜੂਦ ਲੋਕਾਂ ਨਾਲ ਕੀਤੇ ਵਾਅਦਿਆਂ ਦੀ ਇਸ ਸਰਕਾਰ ਨੇ ਪੂਣੀ ਤਕ ਨਹੀਂ ਕੱਤੀ। ਹੁਣ ਇਸ ਸਰਕਾਰ ਵਲੋਂ ਲੋਕਾਂ ਦੇ ਅਸਲ ਮੁੱਦੇ ਵਿਸਾਰ ਕੇ ਭਾਰਤਵਾਸੀਆਂ ਦੀ ਆਪਸੀ ਭਰਾਤਰੀਵਾਦ ਦੀ ਸਾਂਝ ਨੂੰ



ਖਤਮ ਕਰਕੇ 'ਕੱਟੜ ਹਿੰਦੂਵਾਦ' ਦਾ ਮੁਲੰਮਾ ਚਾੜਿਆ ਜਾ ਰਿਹਾ ਹੈ। ਦੇਸ ਦੇ ਮੁੱਖ ਮਸਲੇ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਿਸਾਨਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ, ਛੋਟੇ ਵਿਉਪਾਰੀਆਂ ਆਦਿ ਦੀਆਂ ਮੁਸ਼ਕਲਾਂ ਹੱਲ ਕਰਨ ਦੀ ਥਾਂ 'ਤੇ 'ਹਿੰਦੂ ਮੁਸਲਿਮ' ਦਾ ਮੁੱਦਾ ਬਣਾ ਕੇ ਘੱਟ ਗਿਣਤੀਆਂ ਸਮੇਤ ਦਲਿਤਾਂ ਨਾਲ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ। ਦੇਸ਼ਵਾਸੀਆਂ ਦੀ ਆਪਸੀ ਸਾਂਝ ਨੂੰ ਖਤਮ ਕਰਕੇ ਬਹੁ ਗਿਣਤੀ ਦੇ ਲੋਕਾਂ ਨੂੰ ਦੇਸ ਵਿੱਚ 'ਰਾਮ ਰਾਜ' ਦੀ ਤਰਜ਼ 'ਤੇ 'ਹਿੰਦੂ ਰਾਜ' ਸਥਾਪਤ ਕਰਨ ਦੇ ਨਾਂ 'ਤੇ ਭਰਮਾਇਆ ਜਾ ਰਿਹਾ ਹੈ।

ਅੱਜ ਜਦੋਂ ਸੰਸਾਰ ਦੀਆਂ ਸਰਕਾਰਾਂ ਲੋਕਾਂ ਨੂੰ ਕਰੋਨਾ ਮਹਾਂਮਾਰੀ ਤੋਂ ਬਚਾਉਣ ਲਈ ਵੱਧ ਤੋਂ ਵੱਧ ਸਿਹਤ ਸਹੂਲਤਾਂ ਦੇਣ ਵਿੱਚ ਲੱਗੀਆਂ ਹੋਈਆਂ ਹਨ ਤਾਂ ਸਾਡੇ ਦੇਸ਼ ਦੀ ਮੋਦੀ ਸਰਕਾਰ ਪੀ ਐੱਮ ਕੇਅਰ ਫੰਡ ਦਾ ਨਵਾਂ ਖਾਤਾ ਖੋਲ ਕੇ ਉਸ ਨੂੰ ਆਰ ਟੀ ਆਈ ਤੋਂ ਮੁਕਤ ਰੱਖ ਕੇ, ਤਾਂ ਕਿ ਇਸ ਫੰਡ ਬਾਰੇ ਪੁੱਛਣ ਗਿੱਛਣ ਵਾਲਾ ਵੀ ਕੋਈ ਨਾ ਹੋਵੇ, ਦੇਸ਼ ਦੇ ਲੋਕਾਂ ਦਾ ਹਜ਼ਾਰਾਂ ਕਰੋੜ ਰੁਪਇਆ ਇਕੱਠਾ ਕਰਕੇ, ਲੋਕਾਂ ਨੂੰ ਕੋਈ ਸਹੂਲਤ ਦੇਣ ਦੀ ਥਾਂ 'ਤੇ ਕਦੇ ਤਾਲੀਆਂ, ਕਦੇ ਟੱਲੀਆਂ ਤੇ ਕਦੇ ਦੀਵੇ ਜਗਾ ਕੇ ਬਹੁਗਿਣਤੀ ਵਰਗ ਦੇ ਲੋਕਾਂ ਨੂੰ ਖੁਸ਼ ਕਰਨ ਦੇ ਨਾਲ ਹਿੰਦੂ ਫਿਲਾਸਫੀ ਨੂੰ ਲੋਕਾਂ ਤੇ ਜਬਰੀ ਮੜਨ ਲੱਗੀ ਹੋਈ ਹੈ।

ਇਸ ਦੇਸ਼ ਵਿੱਚ ਇੱਕ ਪਾਸੇ ਹਿੰਦੂ ਧਰਮ ਨਾਲ ਸਬੰਧਤ ਲੱਖਾਂ ਪ੍ਰਵਾਸੀ ਮਜ਼ਦੂਰਾਂ ਦੇ ਜਾਣ ਦਾ ਪ੍ਰਬੰਧ ਕਰਕੇ ਦੇਣ ਦੀ ਥਾਂ 'ਤੇ ਸੈਕੜੇ, ਹਜ਼ਾਰਾਂ ਮੀਲ ਦਾ ਪੈਂਡਾ ਪੈਦਲ ਭੁੱਖੇ ਪਿਆਸੇ ਤੈਅ ਕਰਵਾ ਰਹੀ ਹੈ। ਕਿੰਨੀ ਤਰਾਸਦੀ ਦੀ ਗੱਲ ਹੈ ਕਿ ਇਸ ਪੈਂਡੇ ਦੌਰਾਨ ਬਿਨ ਡਾਕਟਰੀ ਸਹੂਲਤੋਂ, ਇੰਨੀਆਂ ਮੰਦੀਆਂ ਹਾਲਤਾਂ ਵਿੱਚ ਕਈ ਗਰਭਵਤੀ ਇਸਤਰੀਆਂ ਸੜਕਾਂ ਉੱਤੇ ਹੀ ਪੁਲੀਸ ਤੇ ਆਮ ਲੋਕਾਂ ਦੀ ਮਦਦ ਨਾਲ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ। ਕਈਆਂ ਪਰਵਾਸੀਆਂ ਨੂੰ ਤਾਂ ਆਪਣੀ ਮੰਜ਼ਿਲ 'ਤੇ ਪੁੱਜਣਾ ਵੀ ਨਸੀਬ ਨਹੀਂ ਹੋਇਆ। ਪਤਾ ਨਹੀਂ ਕਿੰਨੇ ਹੀ ਅਜਿਹੇ ਪ੍ਰਵਾਸੀ ਆਪਣੇ ਘਰਾਂ ਨੂੰ ਜਾਂਦੇ ਰਸਤੇ ਵਿੱਚ ਕੋਈ ਸੜਕੀ ਦੁਰਘਟਨਾ, ਕੋਈ ਰੇਲਵੇ ਦੁਰਘਟਨਾਵਾਂ ਤੋਂ ਇਲਾਵਾ ਭੁੱਖ, ਪਿਆਸ, ਬਿਮਾਰੀ ਆਦਿ ਦਾ ਸ਼ਿਕਾਰ ਹੋ ਕੇ ਰੱਬ ਨੂੰ ਪਿਆਰੇ ਹੋ ਗਏ ਹਨ। ਕੋਈ ਇਸਤਰੀ ਆਪਣੇ ਮਾਸੂਮ ਜਿਹੇ ਬੱਚੇ ਨੂੰ ਥੱਕ ਜਾਣ ਤੇ ਨੀਂਦਰੇ ਦੀ ਹਾਲਤ ਵਿੱਚ ਅਟੈਚੀ 'ਤੇ ਲਿਟਾ ਕੇ ਭੁੱਖੀ ਭਾਣੀ ਖਿੱਚ ਕੇ ਲਿਜਾ ਰਹੀ ਹੈ। ਇਸੇ ਤਰਾਂ ਬਾਲੜੀ ਉਮਰ ਦੀ ਇੱਕ ਕੁੜੀ ਆਪਣੇ ਬਿਮਾਰ ਤੇ ਬਿਰਧ ਪਿਤਾ ਨੂੰ ਹਜ਼ਾਰਾਂ ਮੀਲ਼ ਦਾ ਪੈਂਡਾ ਸਾਈਕਲ ਤੇ ਲਿਜਾਣ ਲਈ ਮਜਬੂਰ ਹੋਈ ਹੈ, ਜਿਸ ਦੀ ਚਰਚਾ ਸੰਸਾਰ ਵਿੱਚ ਵੀ ਹੋ ਚੁੱਕੀ ਹੈ। 'ਰਾਮ ਰਾਜ' ਦੀ ਉਸਾਰੀ ਕਰ ਰਹੀ ਇਸ ਸਰਕਾਰ ਨੂੰ ਕਠਨ ਅਵਸਥਾ ਵਿੱਚ ਜਾ ਰਹੇ ਇਹ ਰਾਮ ਭਗਤ ਕਿਉਂ ਨਹੀਂ ਨਜ਼ਰ ਆ ਰਹੇ ? ਪਰ ਸਰਕਾਰ ਇਸ ਨਾਜ਼ੁਕ ਮੌਕੇ ਜਦੋਂ ਕਰੋਨਾ ਬਿਮਾਰੀ ਕਾਰਨ ਲੋਕ ਲਾਕਡਾਊਨ ਤੇ ਕਰਫਿਊ ਕਾਰਨ ਘਰਾਂ ਅੰਦਰ ਤਾੜੇ ਹੋਏ ਹਨ, ਉਸ ਦਾ ਨਾਜਾਇਜ਼ ਫਾਇਦਾ ਉਠਾ ਕੇ ਇਹ ਸਰਕਾਰ ਪ੍ਰਾਂਤਾਂ ਵਿੱਚ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਨੂੰ ਤੋੜਨ ਲਈ ਵਿਧਾਨਕਾਰਾਂ ਦੀ ਖਰੀਦੋ ਫਰੋਖਤ ਕਰਕੇ ਆਪਣੀ ਭਗਵੀ ਪਾਰਟੀ ਦੀਆਂ ਸਰਕਾਰਾਂ ਸੂਬਿਆਂ ਵਿੱਚ ਬਣਾਉਣ ਵਿੱਚ ਲੱਗੀ ਹੋਈ ਹੈ। ਇਹ ਹੀ ਨਹੀਂ, ਜੰਮੂ ਕਸ਼ਮੀਰ ਦੇ ਸਾਰੇ ਕਾਇਦੇ ਕਾਨੂੰਨ ਤੋੜ ਕੇ 370 ਧਾਰਾ ਤੇ 35 ਏ ਨੂੰ ਖਤਮ ਕਰਕੇ ਜੰਮੂ ਕਸ਼ਮੀਰ ਵਿੱਚ ਦੂਸਰੇ ਸੂਬਿਆਂ ਗੁਜਰਾਤ ਆਦਿ ਪ੍ਰਾਂਤਾਂ ਦੇ ਵਿਉਪਾਰੀਆਂ ਨੂੰ ਉੱਥੋਂ ਦੇ ਪੱਕੇ ਸ਼ਹਿਰੀ ਬਣਾਉਣ ਵਿੱਚ ਲੱਗੀ ਹੋਈ ਹੈ ਤਾਂ ਕਿ ਉੱਥੋਂ ਦੇ ਮੁਸਲਮਾਨਾਂ ਦੇ ਵਿਉਪਾਰ ਨੂੰ ਕਾਬੂ ਕੀਤਾ ਜਾ ਸਕੇ।

ਭਾਰਤ ਦੇ ਪ੍ਰਧਾਨ ਮੰਤਰੀ ਲਾਕ ਡਾਊਨ ਸਮੇਂ ਚਾਰ ਪੰਜ ਵਾਰ ਭਾਸ਼ਨ ਕਰਨ ਸਮੇਂ ਪਤਾ ਨਹੀਂ ਕਿਹੜੇ ਜੋਤਸ਼ੀ ਜਾਂ ਤਾਂਤਰਿਕ ਕੋਲੋਂ ਦਿਨ ਤੇ ਸਮੇਂ ਦਾ ਮਹੂਰਤ ਕਢਾ ਕੇ ਰਾਤ ਅੱਠ ਵਜੇ ਹੀ ਲੋਕਾਂ ਨੂੰ ਸੰਬੋਧਨ ਹੁੰਦੇ ਸਨ, ਲੋਕ ਡਰ ਲੱਗਣ ਲੱਗ ਪਿਆ ਸੀ ਕਿ ਪਤਾ ਨਹੀਂ ਹੁਣ ਉਨਾਂ ਨੇ ਭਾਸ਼ਣ ਵਿੱਚ ਕਿਹੜੀ ਅੰਧ ਵਿਸ਼ਵਾਸੀ ਸ਼ੁਰਲੀ ਛੱਡ ਦੇਣੀ ਹੈ। ਦੇਸ ਦੇ ਲੋਕ ਹਰ ਵਾਰ ਉਡੀਕਦੇ ਰਹਿੰਦੇ ਸਨ ਕਿ ਇਸ ਵਾਰ ਜ਼ਰੂਰ ਕੋਈ ਰਾਹਤ ਲੋਕਾਂ ਨੂੰ ਦੇਣਗੇ ਪਰ ਊਠ ਦਾ ਬੁੱਲ ਡਿਗਣ ਵਿੱਚ ਹੀ ਨਹੀਂ ਸੀ ਆਉਂਦਾ। ਆਖਰ ਇਸ ਵਾਰ ਡਿਗਿਆ ਹੈ ਕਿ ਦੇਸ਼ ਦੇ ਲੋਕਾਂ ਨੂੰ 20 ਲੱਖ ਕਰੋੜ ਦੀ ਰਾਹਤ ਦਿੱਤੀ ਗਈ ਹੈ। ਪਰ ਜਦੋਂ ਇਸ ਰਾਹਤ ਦਾ ਵਿਸ਼ਲੇਸ਼ਣ ਹੋਇਆ ਤਾਂ ਪਤਾ ਲੱਗਾ ਕਿ ਸਾਰੇ ਗੱਫੇ ਤਾਂ ਲੈ ਗਏ ਵੱਡੇ ਵੱਡੇ ਧਨਾਢ ਤੇ ਪ੍ਰਧਾਨ ਮੰਤਰੀ ਦੇ ਮਿੱਤਰ ਬੇਲੀ ਅਜਾਰੇਦਾਰ, ਆਮ ਲੋਕਾਂ ਲਈ ਲੋਨ ਮੇਲਾ ਬੈਂਕਾਂ ਦਾ ਕਰਜਾ, ਜਿਸ ਵਿੱਚ ਪਹਿਲਾਂ ਹੀ ਗਰੀਬ ਲੋਕ ਜਕੜ ਹੋਏ ਹਨ। ਕਿਸਾਨ ਤਾਂ ਪਹਿਲਾਂ ਹੀ ਇਨਾਂ ਕਰਜ਼ਿਆ ਤੋਂ ਦੁਖੀ ਹੋ ਕੇ ਆਤਮ ਹੱਤਿਆਵਾਂ ਕਰ ਰਹੇ ਹਨ।

ਮੋਦੀ ਸਰਕਾਰ ਕਿਸਾਨਾਂ ਨੂੰ ਦੁੱਗਣੀ ਆਮਦਨ ਕੀਤੇ ਜਾਣ ਦੇ ਫੋਕੇ ਨਾਹਰੇ ਦੇ ਕੇ ਉਨਾਂ ਦੇ ਜ਼ਖਮਾਂ ਨੂੰ ਅੱਲੇ ਕਰ ਰਹੀ ਹੈ। ਲੋਕ ਹੁਣ ਭਲੀ ਭਾਂਤ ਜਾਣ ਚੁੱਕੇ ਹਨ ਕਿ ਇਹ ਸਰਕਾਰ ਹੁਣ ਲੋਕਾਂ ਦੀ ਨਾ ਹੋ ਕੇ ਸਿਰਫ ਤੇ ਸਿਰਫ ਅੰਬਾਨੀਆਂ, ਅਡਾਨੀਆਂ, ਮੇਹੁਲ ਚੌਕਸੀ, ਆਦਿ ਵਰਗੇ ਅਜਾਰੇਦਾਰਾਂ, ਜੋ ਹਜ਼ਾਰਾਂ ਕਰੋੜ ਰੁਪਏ ਬੈਂਕਾਂ ਦਾ ਡਕਾਰਨ ਉਪਰੰਤ ਵਿਦੇਸ਼ਾਂ ਵਿੱਚ ਮੌਜ ਮੇਲੇ ਕਰ ਰਹੇ ਹਨ, ਦੀ ਬਣ ਚੁੱਕੀ ਹੈ। ਹੁਣ ਤਾਂ ਲੋਕ ਇਹ ਵੀ ਮੂੰਹੋਂ ਮੂੰਹੀਂ ਕਹਿਣ ਲੱਗ ਪਏ ਹਨ ਜਿਹੜੀ ਕਿਸੇ ਸਮੇਂ ਸਰਕਾਰ ਲੋਕਾਂ ਦੁਆਰਾ, ਲੋਕਾਂ ਲਈ ਤੇ ਲੋਕਾਂ ਵਾਸਤੇ ਲਈ ਚੁਣੀ ਹੋਈ ਮੰਨੀ ਜਾ ਸਕਦੀ ਹੈ ਉਹ ਹੁਣ ਲੋਕਾਂ ਦੀ ਨਾ ਹੋ ਕੇ ਵਪਾਰੀਆਂ ਦੀ ਬਣ ਚੁੱਕੀ ਹੈ।

ਦੇਸ਼ ਵਿੱਚ ਹਜ਼ਾਰਾਂ ਕਰੋੜ ਰੁਪਏ ਮੂਰਤੀਆਂ, ਨਦੀਆਂ, ਦਰਿਆਵਾਂ ਦੀ ਸਫਾਈ ਦੇ ਨਾਂ 'ਤੇ ਕਾਗਜਾਂ ਵਿੱਚ ਤਾਂ ਖਰਚ ਕਰ ਸਕਦੀ ਹੈ ਪਰ ਕਰੋਨਾ ਬਿਮਾਰੀ ਦਾ ਮੁਕਾਬਲਾ ਕਰਨ ਲਈ ਹਸਪਤਾਲਾਂ ਵਿੱਚ ਨਾ ਤਾਂ ਲੋੜੀਂਦੇ ਡਾਕਟਰ, ਨਰਸਾਂ, ਸਿਹਤਕ ਅਮਲਾ ਹੈ ਅਤੇ ਨਾ ਹੀ ਲੋੜੀਂਦੀਆਂ ਦੁਆਈਆਂ, ਪੀ ਪੀ ਈ ਕਿੱਟਾਂ, ਮਾਸਕ, ਦਸਤਾਨੇ, ਸੈਨੇਟਾਈਜ਼ਰ ਤੇ ਹੋਰ ਅਤਿ ਜ਼ਰੂਰੀ ਸਮਾਨ ਹੈ। 10-12 ਹਜ਼ਾਰ ਦੀ ਅਬਾਦੀ ਪਿੱਛੇ ਸਾਡੇ ਇਸ ਦੇਸ਼ ਵਿੱਚ ਇੱਕ ਡਾਕਟਰ ਹੈ। ਜੇ ਇਹ ਕਹਿ ਲਿਆ ਜਾਵੇ ਕਿ ਸਾਡੇ ਦੇਸ਼ ਵਿੱਚ ਕਰੋਨਾ ਦੀ ਲੜਾਈ ਬਿਨ ਹਥਿਆਰਾਂ ਦੇ ਹੀ ਲੜੀ ਜਾ ਰਹੀ ਹੈ, ਗਲਤ ਨਹੀਂ ਹੋਵੇਗਾ। ਲੱਖਾਂ ਦੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਭੁੱਖੇ, ਪਿਆਸੇ, ਬਿਨ ਸਰਕਾਰ ਵਲੋਂ ਕੋਈ ਸਹੂਲਤ ਮਿਲਣ ਦੇ ਪੈਦਲ ਹੀ ਆਪਣੇ ਪਿਤਰੀ ਘਰਾਂ ਵਲ ਜਾ ਰਹੇ ਹਨ ਜੇ ਕਰ ਰਾਮ ਰਾਜ ਦਾ ਨਾਹਰਾ ਮਾਰਨ ਵਾਲੀ ਸਰਕਾਰ ਸੱਚਮੁੱਚ ਰਾਮ ਰਾਜ ਦੀ ਮੁਦਈ ਹੁੰਦੀ ਤਾਂ ਇਸੇ ਹਿੰਦੂ ਧਰਮ ਦੇ ਲੋਕਾਂ ਦੀ ਅੱਜ ਇੰਨੀ ਦੁਰਗਤੀ ਇਸ ਤਰਾਂ ਨਾ ਹੁੰਦੀ।

ਪਰਵਾਸੀ ਮਜ਼ਦੂਰਾਂ ਲਈ ਭੇਜੀਆਂ 200 ਰੇਲ ਗੱਡੀਆਂ ਵਿੱਚੋਂ 40 ਗੱਡੀਆਂ ਕੇਂਦਰ ਸਰਕਾਰ ਤੇ ਰੇਲਵੇ ਵਿਭਾਗ ਦੀ ਸਿਖਰਾਂ ਦੀ ਅਣਗਹਿਲੀ ਕਾਰਨ ਉਹ ਆਪਣੇ ਅਸਲ ਅਸਥਾਨਾਂ ਤੇ ਜਾਣ ਦੀ ਥਾਂ ਤੇ ਹੋਰ ਗਲਤ ਥਾਵਾਂ 'ਤੇ ਪੁੱਜ ਗਈਆਂ ਤੇ ਪ੍ਰਵਾਸੀਆਂ ਨੂੰ ਆਪਣੇ ਘਰਾਂ ਵਿੱਚ ਪੁੱਜਣ ਲਈ ਭੁੱਖੇ ਪਿਆਸੇ ਕਈ ਕਈ ਦਿਨ ਪਛੜ ਕੇ ਪੁੱਜਣਾ ਪਿਆ। ਯੂ ਪੀ ਪ੍ਰਾਂਤ ਦੇ ਮੁਜੱਫਰਨਗਰ ਸ਼ਹਿਰ ਦੀ ਵਾਇਰਲ ਹੋ ਰਹੀ ਵੀਡੀਓ ਨੇ ਤਾਂ ਵੇਖਣ ਵਾਲੇ ਵਿਅਕਤੀ ਦੇ ਅੱਖਾਂ ਵਿੱਚ ਅੱਥਰੂ ਜ਼ਰੂਰ ਲਿਆ ਦਿੱਤੇ ਹਨ ਜਿਸ ਵਿੱਚ ਇੱਕ ਦੋ ਸਾਲ ਦਾ ਬੱਚਾ ਆਪਣੀ ਭੁੱਖੀ ਪਿਆਸੀ ਮਰ ਚੁੱਕੀ ਮਾਂ, ਜਿਸ ਬਾਰੇ ਉਹ ਬਿਲਕੁਲ ਅਣਜਾਣ ਹੈ, ਉੱਤੇ ਦਿੱਤੀ ਚਾਦਰ ਨੂੰ ਲਾਹ ਕੇ ਜਗਾਉਂਦਾ ਹੋਇਆ ਦਿਖਾਇਆ ਗਿਆ ਹੈ।

ਮੋਦੀ ਸਾਹਿਬ, ਇੰਝ ਲੱਗ ਰਿਹਾ ਹੈ ਜਿਵੇਂ ਤੁਹਾਡਾ ਖੁਨ ਸਫੈਦ ਹੋ ਚੁੱਕਾ ਹੈ। ਇਹ ਸਾਰਾ ਕੁਝ ਬਹੁ ਗਿਣਤੀ ਦੇ ਹਿੰਦੂਆਂ ਨਾਲ ਹੀ ਵਾਪਰ ਰਿਹਾ ਹੈ। ਤੁਸੀਂ ਤਾਂ ਸਿਰਫ 'ਰਾਮ ਰਾਜ' ਜਾਂ 'ਹਿੰਦੂ ਰਾਜ' ਸਥਾਪਿਤ ਕਰਨ ਦਾ ਡਰਾਮਾ ਕਰਕੇ ਸਿਰਫ ਤੇ ਸਿਰਫ ਵੱਡੇ ਵਿਉਪਾਰੀਆਂ ਨੂੰ ਪਾਲਣ ਵਾਲਾ ਰਾਜ ਸਥਾਪਿਤ ਕਰਕੇ ਉਨਾਂ ਨੂੰ ਵੱਡੇ ਧਨਾਢ ਬਣਾ ਰਹੇ ਹੋ। ਇੱਕ ਹਿੰਦੂ ਫਿਲਾਸਫਰ ਓਸ਼ੋ ਰਜਨੀਸ਼ ਨੇ ਆਪਣੇ ਵਿਚਾਰ ਪਰਗਟ ਕਰਦੇ ਕਿਹਾ ਕਿ ਦੁਬਾਰਾ ਕਦੇ ਵੀ ਰਾਮ ਰਾਜ ਨਾ ਲਿਆਉਣਾ ਕਿਉਂਕਿ ਇਸ ਰਾਮ ਰਾਜ ਵਿੱਚ ਇਸਤਰੀਆਂ ਦੀ ਰੱਜ ਕੇ ਬੇਹੁਰਮਤੀ ਹੁੰਦੀ ਰਹੀ ਹੈ। ਇਸ ਰਾਜ ਵਿੱਚ ਤਾਂ ਬ੍ਰਾਹਮਣਾਂ ਤੋਂ ਬਿਨਾਂ ਕੋਈ ਹੋਰ ਪੜ ਵੀ ਨਹੀਂ ਸਕਦਾ। ਇਹ ਤਾਂ ਲੁਕ ਛਿਪ ਕੇ ਗਿਆਨ ਪ੍ਰਾਪਤ ਕਰਨ ਵਾਲੇ ਸ਼ੂਦਰ ਦੇ ਕੰਨਾਂ ਵਿੱਚ ਸ਼ੀਸ਼ਾ ਢਾਲ ਕੇ ਪਾਉਣ ਵਾਲਿਆਂ ਦਾ ਰਾਜ ਬਣਾਉਣ ਦੀ ਵਕਾਲਤ ਕਰਦੇ ਹਨ।

ਇਸ ਨਾਜ਼ੁਕ ਮੌਕੇ 'ਤੇ ਬਹੁ ਗਿਣਤੀ ਦੇ ਲੋਕਾਂ ਨੂੰ ਸੋਚਣ ਅਤੇ ਵਿਚਾਰਣ ਦੀ ਜ਼ਰੂਰਤ ਹੈ। ਉਹ ਜ਼ਰਾ ਪੜਚੋਲ ਕਰਨ ਕਿ ਛੇ ਸਾਲਾਂ ਦੇ ਰਾਜ ਵਿੱਚ ਭਾਰਤ ਵਿੱਚ 80% ਅਬਾਦੀ ਹਿੰਦੂ ਧਰਮ ਨਾਲ ਸਬੰਧਤ ਹੈ, ਮੋਦੀ ਸਾਹਿਬ ਨੇ ਉਨਾਂ ਨੂੰ ਆਪਣੇ ਰਾਜ ਕਾਲ ਵਿੱਚ ਕਿੰਨਾ ਕੁ ਰੁਜ਼ਗਾਰ ਦਿੱਤਾ ? ਕਿੰਨੀ ਕੁ ਮਹਿੰਗਾਈ ਤੇ ਭ੍ਰਿਸ਼ਟਾਚਾਰ ਤੋਂ ਰਾਹਤ ਦਿੱਤੀ ਹੈ। ਜੋ ਵਾਅਦੇ ਇਸ ਸਰਕਾਰ ਨੇ ਲੋਕਾਂ ਨਾਲ ਕੀਤੇ ਸਨ, ਉਹ ਕਿੰਨੇ ਕੁ ਵਫਾ ਕੀਤੇ ਗਏ ਹਨ ? ਇਹ ਰ ਸ ਸ ਦੀ ਸਰਕਾਰ ਬੜੇ ਚਿਰ ਤੋਂ ਹਿੰਦੂਆਂ ਨੂੰ ਜੰਮੂ ਕਸ਼ਮੀਰ ਵਿੱਚੋਂ 370 ਧਾਰਾ ਤੇ 35 ਏ ਹਟਾ ਕੇ ਦੇਸ਼ ਵਿੱਚ ਇੱਕ ਵਿਧਾਨ ਤੇ ਇੱਕ ਸੰਵਿਧਾਨ ਦੀ ਗੱਲ ਕਰ ਰਹੀ ਹੈ ਜਦੋਂ ਕਿ ਦੇਸ਼ ਦੇ ਕਈ ਹੋਰ ਪ੍ਰਾਤਾਂ ਵਿੱਚ ਇਸੇ ਤਰਾਂ ਦੀ ਧਾਰਾ 371 ਲਾਗੂ ਹੈ ਜਿਸ ਮੁਤਾਬਿਕ ਦੇਸ਼ ਦੇ ਲਗਭਗ 10 ਸੂਬਿਆਂ ਵਿੱਚ ਹੋਰਨਾਂ ਸੂਬਿਆਂ ਦੇ ਲੋਕ ਨਾ ਤਾਂ ਜ਼ਮੀਨ ਖਰੀਦ ਸਕਦੇ ਹਨ ਨਾ ਹੀ ਉੱਥੋਂ ਦੇ ਨਾਗਰਿਕ ਬਣ ਸਕਦੇ ਹਨ। ਕੀ ਇਸ ਸਰਕਾਰ ਨੇ ਉੱਥੋਂ ਦੇ ਰਾਜਾਂ ਵਿੱਚ ਇਹ ਧਾਰਾ ਜੰਮੂ ਕਸ਼ਮੀਰ ਵਾਂਗ ਹਟਾਈ ਹੈ ? ਨਹੀਂ, ਹਰਗਿਜ ਨਹੀਂ !

ਵਪਾਰੀਆਂ ਦੀ ਜਮਾਤ ਦਾ ਕੰਮ ਲੁਟਣਾ ਹੈ। ਹਿੰਦੂ, ਮੁਸਲਿਮ, ਸਿੱਖ ਆਦਿ ਸਭ ਦੀ ਹੀ ਲੁੱਟ ਕਰਕੇ ਪੈਸੇ ਕਮਾਉਣਾ ਉਸਦਾ ਮਕਸਦ ਹੁੰਦਾ ਹੈ। ਇਹੋ ਜਿਹਾ 'ਰਾਮ ਰਾਜ' ਦੇਸ਼ ਵਿੱਚ ਇਸ ਪਾਰਟੀ ਦੀ ਸਰਕਾਰ ਸਥਾਪਿਤ ਕਰਨਾ ਚਾਹੁੰਦੀ ਹੈ। ਸੰਸਾਰ ਦੇ ਲੋਕ ਅਸਮਾਨੀ ਉਡਾਰੀਆਂ ਲਗਾ ਕੇ, ਨਵੀਂਆਂ ਨਵੀਂਆਂ ਖੋਜਾਂ ਕਰਕੇ ਆਪਣੇ ਆਪਣੇ ਦੇਸ਼ਾਂ ਨੂੰ ਅਰਸ਼ਾਂ 'ਤੇ ਪਹੁੰਚਾਉਣਾ ਚਾਹੁੰਦੀਆਂ ਹਨ ਪਰ ਸਾਡੀ ਇਹ ਅੰਧ ਵਿਸ਼ਵਾਸਾਂ ਨਾਲ ਪਰਣਾਈ ਸਰਕਾਰ ਗਊ ਗੋਬਰ ਦੀਆਂ ਬੇਥਵੀਆਂ ਤੇ ਅਣਵਿਗਿਆਨਕ ਗੱਲਾਂ ਕਰਕੇ ਦੇਸ਼ ਨੂੰ ਰਸਾਤਲ ਵਲ ਧੱਕਣਾ ਚਾਹੁੰਦੀ ਹੈ। ਇਸਦਾ ਨਿਰਣਾ ਹੁਣ ਬਹੁ ਗਿਣਤੀ ਧਰਮ ਨਾਲ ਸਬੰਧਤ ਲੋਕਾਂ ਨੇ ਕਰਨਾ ਹੈ ਕਿ ਉਹ ਵਿਗਿਆਨਿਕ ਅਰਸ਼ੀਂ ਤਾਰੀਆਂ ਲਾ ਕੇ, ਦੇਸ਼ ਨੂੰ ਹੋਰ ਵਿਕਸਤ ਕਰਕੇ, ਅਗੇਰੇ ਲਿਜਾਣਾ ਚਾਹੁੰਦੇ ਹਨ ਜਾਂ ਕਿ ਰਸਾਤਲ ਵਿੱਚ ਲਿਜਾਣ ਵਾਲਾ 'ਹਿੰਦੂ ਰਾਜ' ਸਥਾਪਿਤ ਕਰਕੇ ਰਸਾਤਲ ਵਿੱਚ ਧਸਣਾ ਚਾਹੁੰਦੇ ਹਨ !

# ਆਪਣਾ ਆਪਣਾ ਦੇਸ਼

**- ਰਵਿੰਦਰ ਰਵੀ**

ਗੁਰਮੁਖ ਸਿੰਘ ਬਹੁਤ ਹੀ ਸਾਊ ਅਤੇ ਮਿਹਨਤੀ ਇਨਸਾਨ ਸੀ। ਉਸ ਨੇ ਆਪਣੇ ਕਿੱਤਾਕਾਰੀ ਜੀਵਨ ਦਾ ਆਰੰਭ ਇਕ ਓਵਰਸੀਅਰ ਦੇ ਰੂਪ ਵਿਚ ਕੀਤਾ ਸੀ ਪਰ ਹੁਣ ਉਹ ਇਕ ਐਕਸੀਅਨ ਦੇ ਰੂਪ ਵਿਚ ਸੇਵਾ-ਮੁਕਤ ਹੋ ਕੇ ਚੰਗੀ ਪੈਨਸ਼ਨ ਲੈ ਰਿਹਾ ਸੀ।

ਉਸ ਦੀ ਪਤਨੀ ਗੁਰਜੀਤ ਵੀ ਅਧਿਆਪਕ ਤੋਂ ਤਰੱਕੀ ਕਰਦੀ- ਕਰਦੀ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਦੇ ਰੂਪ ਵਿਚ ਰਿਟਾਇਰ ਹੋਈ ਸੀ। ਉਸ ਨੂੰ ਵੀ ਚੰਗੀ ਚੋਖੀ ਪੈਨਸ਼ਨ ਮਿਲ ਜਾਂਦੀ ਸੀ।

ਰਹਿੰਦੇ ਉਹ ਜਲੰਧਰ ਹੀ ਸਨ ਪਰ 30-35 ਕੁ ਮੀਲ ਦੇ ਫਾਸਲੇ ਉੱਤੇ ਗੁਰਮੁਖ ਸਿੰਘ ਦਾ ਜੱਦੀ ਪਿੰਡ ਝਿੰਗੜਾਂ ਸੀ। ਜ਼ਿਲਾ ਨਵਾਂ ਸ਼ਹਿਰ ਵਿਚ। ਏਥੇ ਉਨਾਂ ਦਾ ਘਰ ਤੇ ਹਵੇਲੀ ਸਨ। 10-12 ਏਕੜ ਜ਼ਮੀਨ ਵੀ ਸੀ। ਉਸ ਦੇ ਠੇਕੇ ਦੇ ਵੀ ਚੰਗੇ ਪੈਸੇ ਆ ਜਾਂਦੇ ਸਨ। ਕੁਝ ਖੱਤਿਆਂ ਵਿਚ ਉਹ ਲੋੜ ਲਈ ਕਣਕ ਜਾਂ ਕੋਈ ਹੋਰ ਫਸਲ ਵੀ ਬੀਜਵਾ ਲੈਂਦੇ ਸਨ। ਇਸ ਤਰਾਂ ਮਹੀਨੇ ਵਿਚ ਇਕ ਦੋ ਵਾਰ ਪਿੰਡ ਆਉਣ ਜਾਣ ਬਣਿਆ ਰਹਿੰਦਾ ਸੀ। ਉਸ ਦੇ ਕੁਝ ਮਿੱਤਰ ਅਤੇ ਸ਼ਰੀਕ ਜਾਂ ਰਿਸ਼ਤੇਦਾਰ ਵੀ ਪਿੰਡ ਹੀ ਰਹਿੰਦੇ ਸਨ। ਪਿੰਡ ਆਉਂਦਾ ਤਾਂ ਮੇਲਾ-ਗੇਲਾ ਵੀ ਹੋ ਜਾਂਦਾ ਅਤੇ ਪੁਰਾਣੀਆਂ ਯਾਦਾਂ ਵੀ ਤਾਜ਼ਾ ਹੋ ਜਾਂਦੀਆਂ।

ਜਲੰਧਰ ਵਿਚ ਉਸ ਦੀ ਬੜੀ ਹੀ ਆਲੀਸ਼ਾਨ ਵੱਡੀ ਸਾਰੀ ਕੋਠੀ ਸੀ, ਜਿਸ ਦਾ ਇਕ ਹਿੱਸਾ, ਜੋ ਬਣਾਇਆ ਹੀ ਕਿਰਾਏਦਾਰਾਂ ਲਈ ਸੀ, ਸਦਾ ਕਿਰਾਏ ਉੱਤੇ ਚੜਿਆ ਰਹਿੰਦਾ। ਉਨਾਂ ਕੋਲ 4 ਬੈਡਰੂਮ ਸਨ, 4 ਬਾਥਰੂਮ, ਰਸੋਈ, ਡਾਈਨਿੰਗ ਹਾਲ ਅਤੇ ਡਰਾਇੰਗ ਰੂਮ। ਸਟੋਰ ਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਲਈ ਅਲਹਿਦਾ ਕਮਰੇ ਸਨ। ਕਾਰ ਲਈ ਵੱਡੀ ਖੁੱਲੀ ਗੈਰੇਜ ਸੀ। ਨੌਕਰ ਲਈ ਬਾਹਰ ਹਰੇ ਘਾਹ ਤੇ ਫੁੱਲਾਂ ਵਾਲੇ ਲਾਅਨ ਦੇ ਅੰਤ ਉੱਤੇ ਨੌਕਰਾਂ ਵਾਲਾ ਕਵਾਟਰ ਬਣਿਆ ਹੋਇਆ ਸੀ।

ਗੁਰਮੁਖ ਸਿੰਘ ਕੋਲ ਬੋਲੈਰੋ ਏਅਰ ਕੰਡੀਸ਼ਨਡ ਐੱਸ.ਯੂ. ਵੀ. ਸੀ। ਆਪ ਉਸ ਨੇ ਕਦੇ ਕਾਰ ਨਹੀਂ ਸੀ ਚਲਾਈ। ਸਿੱਖੀ ਵੀ ਨਹੀਂ ਸੀ। ਇਸ ਕੰਮ ਲਈ ਪੱਕਾ ਡਰਾਈਵਰ ਰੱਖਿਆ ਹੋਇਆ ਸੀ ਜੋ ਘਰ ਵਿਚ ਨੌਕਰ ਦਾ ਕੰਮ ਵੀ ਕਰਦਾ ਸੀ। ਕੁਝ ਵਰਿਆਂ ਬਾਅਦ ਉਸ ਦਾ ਵਿਆਹ ਹੋ ਗਿਆ ਤਾਂ ਉਸ ਦੀ ਵਹੁਟੀ ਵੀ ਘਰ ਦੇ ਕੰਮ ਵਿਚ ਗੁਰਜੀਤ ਦਾ ਹੱਥ ਵਟਾਉਣ ਲੱਗ ਪਈ। ਉਹ ਇਕ ਤਰਾਂ ਨਾਲ ਉਨਾਂ ਦੋਹਾਂ ਦੇ ਦੁੱਖ ਸੁੱਖ ਦੇ ਸਾਥੀ ਤੇ ਘਰ ਦੇ ਜੀਅ ਹੀ ਬਣ ਗਏ ਸਨ।

ਭਾਂਡੇ ਮਾਂਜਣ ਵਾਲੀ ਪਹਿਲਾਂ ਭਾਂਡੇ ਮਾਂਜ ਜਾਂ ਧੋ ਜਾਂਦੀ ਸੀ। ਗੁਰਮੁਖ ਸਿੰਘ ਨੇ ਨੌਕਰ ਦੇ ਵਿਆਹ ਤੋਂ ਬਾਅਦ ਨਵਾਂ ਡਿਸ਼ ਵਾਸ਼ਰ ਲੈ ਲਿਆ ਤਾਂ ਘਰ ਦੇ ਕੰਮ ਦੀ ਸਾਰੀ ਜ਼ਿੰਮੇਵਾਰੀ ਨੌਕਰ ਦੀ ਪਤਨੀ ਨੇ ਸੰਭਾਲ ਲਈ। ਮਾਲੀ ਘਾਹ ਨੂੰ ਪਾਣੀ ਦੇ ਜਾਂਦਾ। ਗੋਡੀ ਕਰ ਜਾਂਦਾ। ਮੌਸਮੀ ਫੁੱਲਾਂ ਦੇ ਬੂਟੇ ਲਾ ਜਾਂਦਾ।

ਗੁਰਮੁਖ ਸਿੰਘ ਦੀ ਕੋਠੀ ਵਿਚ ਪਹਿਲਾਂ ਪੱਖਿਆਂ ਤੇ ਫੇਰ ਕੂਲਰਾਂ ਨਾਲ ਗਰਮੀ ਤੋਂ ਛੁਟਕਾਰਾ ਪਾ ਲਿਆ ਜਾਂਦਾ ਸੀ ਪਰ ਹੁਣ ਉਸ ਨੇ ਏਅਰ-ਕੰਡੀਸ਼ਨਰ ਲਵਾ ਲਿਆ ਸੀ। ਸਿਆਲ ਲਈ ਹੀਟਿੰਗ ਦਾ ਵਿਸ਼ੇਸ਼ ਪ੍ਰਬੰਧ ਸੀ। ਜ਼ਿੰਦਗੀ ਦੀਆਂ ਸਭ ਸੰਭਵ ਸੁਵਿਧਾਵਾਂ ਤੇ ਸੁੱਖ ਉਸ ਨੂੰ ਪ੍ਰਾਪਤ ਸਨ। ਜਲੰਧਰ ਇੰਪਰੂਵਮੈਂਟ ਟਰੱਸਟ ਤੋਂ ਸਸਤੇ ਭਾਅ ਇਕ, ਦੋ ਦੁਕਾਨਾਂ-ਕਮ-ਫਲੈਟ ਲੈ ਕੇ ਉਸ ਨੇ ਕਿਰਾਏ 'ਤੇ ਚੜਾਏ ਹੋਏ ਸਨ। ਜ਼ਿੰਦਗੀ ਬੜੇ ਆਰਾਮ ਨਾਲ ਗੁਜ਼ਰ ਰਹੀ ਸੀ।

ਉਸ ਦੇ ਦੋ ਬੱਚੇ ਸਨ। ਪੁੱਤਰ ਕੈਨੇਡਾ ਵਿਚ ਸੀ ਤੇ ਪੁੱਤਰੀ ਨਿਊਜ਼ੀਲੈਂਡ ਵਿਚ। ਇਕ ਭੈਣ ਸਣੇ ਪਰਿਵਾਰ ਆਸਟਰੇਲੀਆ ਜਾ ਵਸੀ ਸੀ ਤੇ ਦੂਜੀ ਇੰਗਲੈਂਡ।

ਗੁਰਮੁਖ ਸਿੰਘ ਨੂੰ ਕਦੇ-ਕਦੇ ਇੰਜ ਜਾਪਦਾ ਸੀ ਕਿ ਪੰਛੀ ਉੱਡ ਗਏ ਹਨ ਤੇ ਆਲ੍ਹਣੇ ਵਿਚ ਹੁਣ ਬੁੱਢਾ ਤੇ ਬੁੱਢੀ ਅਸਲੋਂ 'ਕੱਲੇ ਰਹਿ ਗਏ ਹਨ। ਅਜਿਹੇ ਸਮੇਂ ਹੀ ਉਸ ਨੂੰ ਆਪਣੀਆਂ ਦੋਵੇਂ ਭੈਣਾਂ ਤੇ ਖਾਸ ਕਰ ਕੇ ਦੋਵੇਂ ਬੱਚੇ ਬਹੁਤ ਯਾਦ ਆਉਂਦੇ। ਬੁਢਾਪਾ ਤੇ ਮੌਤ ਦੇ ਸੰਕਲਪ ਪਿਤਾ ਪੁਰਖੀ ਤੌਰ 'ਤੇ ਉਸ ਦੀ ਸੋਚ ਦਾ ਪੱਕਾ ਅੰਗ ਬਣ ਚੁੱਕੇ ਸਨ।

ਉਸ ਦੀ ਦਾਦੀ ਦੀ ਲੰਮੀ ਬਿਮਾਰੀ ਤੋਂ ਬਾਅਦ ਮੰਜੇ ਉੱਤੇ ਹੱਡੀਆਂ ਰਗੜ, ਰਗੜ ਮਰੀ ਸੀ। ਉਸ ਦਾ ਟੱਟੀ, ਪਿਸ਼ਾਬ ਕੱਪੜਿਆਂ ਦੇ ਵਿਚ ਹੀ ਨਿਕਲ ਜਾਂਦਾ। ਉਸ ਦੀ ਯਾਦਦਾਸ਼ਤ ਬਿਲਕੁਲ ਜਾ ਚੁੱਕੀ ਸੀ ਅਤੇ ਉਹ ਕਿਸੇ ਨੂੰ ਵੀ ਨਹੀਂ ਸੀ ਪਛਾਣਦੀ। ਮਰਨ ਤੋਂ ਪਹਿਲਾਂ ਉਹ ਦੋ ਮਹੀਨੇ ਕੋਮਾ (ਬੇਹੋਸ਼ੀ) ਵਿਚ ਰਹੀ ਸੀ। ਜਦੋਂ ਮਰੀ ਤਾਂ ਗੁਲੂਕੋਸ, ਦਵਾਈਆਂ ਤੇ ਭੋਜਨ ਦੇਣ ਵਾਲੀਆਂ ਨਾਲੀਆਂ ਤੇ ਬੋਤਲਾਂ ਉਸ ਦੇ ਸਰੀਰ ਨੂੰ ਉਸ ਦੀਆਂ ਉਂਜ ਲੱਗੀਆਂ ਹੋਈਆਂ ਸਨ। ਗੁਰਮੁਖ ਸਿੰਘ ਨੂੰ ਜਦੋਂ ਕਿਤੇ ਅੱਜ ਵੀ ਇਹ ਮੰਜ਼ਰ ਯਾਦ ਆਉਂਦਾ ਤਾਂ ਉਹ ਇਸ ਤਰਾਂ ਦੀ ਮੌਤ ਦੇ ਭੈਅ ਨਾਲ ਸਿਰ ਤੋਂ ਲੈ ਕੇ ਪੈਰਾਂ ਤਕ ਕੰਬ ਜਾਂਦਾ।

ਉਸ ਦੇ ਬਾਬਾ ਜੀ ਤੇ ਪਿਤਾ ਜੀ ਦੀ ਮੌਤ ਵੀ ਥੋੜੇ ਬਹੁਤ ਵਖਰੇਵੇਂ ਨਾਲ ਉਸ ਦੀ ਦਾਦੀ ਦੀ ਮੌਤ ਵਰਗੀ ਦੁਖਦਾਈ, ਹੱਡ ਰਗੜਵੀਂ ਅਤੇ ਭਿਆਨਕ ਸੀ। ਇਕ ਐਸੀ ਮੌਤ ਜੋ ਹੌਲੀ-ਹੌਲੀ, ਤੜਫਾ-ਤੜਫਾ ਕੇ, ਏਸ ਤਰਾਂ ਮਾਰਦੀ ਹੈ, ਜਿਵੇਂ ਕਿਸੇ ਨੂੰ ਧੀਮੀ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੋਵੇ।

ਇਹ ਮੌਤ ਦਾ ਐਸਾ ਚਿੰਤਨ ਹੀ ਸੀ ਜੋ ਉਸ ਨੂੰ ਤੇ ਉਸ ਦੀ ਪਤਨੀ ਗੁਰਜੀਤ ਨੂੰ ਸਿਰ ਤੋਂ ਪੈਰਾਂ ਤਕ ਕੰਬਾ ਦਿੰਦਾ ਸੀ। ਅੱਖਾਂ ਅੱਗੇ 'ਨੇਰੀ ਲਿਆ ਦਿੰਦਾ ਸੀ। ਪਿੱਛੇ ਅਤੇ ਅੱਗੇ ਨਾਲੋਂ ਸਾਰੇ ਰਿਸ਼ਤੇ ਨਾਤੇ ਤੋੜ ਕੇ ਉਨਾਂ ਨੂੰ ਇਕ ਖਲਾਅ ਜਿਹੇ ਵਿਚ ਲਟਕਾ ਦਿੰਦਾ ਸੀ। ਅਜਿਹੇ ਸਮੇਂ ਹੀ ਗੁਰਮੁਖ ਸਿੰਘ ਨੂੰ ਆਪਣੀਆਂ ਦੋਵੇਂ ਭੈਣਾਂ ਬਹੁਤ ਯਾਦ ਆਉਂਦੀਆਂ। ਪੁੱਤਰ ਤੇ ਧੀ ਬਹੁਤ ਯਾਦ ਆਉਂਦੇ। ਆਪਣੀ ਮਾਂ ਬਹੁਤ ਯਾਦ ਆਉਂਦੀ।

ਉਸ ਦੀ ਮਾਂ ਦੀ ਮੌਤ ਦੀ ਵੀ ਇਕ ਵੱਖਰੀ ਕਹਾਣੀ ਸੀ। ਉਹ ਮੋਟਾਪੇ ਦਾ ਸ਼ਿਕਾਰ ਸੀ। ਭੋਜਨ ਕਰਨ ਵਿਚ, ਉਸ ਦਾ ਦੁੱਧ ਅਤੇ ਘਿਓ ਉੱਤੇ ਜ਼ੋਰ ਹੁੰਦਾ। ਦਹੀਂ, ਲੱਸੀ ਤੇ ਮੱਖਣ ਉਹ ਰੱਜ ਕੇ ਖਾਂਦੀ। ਘਰ ਦੇ ਲਵੇਰੇ ਸਨ। ਕਿਸੇ ਕਿਸਮ ਦੀ ਕੋਈ ਘਾਟ ਨਹੀਂ ਸੀ। ਉਸ ਨੂੰ ਡਾਕਟਰਾਂ ਅਨੁਸਾਰ, ਅਚਾਨਕ ਸਟਰੋਕ ਹੋਇਆ। ਦਿਮਾਗ ਦੀ ਕੋਈ ਨਸ ਫਟ ਗਈ। ਉਸ ਨੂੰ ਅਧਰੰਗ ਹੋ ਗਿਆ। ਉਹਨੇ ਬਹੁਤਾ ਚਿਰ ਮੰਜੇ ਉੱਤੇ ਹੱਡੀਆਂ ਨਾ ਰਗੜੀਆਂ। ਪੰਜ-ਛੇ ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪਿਆ ਤੇ ਉਹ ਮਰ ਗਈ। ਗੁਰਮੁਖ ਸਿੰਘ ਉਸ ਦਿਨ ਬਹੁਤ ਉਦਾਸ ਤੇ ਇਕੱਲਾ ਹੋ ਗਿਆ ਸੀ। ਦਾਦੀ ਉਸ ਦੀ ਮਾਂ ਤੋਂ ਪਹਿਲਾਂ ਮਰ ਚੁੱਕੀ ਸੀ ਅਤੇ ਪਿਤਾ ਤੇ ਦਾਦੇ ਦੀ ਮੌਤ ਮਾਂ ਤੋਂ ਬਾਅਦ ਹੋਈ ਸੀ। ਇਲਾਜ ਕਰਨ ਤੇ ਉਨਾਂ ਦੀ ਜ਼ਿੰਦਗੀ ਬਚਾਉਣ ਲਈ ਗੁਰਮੁਖ ਸਿੰਘ ਨੇ ਕੋਈ ਕਸਰ ਨਹੀਂ ਸੀ ਛੱਡੀ। ਪਾਣੀ ਵਾਂਗ ਰੁਪਿਆ ਵਹਾਇਆ ਸੀ। ਕਹਿੰਦੇ ਨੇ ਕਿ ਜਦੋਂ ਪੈਸੇ ਹੋਣ ਤਾਂ ਘਰ ਵੀ ਹਸਪਤਾਲ ਵਿਚ ਬਦਲ ਸਕਦਾ ਹੈ।

ਜਦੋਂ ਵੀ ਕੋਈ ਬਿਮਾਰ ਹੁੰਦਾ ਰਿਹਾ, ਘਰ ਦਾ ਇਕ ਕਮਰਾ ਹਸਪਤਾਲ ਵਿਚ ਬਦਲ ਜਾਂਦਾ। ਡਾਕਟਰ ਤੇ ਨਰਸ ਰੋਜ਼, ਲੋੜ ਅਨੁਸਾਰ, ਘਰ ਆਉਂਦੇ। ਹਸਪਤਾਲ ਦੀਆਂ ਸਾਰੀਆਂ ਸੁਵਿਧਾਵਾਂ ਘਰ ਵਿਚ ਹੀ ਮੁਹੱਈਆ ਕਰਦੇ। ਇਸ ਤਰਾਂ ਗੁਰਮੁਖ ਸਿੰਘ ਨੂੰ ਵੀ ਇਨਾਂ ਸਭ ਦੀ ਸੇਵਾ ਸੰਭਾਲ ਦਾ ਮੌਕਾ ਮਿਲ ਜਾਂਦਾ। ਉਸ ਦੀ ਪਤਨੀ ਗੁਰਜੀਤ ਵੀ, ਜੇ ਲੋੜ ਪੈਂਦੀ, ਤਾਂ ਛੁੱਟੀ ਲੈ ਕੇ ਵੀ ਸੇਵਾ ਵਿਚ ਜੁਟੀ ਰਹਿੰਦੀ। ਖਰਚ ਦੀ ਉਨਾਂ ਨੂੰ ਕੋਈ ਤੰਗੀ ਨਹੀਂ ਸੀ। ਦਾਦਾ ਜੀ ਸੂਬੇਦਾਰ ਰਿਟਾਇਰ ਹੋਏ ਸਨ। ਪਿਤਾ ਜੀ ਵਿਦਿਅਕ ਮੰਤਰਾਲੇ ਵਿਚ ਚੰਗੇ ਵੱਡੇ ਅਫਸਰ ਸਨ। ਉਨਾਂ ਦੇ ਜੀਵਨਕਾਲ ਦੌਰਾਨ ਉਨਾਂ ਦੋਹਾਂ ਦੀਆਂ ਪੈਨਸ਼ਨਾਂ ਵੀ ਆਉਂਦੀਆਂ ਰਹੀਆਂ। ਉਨਾਂ ਦੋਹਾਂ ਪਤੀ-ਪਤਨੀ ਦੀਆਂ ਤਨਖਾਹਾਂ ਵੀ ਕਾਫੀ ਸਨ। ਏਨਾ ਪੈਸਾ ਹੋਣ ਦੇ ਬਾਵਜੂਦ ਵੀ ਗੁਰਮੁਖ ਸਿੰਘ ਨਾ ਉਨਾਂ ਦੀ ਬਿਮਾਰੀ ਨੂੰ ਠੱਲ ਪਾ ਸਕਿਆ ਤੇ ਨਾ ਹੀ ਉਨਾਂ ਨੂੰ ਬਚਾ ਸਕਿਆ।

ਉਸ ਦੇ ਵੇਖਦਿਆਂ- ਵੇਖਦਿਆਂ ਹੀ ਉਹ ਸਭ ਇਕ ਇਕ ਕਰ ਕੇ ਉਸ ਦੇ ਹੱਥਾਂ ਵਿਚ ਮਰ ਗਏ। ਹਰ ਵਾਰ ਉਹ ਬਹੁਤ ਰੋਇਆ, ਬਹੁਤ ਕਲਪਿਆ ਪਰ ਮੌਤ ਅਟੱਲ ਸੀ।

ਏਸ ਅਟੱਲ ਮੌਤ ਬਾਰੇ ਸੋਚ ਕੇ ਹੀ ਉਸ ਨੂੰ ਆਪਣਾ ਪੁੱਤਰ ਬਹੁਤ ਯਾਦ ਆਉਂਦਾ। ਉਹਦੀ ਇਹ ਪ੍ਰਬਲ ਇੱਛਾ ਸੀ ਕਿ ਉਹਦੇ ਵਾਂਗ ਹੀ ਉਹਦਾ ਪੁੱਤਰ ਵੀ ਇਸ ਆਖਰੀ ਤੇ ਅਟੱਲ ਸਮੇਂ ਉਸ ਦੀ ਤੇ ਉਸ ਦੀ ਪਤਨੀ ਦੀ ਦੇਖਭਾਲ ਕਰੇ। ਉਨਾਂ ਦੋਹਾਂ ਦੇ ਪ੍ਰਾਣ ਉਸ ਦੇ ਹੱਥਾਂ ਵਿਚ ਹੀ ਪੂਰੇ ਹੋਣ।

ਉਸ ਦਾ ਪੁੱਤਰ ਉਨਾਂ ਉੱਤੇ ਚਿੱਠੀਆਂ ਤੇ ਫੋਨਾਂ ਰਾਹੀਂ ਜ਼ੋਰ ਪਾਉਂਦਾ ਰਿਹਾ ਸੀ ਕਿ ਹੁਣ ਉਹ ਪੱਕੀ ਇਮੀਗਰੇਸ਼ਨ ਲੈ ਕੇ ਕੈਨੇਡਾ ਆ ਜਾਣ ਤੇ ਉਸ ਦੇ ਕੋਲ ਰਹਿਣ। ਪਹਿਲਾਂ ਤਾਂ ਗੁਰਮੁਖ ਸਿੰਘ ਕੋਲ ਇਹ ਬਹਾਨਾ ਸੀ ਕਿ ਉਹ ਰਿਟਾਇਰਮੈਂਟ ਤੋਂ ਬਾਅਦ, ਪੈਨਸ਼ਨ ਲੈ ਕੇ, ਫੇਰ ਹੀ ਕੈਨੇਡਾ ਆਉਣ ਬਾਰੇ ਸੋਚ ਸਕਦਾ ਹੈ। ਗੁਰਜੀਤ ਵੀ ਰਿਟਾਇਰ ਹੋਣ ਉਪਰੰਤ ਹੀ ਕੈਨੇਡਾ ਜਾਣਾ ਚਾਹੁੰਦੀ ਸੀ।

ਹੁਣ ਉਹ ਦੋਵੇਂ ਰਿਟਾਇਰ ਹੋ ਚੁੱਕੇ ਸਨ ਤੇ ਉਨਾਂ ਕੋਲ ਹੋਰ ਕੋਈ ਬਹਾਨਾ ਨਹੀਂ ਸੀ ਬਚਿਆ। ਹੁਣ ਤਾਂ ਉਸ ਦੇ ਪੁੱਤਰ ਨੇ ਕੈਨੇਡਾ ਵਿਚ ਘਰ ਵੀ ਲੈ ਲਿਆ ਸੀ। ਉਪਰਲਾ ਹਿੱਸਾ ਕਿਰਾਏ ਉਤੇ ਦਿੱਤਾ ਹੋਇਆ ਸੀ ਅਤੇ ਦੋਵੇਂ ਪਤੀ, ਪਤਨੀ ਆਪ ਹੇਠਾਂ ਬੇਸਮੈਂਟ ਵਿਚ ਰਹਿੰਦੇ ਸਨ। ਇਸ ਤਰਾਂ ਘਰ ਦੀ ਕਿਸ਼ਤ ਸੌਖੀ ਤੁਰੀ ਰਹਿੰਦੀ ਸੀ।

ਫਾਰਮਾਂ ਤੇ ਹੋਰ ਘੱਟ ਮਜ਼ਦੂਰੀ ਵਾਲੇ ਕੰਮਾਂ ਵਿਚ ਧੱਕੇ ਖਾਣ ਤੋਂ ਬਾਅਦ ਹੁਣ ਉਸ ਦਾ ਪੁੱਤਰ 'ਮਰਚੈਂਟ ਨੇਵੀ' ਵਿਚ ਭਰਤੀ ਹੋ ਕੇ ਚੰਗੀ ਤਨਖਾਹ ਲੈ ਰਿਹਾ ਸੀ। ਉਸ ਦੀ ਨੂੰਹ ਵੀ ਕਿਸੇ ਬੈਂਕ ਵਿਚ ਚੰਗੀ ਨੌਕਰੀ ਉਤੇ ਸੀ। ਕਾਰ ਰੱਖੀ ਹੋਈ ਸੀ।

ਗੁਰਮੁਖ ਸਿੰਘ ਤੇ ਗੁਰਜੀਤ ਜੱਕੋ ਤੱਕੀ ਵਿਚ ਹੀ, ਇਮੀਗਰੇਸ਼ਨ ਲੈ ਕੇ, ਕੈਨੇਡਾ ਪਹੁੰਚ ਗਏ। ਨਵੰਬਰ ਦੇ ਹਲਕੀ ਸਰਦੀ ਵਾਲੇ ਦਿਨ ਸਨ। ਸਿਆਲ ਦੀਆਂ ਬਰਫਾਂ ਨੇ ਅਜੇ ਆਪਣਾ ਨਜ਼ਾਰਾ ਨਹੀਂ ਸੀ ਬੰਨਿਆ। ਉਸ ਦੇ ਪੁੱਤਰ ਸਰਮੁਖ ਨੇ ਮਹੀਨੇ ਭਰ ਦੀਆਂ ਛੁੱਟੀਆਂ ਲੈ ਰੱਖੀਆਂ ਸਨ। ਆਪਣੇ ਮਾਂ-ਬਾਪ ਨੂੰ ਉਸ ਨੇ ਵਿਕਟੋਰੀਆ, ਸਿਆਟਲ, ਵੈਨਕੂਵਰ ਤੇ ਸੈਲਾਨੀ ਖਿੱਚ ਵਾਲੇ ਸਥਾਨਾਂ ਦੀ ਖੂਬ ਸੈਰ ਕਰਵਾਈ। ਉਸ ਦੀ ਨੂੰਹ ਪ੍ਰਭਜੋਤ ਨੇ ਵੀ ਉਨਾਂ ਦੀ ਖੂਬ ਸੇਵਾ ਕੀਤੀ। ਸਰਮੁਖ ਨਾਲ ਘੁੰਮਦਿਆਂ, ਸੈਰ ਕਰਦਿਆਂ, ਇਕ ਮਹੀਨਾ ਜਿਵੇਂ ਮੇਲੇ ਜਿਹੇ ਵਿਚ ਬੀਤ ਗਿਆ।

ਸਰਮੁਖ ਵਾਪਸ ਆਪਣੇ ਕੰਮ ਉਤੇ ਜਾ ਲੱਗਾ। ਪ੍ਰਭਜੋਤ ਵੀ ਆਪਣੀ ਨੌਕਰੀ ਉਤੇ ਚਲੀ ਜਾਂਦੀ। ਘਰ, ਗੁਰਮੁਖ ਸਿੰਘ ਤੇ ਉਸ ਦੀ ਪਤਨੀ ਇਕੱਲੇ ਹੀ ਰਹਿ ਜਾਂਦੇ। ਉਨਾਂ ਦੋਹਾਂ ਕੋਲ ਇਕ ਬੈਡਰੂਮ ਸੀ। ਦੂਜਾ ਪ੍ਰਭਜੋਤ ਕੋਲ ਸੀ। ਇਕ ਬਾਥਰੂਮ ਤੇ ਡਰਾਇੰਗ ਰੂਮ ਦੇ ਨਾਲ ਲੱਗਦਾ ਬਣਿਆ ਹੋਇਆ ਕਿਚਨ ਤੇ ਡਾਈਨਿੰਗ ਥਾਂ, ਜਿੱਥੇ ਇਕ ਮੇਜ਼ ਦੁਆਲੇ ਛੇ ਕੁਰਸੀਆਂ ਰੱਖੀਆਂ ਹੋਈਆਂ ਸਨ। ਉਨਾਂ ਦਾ ਆਲ੍ਹਣਾ ਬਹੁਤ ਛੋਟਾ ਤੇ ਬਹੁਤ ਤੰਗ ਹੋ ਗਿਆ ਸੀ। ਨੌਕਰ ਤੇ ਨੌਕਰਾਣੀ ਵੀ ਨਹੀਂ ਸਨ। ਮਾਲੀ ਵੀ ਨਹੀਂ ਸੀ। ਨਾ ਕਾਰ ਸੀ ਤੇ ਨਾ ਡਰਾਈਵਰ। ਇਕੋ ਕਾਰ ਸੀ ਜੋ ਪ੍ਰਭਜੋਤ ਲੈ ਜਾਂਦੀ ਸੀ। ਕਾਰ ਤਾਂ ਗੁਰਮੁਖ ਸਿੰਘ ਨੇ ਚਲਾਉਣੀ ਹੀ ਨਹੀਂ ਸੀ ਸਿੱਖੀ ਤੇ ਹੁਣ 66-67 ਸਾਲ ਦੀ ਉਮਰ ਵਿਚ ਕਾਰ ਸਿੱਖਣ ਲਈ ਨਾ ਉਸ ਕੋਲ ਹਿੰਮਤ ਸੀ ਤੇ ਨਾ ਹੀ ਹੌਸਲਾ। ਏਨੇ ਤੰਗ ਥਾਂ ਵਿਚ ਉਹ ਪਹਿਲਾਂ ਕਦੇ ਨਹੀਂ ਸਨ ਰਹੇ। ਘਰ ਵਿਚ ਨਿੱਕੇ-ਮੋਟੇ ਕੰਮ ਵੀ ਉਨਾਂ ਲਈ ਨੌਕਰ ਹੀ ਕਰਦੇ ਰਹੇ ਸਨ।

ਏਥੇ ਕਿਸੇ ਨੂੰ ਕੋਈ ਮਿਲਦਾ-ਗਿਲਦਾ ਵੀ ਬਹੁਤ ਘੱਟ ਸੀ। ਵਿਹਲ ਹੀ ਨਹੀਂ ਸੀ। ਘਰਾਂ ਤੇ ਕਾਰਾਂ ਦੀਆਂ ਕਿਸ਼ਤਾਂ ਤੋਰਨ ਅਤੇ ਹੋਰ ਖਰਚੇ ਕਰਨ ਲਈ ਸਭ ਨੂੰ ਜੇ ਸੱਤ ਨਹੀਂ ਤਾਂ ਹਫਤੇ ਵਿਚ ਛੇ ਦਿਨ 10-12 ਘੰਟੇ ਰੋਜ਼ ਕੰਮ ਕਰਨਾ ਪੈਂਦਾ ਸੀ। ਕਈ ਦੋ-ਦੋ ਨੌਕਰੀਆਂ ਕਰਦੇ ਸਨ। ਏਥੋਂ ਦੀ ਸੀਮਤ ਜਿਹੀ ਖੁੱਲ-ਖੇਡ ਦੇ ਦੁਆਲੇ ਹੱਥ ਤੋਂ ਮਸਾਂ ਮੂੰਹ ਤਕ ਪਹੁੰਚਦੀ ਰੁਜ਼ਗਾਰ ਤੇ ਤੰਗਦਸਤੀ ਦੀ ਕਾਰ ਵਾਲੀ ਹੋਈ ਸੀ।

ਬੁੱਢੇ, ਠੇਰੇ ਤਾਂ ਘਰਾਂ ਦੇ ਤੰਗ ਮਾਹੌਲ ਵਿਚ ਪਏ ਕੈਦ ਹੀ ਭੁਗਤ ਰਹੇ ਸਨ। ਨਵਾਂ ਸ਼ਹਿਰ, ਨਵੇਂ ਤੇ ਅਣਜਾਣ ਰਸਤੇ, ਕਾਰ ਤੋਂ ਭਾਵ ਬਿਨਾਂ ਪੈਰਾਂ ਤੋਂ ਉਹ ਜਾਣ ਵੀ ਕਿੱਥੇ ?

ਪੰਜਾਬੀ ਵਿਚ ਟੀ.ਵੀ. ਤੇ ਰੇਡੀਓ ਪ੍ਰੋਗਰਾਮ ਹਰ ਵੇਲੇ ਲੱਗੇ ਰਹਿੰਦੇ। ਪੰਜਾਬੀ ਦੀਆਂ ਬਹੁਤ ਸਾਰੀਆਂ ਮੁਫ਼ਤ ਮਿਲਦੀਆਂ ਇਸ਼ਤਿਹਾਰੀ ਜਿਹੀਆਂ ਅਖ਼ਬਾਰਾਂ ਹਰ ਹਫ਼ਤੇ ਪ੍ਰਭਜੋਤ ਗਰੋਸਰੀ ਲੈਣ ਗਈ ਆਪਣੇ ਸਹੁਰੇ ਤੇ ਸੱਸ ਦੇ ਪੜਨ ਲਈ ਚੁੱਕ ਲਿਆਉਂਦੀ।

ਬਾਹਰ ਬਰਫ਼ ਤੋਂ, ਸੜਕਾਂ ਉਤੇ ਆਈਸ (ਬਰਫ) ਬਣਨ ਲੱਗ ਪਈ ਸੀ। ਇਸ ਤਿਲਕਵੀਂ ਆਈਸ ਤੋਂ ਤਿਲਕ ਕੇ ਗੋਡੇ-ਗਿੱਟੇ ਭੰਨਵਾਉਣ ਜਾਂ ਮੂੰਹ-ਮੱਥਾ ਸੁਜਾਉਣ ਦੀ ਗੁਰਮੁਖ ਸਿੰਘ ਨੂੰ ਕੋਈ ਇੱਛਾ ਨਹੀਂ ਸੀ।

ਮੀਡੀਆ ਦੀਆਂ ਖ਼ਬਰਾਂ ਵੀ ਘਰੋਗੀ ਹਿੰਸਾ, ਨੂੰਹਾਂ ਦੇ ਕਤਲ, ਚੁਣ ਕੇ ਮਾਰੇ ਗਏ ਨੌਜਵਾਨਾਂ ਦੇ ਗੈਂਗ ਸਟਾਈਲ ਕਤਲ, ਛੋਟੀਆਂ ਬੱਚੀਆਂ ਦੇ ਅਗਵਾ ਉਪਰੰਤ ਉਨਾਂ ਨਾਲ ਜਬਰ-ਜਨਾਹ ਤੇ ਫੇਰ ਉਨਾਂ ਨੇ ਕਤਲ, ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਅਤੇ ਸੜਕਾਂ ਕੰਢੇ ਸੁੰਗੜ ਕੇ ਮਰ ਰਹੇ ਬੇਘਰਿਆਂ ਦੇ ਦ੍ਰਿਸ਼, ਸੀਰੀਅਲ ਕਿਲਿੰਗਜ਼, ਸਹੁਰਿਆਂ ਤੋਂ ਤੰਗ ਆਈਆਂ ਪੰਜਾਬੀ ਕੁੜੀਆਂ ਤੇ ਹੋਰ ਵੈਲੀਆਂ ਤੇ ਮਾਨਸਿਕ ਰੋਗੀਆਂ ਵੱਲੋਂ ਆਤਮ-ਹੱਤਿਆਵਾਂ ਆਦਿ ਦੇ ਵੇਰਵਿਆਂ ਨਾਲ ਹੀ ਭਰੀਆਂ ਹੁੰਦੀਆਂ।

ਗ਼ਬਨ, ਰਿਸ਼ਵਤਖੋਰੀ, ਧੋਖਾਧੜੀ, ਡਾਕਿਆਂ, ਚੋਰੀਆਂ ਤੇ ਕੁੱਟ-ਕੁਟਾਪੇ ਦੀਆਂ ਖ਼ਬਰਾਂ ਵੀ ਮੀਡੀਆ ਉਤੇ ਖੂਬ ਨਸ਼ਰ ਹੁੰਦੀਆਂ।

ਗੁਰਮੁਖ ਸਿੰਘ ਤੇ ਗੁਰਜੀਤ ਇਹ ਸਭ ਕੁਝ ਅਖ਼ਬਾਰਾਂ ਵਿਚ ਪੜਦੇ, ਰੇਡੀਓ ਤੋਂ ਸੁਣਦੇ ਅਤੇ ਟੀ.ਵੀ. ਉਤੇ ਵੇਖਦੇ ਹੋਏ ਸੋਚਦੇ, "ਇਹ ਅਸੀਂ ਕਿੱਥੇ ਆ ਗਏ ਹਾਂ ?" "ਜਿੱਥੇ ਬੁੱਢੀਆਂ ਤੀਵੀਆਂ ਦੇ ਬਟੂਏ ਦਿਨ-ਦਿਹਾੜੇ ਖੋਹ ਕੇ ਉਨਾਂ ਨੂੰ ਮਾਰਕੁੱਟ ਕੇ ਧਰਤੀ ਉੱਤੇ ਪਟਕਾ ਮਾਰਿਆ ਜਾਂਦਾ ਹੈ, ਇਹ ਕਿਹਾ ਦੇਸ਼ ਹੈ ?"

ਸਰਮੁਖ ਨੇ ਤਿੰਨ-ਚਾਰ ਮਹੀਨਿਆਂ ਤੋਂ ਬਾਅਦ ਹੀ ਪਰਤਣਾ ਸੀ। ਉਂਜ ਫੋਨ ਉੱਤੇ ਗੁਰਮੁਖ ਸਿੰਘ ਦੀ ਉਸ ਨਾਲ ਅਕਸਰ ਗੱਲ ਹੁੰਦੀ ਰਹਿੰਦੀ। ਜਦੋਂ ਵੀ ਗੁਰਮੁਖ ਸਿੰਘ ਸਰਮੁਖ ਨੂੰ ਇਨਾਂ ਘਟਨਾਵਾਂ ਬਾਰੇ ਦੱਸਦਾ ਉਹ ਅੱਗੋਂ ਹੱਸ ਛੱਡਦਾ ਤੇ ਕਹਿੰਦਾ, "ਬਹੁਤੀ ਚਿੰਤਾ ਨਾ ਕਰਿਆ ਕਰੋ, ਹੌਲੀ-ਹੌਲੀ ਤੁਹਾਨੂੰ ਵੀ ਇਹ ਸਭ ਵੇਖਣ, ਸੁਣਨ ਤੇ ਸਹਿਣ ਦੀ ਆਦਤ ਪੈ ਜਾਣੀ ਹੈ। ਪਹਿਲਾਂ-ਪਹਿਲਾਂ ਸਭ ਨੂੰ ਇਹ ਓਪਰਾ ਤੇ ਖ਼ਤਰਨਾਕ ਜਾਪਦਾ ਹੈ। ਫਿਰ ਸਭ ਏਸ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ।"

ਇਨਾਂ ਦਿਨਾਂ ਵਿਚ ਹੀ ਗੁਰਮੁਖ ਸਿੰਘ ਨੇ ਇਕ ਹੋਰ ਖ਼ਬਰ ਪੜੀ, ਸੁਣੀ ਤੇ ਟੀ.ਵੀ. ਉਤੇ ਵੇਖੀ। 70-72 ਸਾਲ ਦੇ ਦੋ ਪੰਜਾਬੀ ਬਜ਼ੁਰਗਾਂ ਨੂੰ ਗੋਰੇ ਮੁੰਡਿਆਂ ਨੇ ਬੈਟ ਮਾਰ-ਮਾਰ ਕੇ ਇਕ ਪਾਰਕ ਦੇ ਬਾਥਰੂਮ ਵਿਚ ਬੜੀ ਬੇਰਹਿਮੀ ਨਾਲ ਮਾਰਿਆ ਸੀ। ਇਨਾਂ ਵਿੱਚੋਂ ਇਕ ਮੌਕੇ ਉਤੇ ਹੀ ਦਮ ਤੋੜ ਗਿਆ ਸੀ ਤੇ ਦੂਜਾ ਕਈ ਦਿਨ ਹਸਪਤਾਲ ਵਿਚ ਰਹਿ ਕੇ ਰਹਿੰਦੀ ਜ਼ਿੰਦਗੀ ਲਈ ਅਪਾਹਜ ਹੋ ਗਿਆ ਸੀ।

ਇਕ ਗੋਰੇ, 80 ਸਾਲਾਂ ਦੇ ਬਜ਼ੁਰਗ ਨੂੰ ਨਸ਼ੀਲੇ ਪਦਾਰਥਾਂ ਦੇ ਇਕ ਵੈਲੀ ਨੇ ਉਸੇ ਦੇ ਘਰ ਵਿਚ ਕੁੱਟ-ਕੁੱਟ ਕੇ ਨੀਲਾ-ਪੀਲਾ ਕਰਕੇ ਸੁੱਟ ਦਿੱਤਾ ਅਤੇ ਉਹ ਉਸ ਦੇ ਸਾਰੇ ਪੈਸੇ ਤੇ ਹੋਰ ਕੀਮਤੀ ਸਾਮਾਨ ਖੋਹ ਕੇ ਲੈ ਗਿਆ ਸੀ।

ਗੁਰਮੁਖ ਸਿੰਘ ਸੋਚ ਰਿਹਾ ਸੀ ਕਿ ਇਹ ਘਰਾਂ ਦੇ ਦਰਵਾਜ਼ੇ ਵੀ ਲੱਕੜੀ ਦੇ ਬਣੇ ਹੋਏ ਹਨ। ਧੱਕਾ ਮਾਰੋ ਤਾਂ ਖੁੱਲ ਜਾਂ ਟੁੱਟ ਜਾਂਦੇ ਹਨ। ਤਾਕੀਆਂ ਦੇ ਸ਼ੀਸ਼ੇ ਤੋੜ ਕੇ ਜਦੋਂ ਮਰਜ਼ੀ ਹੈ ਘਰ ਵਿਚ ਦਾਖ਼ਲ ਹੋ ਜਾਵੋ। ਘਰ ਵਿਚ ਵਧੇਰੇ ਸਮਾਂ ਗੁਰਮੁਖ ਸਿੰਘ ਤੇ ਗੁਰਜੀਤ ਹੀ ਇਕੱਲੇ ਰਹਿੰਦੇ ਸਨ। ਏਥੇ ਕਿਸੇ ਕਿਸਮ ਦੀ ਕੋਈ ਸੁਰੱਖਿਆ ਨਹੀਂ ਸੀ। ਜ਼ਰੂਰਤ ਪੈਣ ਉਤੇ ਗੁਆਂਢੀ ਵੀ ਬੂਹੇ ਬੰਦ ਕਰ ਲੈਂਦੇ ਸਨ। ਕੋਈ ਵੀ ਕਿਸੇ ਦੀ ਸਹਾਇਤਾ ਨਹੀਂ ਸੀ ਕਰਦਾ।

ਇਨਾਂ ਦਿਨਾਂ ਵਿਚ ਹੀ ਗੁਰਮੁਖ ਸਿੰਘ ਨੂੰ ਪਰੋਸਟੇਟ ਤੇ ਬਲੈਡਰ ਦੀ ਇਨਫੈਕਸ਼ਨ ਹੋ ਗਈ। ਕਾਂਬਾ ਲੱਗ ਕੇ 102-03 ਡਿਗਰੀ ਦਾ ਬੜਾ ਹੀ ਤੇਜ਼ ਬੁਖ਼ਾਰ ਹੋ ਗਿਆ। ਪਿਸ਼ਾਬ ਬਹੁਤ ਜ਼ਿਆਦਾ ਲੱਗ ਕੇ ਤਕਲੀਫ਼ ਨਾਲ ਆਉਂਦਾ। ਗੁਰਜੀਤ ਨੇ ਪ੍ਰਭਜੋਤ ਨੂੰ ਕਿਹਾ ਕਿ ਗੁਰਮੁਖ ਸਿੰਘ ਨੂੰ ਡਾਕਟਰ ਦੇ ਲਿਜਾਣਾ ਚਾਹੀਦਾ ਹੈ। ਅੱਗੋਂ ਪ੍ਰਭਜੋਤ ਨੇ ਉਸ ਨੂੰ ਟਾਇਲੇਨੌਲ ਦਿੱਤੀ ਤੇ ਕਿਹਾ ਕਿ ਇਸ ਨਾਲ ਬੁਖ਼ਾਰ ਉਤਰ ਜਾਏਗਾ। ਬੈਂਕ ਪਹੁੰਚ ਕੇ ਉਸ ਨੇ ਗੁਰਮੁਖ ਸਿੰਘ ਦਾ ਹਾਲ-ਚਾਲ ਪੁੱਛਿਆ ਤੇ ਕਿਹਾ, "ਤੁਹਾਡੀ ਅਜੇ ਮੈਡੀਕਲ ਕਵਰੇਜ ਨਹੀਂ ਹੈ। ਤੁਹਾਡੇ ਏਥੇ ਆਉਣ ਤੋਂ ਤਿੰਨ ਮਹੀਨੇ ਬਾਅਦ ਇਹ ਸ਼ੁਰੂ ਹੋਣੀ ਹੈ। ਤਦ ਤਕ ਡਾਕਟਰ ਤੇ ਹਸਪਤਾਲ ਦੇ ਪੈਸੇ ਆਪ ਦੇਣੇ ਪੈਣਗੇ। ਪ੍ਰਾਈਵੇਟ ਇਲਾਜ ਏਥੇ ਬਹੁਤ ਮਹਿੰਗਾ ਹੈ। ਜੇ ਹਸਪਤਾਲ ਵਿਚ ਰਹਿਣਾ ਪੈ ਗਿਆ ਤਾਂ ਦੀਵਾਲਾ ਨਿਕਲ ਜਾਏਗਾ। ਸਭ ਕੁਝ ਵਿਕ ਜਾਏਗਾ। ਮਹੀਨੇ ਦੀ ਤਾਂ ਗੱਲ ਹੈ, ਫਿਰ ਕਵਰੇਜ ਸ਼ੁਰੂ ਹੋ ਜਾਵੇਗੀ। ਫੇਰ ਭਾਵੇਂ ਤਿੰਨ ਮਹੀਨੇ ਹੀ ਹਸਪਤਾਲ ਵਿਚ ਰਿਹੋ।"

"ਪਰ ਪੁੱਤਰ।"

ਇਸ ਤੋਂ ਪਹਿਲਾਂ ਕਿ ਗੁਰਮੁਖ ਸਿੰਘ ਆਪਣੀ ਗੱਲ ਪੂਰੀ ਕਰਦਾ, ਪ੍ਰਭਜੋਤ ਨੇ ਕਿਹਾ, "ਤੁਸੀਂ ਮੈਨੂੰ ਦੱਸੋ ਕਿ ਇੰਡੀਆ ਵਿਚ ਤੁਸੀਂ ਕਿਹੜੀ ਦਵਾਈ ਖਾਂਦੇ ਸੀ ? ਏਥੇ ਸਾਡਾ ਇਕ ਪੰਜਾਬੀ ਡਾਕਟਰ ਵਾਕਿਫ਼ ਹੈ। ਮੈਂ ਉਸ ਕੋਲੋਂ ਆਪਣੇ ਲਈ ਉਹ ਦਵਾਈ ਲਿਖਵਾ ਕੇ ਲੈ ਆਉਂਦੀ ਹਾਂ।"

ਗੁਰਜੀਤ ਨੇ ਗੁਰਮੁਖ ਸਿੰਘ ਤੋਂ ਫੋਨ ਪਹਿਲਾਂ ਹੀ ਫੜਿਆ ਹੋਇਆ ਸੀ। ਉਸ ਨੇ ਪ੍ਰਭਜੋਤ ਨੂੰ ਕਿਹਾ,"ਕੋਈ ਨਹੀਂ ਬੇਟਾ ! ਤੂੰ ਚਿੰਤਾ ਨਾ ਕਰ। ਉਹ ਦਵਾਈ ਇਨਾਂ ਦੇ ਕੋਲ ਹੈ। ਡਾਕਟਰ ਨੇ ਨਾਲ ਲਿਜਾਣ ਲਈ ਦੇ ਦਿੱਤੀ ਸੀ।"

ਗੁਰਮੁਖ ਸਿੰਘ ਨੇ ਸ਼ੁਕਰ ਤੇ ਧੰਨਵਾਦ ਕੀਤਾ, ਉਸ ਭਾਰਤੀ ਮਿੱਤਰ ਡਾਕਟਰ ਦਾ, ਜਿਸ ਨੇ ਉਸ ਨੂੰ ਸਭ ਦਵਾਈਆਂ ਦੋ-ਤਿੰਨ ਮਹੀਨਿਆਂ ਜੋਗੀਆਂ, ਨਾਲ ਲੈ ਕੇ ਜਾਣ ਦੀ ਹਦਾਇਤ ਕੀਤੀ ਸੀ।

ਦੂਜੇ-ਤੀਜੇ ਦਿਨ ਸ਼ਨਿੱਚਰਵਾਰ ਦੀ ਪ੍ਰਭਜੋਤ ਨੂੰ ਛੁੱਟੀ ਸੀ। ਉਹ ਗੁਰਮੁਖ ਸਿੰਘ ਤੇ ਗੁਰਜੀਤ ਨੂੰ ਨਾਲ ਲੈ ਕੇ ਆਪਣੇ ਰਿਸ਼ਤੇਦਾਰਾਂ ਦੀ ਖ਼ਬਰ ਲੈਣ 'ਬਿਰਧ ਘਰ' ਆ ਗਈ। ਏਥੇ ਪ੍ਰਭਜੋਤ ਦੇ ਨਾਨਾ ਤੇ ਨਾਨੀ ਅਤੇ ਉਨਾਂ ਦੇ ਪੁੱਤਰ ਦਾ ਸਹੁਰਾ ਦਾਖਲ ਸਨ। ਇਹ ਤਿੰਨੇ ਆਪਣੀ ਯਾਦਦਾਸ਼ਤ ਖੋ ਚੁੱਕੇ ਸਨ। ਇਨਾਂ ਨੂੰ ਡਾਇਪਰ (ਪੋਤੜੇ) ਲਾ ਕੇ ਮੰਜਿਆਂ ਉਤੇ ਲੰਮੇ ਪਾਇਆ ਹੋਇਆ ਸੀ। ਇਨਾਂ ਨੂੰ ਆਏ-ਗਏ ਦੀ ਕੋਈ ਪਛਾਣ ਤੇ ਸੁਰਤ ਸੋਝੀ ਨਹੀਂ ਸੀ। ਬਿਰਧ ਘਰ ਦਾ ਸਟਾਫ਼ ਗੋਰੇ, ਗੋਰੀਆਂ ਦਾ ਸੀ। ਕੁਝ ਹੋਰ ਪੰਜਾਬੀ ਬਿਰਧਾਂ ਨੂੰ ਉਹ ਅੰਗਰੇਜ਼ੀ ਵਿਚ ਕੁਝ ਕਹਿੰਦੇ। ਅੱਗੋਂ ਉਹ ਬਿਨਾਂ ਸਮਝਿਆਂ ਹੀ ਕਮਲਿਆਂ ਵਾਂਗ ਸਿਰ ਮਾਰਦੇ ਹੋਏ "ਯਾ, ਯਾ ", ਕਹਿਣ ਦਾ ਯਤਨ ਕਰਦੇ। ਕਿਸੇ ਦੇ ਪੱਲੇ ਕੁਝ ਨਾ ਪੈਂਦਾ।

ਗੁਰਮੁਖ ਸਿੰਘ ਲਈ ਇਹ ਨਜ਼ਾਰਾ ਵੀ ਅੱਖਾਂ ਖੋਲਣ ਵਾਲਾ ਹੀ ਸੀ। ਹੁਣ ਪੰਜਾਬ ਵਿਚ ਵੀ ਬਿਰਧ ਘਰ ਖੁੱਲ ਚੁੱਕੇ ਸਨ। ਵਧੀਆ ਤੋਂ ਵਧੀਆ ਤੇ ਗੁਜ਼ਾਰੇ ਜੋਗੇ ਜਾਂ ਘਟੀਆ ਵੀ। ਏਥੇ ਸਾਰਾ ਕੰਮ, ਕਾਰ-ਵਿਹਾਰ ਤੇ ਬੋਲ-ਚਾਲ ਪੰਜਾਬੀ ਵਿਚ ਹੁੰਦੇ ਸਨ। ਕਾਮਿਆਂ ਨੂੰ ਕੁਝ ਇਨਾਮ ਆਦਿ ਦੇ ਕੇ ਉਚੇਚੀ ਸੰਭਾਲ ਤੇ ਸੇਵਾ ਵੀ ਸੰਭਵ ਸੀ।

ਬਾਕੀ ਸਫ਼ਾ 31 'ਤੇ

# ਜੂਨ 84 ਦੇ ਦੁਖਾਂਤ ’ਤੇ ਬਣੀਆਂ ਕਈ ਫ਼ਿਲਮਾਂ

**- ਸੁਰਿੰਦਰਪਾਲ ਸਿੰਘ ਗੋਲਡੀ**

ਜੂਨ ਚੁਰਾਸੀ ਦਾ ਸਿੱਖ ਕਤਲੇਆਮ ਅਜਿਹੀ ਦਰਦਨਾਕ ਘਟਨਾ ਸੀ, ਜਿਸ ਦੇ ਦਿੱਤੇ ਜ਼ਖ਼ਮ ਹੁਣ ਤੱਕ ਅੱਲੇ ਹਨ। ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਨਵੰਬਰ, 1984 ਦੌਰਾਨ ਕਤਲ ਹੋਏ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਹਾਲੇ ਤੱਕ ਇਨਸਾਫ਼ ਨਹੀਂ ਮਿਲਿਆ। ਭਾਰਤ ਵਿੱਚ ਇਸ ਦੁਖਾਂਤਕ ਵਿਸ਼ਿਆਂ ਨੂੰ ਆਧਾਰ ਬਣਾ ਕੇ ਪਿਛਲੇ ਸਮੇਂ ਦੌਰਾਨ ਕਈ ਫ਼ਿਲਮਾਂ ਬਣੀਆਂ ਹਨ, ਜਿੰਨਾਂ ਵਿਚੋਂ ਕੁਝ ਨੂੰ ਸੈਂਸਰ ਬੋਰਡ ਦੀ ਸਖ਼ਤੀ ਦਾ ਸਾਹਮਣਾ ਕਰਨ ਪਿਆ। ਇਸ ਦੇ ਬਾਵਜੂਦ ਸ਼ੋਨਾਲੀ ਬੋਸ ਦੀ ‘ਅਮੂ’, ਅਮਿਤੋਜ ਮਾਨ ਦੀ ‘ਹਵਾਏਂ’ ਤੇ ਗੁਲਜ਼ਾਰ ਦੀ ‘ਮਾਚਿਸ’ ਅਜਿਹੀਆਂ ਫ਼ਿਲਮਾਂ ਰਹੀਆਂ, ਜਿਨਾਂ ਨੇ ਸਿੱਖ ਪੰਥ ਦੇ ਦਰਦ ਨੂੰ ਕਲਾਤਮਕ ਢੰਗ ਨਾਲ ਪਰਦੇ ’ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਨਾਂ ਸਬੰਧੀ ਸੰਖੇਪ ਜਾਣਕਾਰੀ ਪਾਠਕਾਂ ਲਈ ਪੇਸ਼ ਕਰ ਰਹੇ ਹਾਂ:




## ਅਮੂ

ਸਾਲ 2005 ਵਿੱਚ ਪ੍ਰਦਰਸ਼ਿਤ ਹੋਈ ਸ਼ੋਨਾਲੀ ਬੋਸ ਦੇ ਨਾਵਲ ‘ਅਮੂ’ ’ਤੇ ਆਧਾਰਿਤ ਚੁਰਾਸੀ ਦੇ ਸੰਤਾਪ ਅਤੇ ਉਸ ਤੋਂ ਬਾਅਦ ਦੇ ਹਾਲਾਤ ਨੂੰ ਬਿਆਨਦੀ ਉਸ ਦੀ ਇਸ ਫ਼ਿਲਮ ਨੇ ਕੌਮਾਂਤਰੀ ਪੱਧਰ ’ਤੇ ਪ੍ਰਸਿੱਧੀ ਹਾਸਲ ਕੀਤੀ। ਕੋਨਕਨਾ ਸੇਨ ਸ਼ਰਮਾ, ਬਰਿੰਦਾ ਕਰਾਤ ਅਤੇ ਅੰਕੁਰ ਖੰਨਾ ਦੀ ਅਦਾਕਾਰੀ ਨਾਲ ਸਜੀ, ਸੰਨ 1984 ਦੇ ਸਿੱਖ ਵਿਰੋਧੀ ਕਤਲੇਆਮ ਦੀ ਪਿੱਠਭੂਮੀ ਵਾਲੀ ਇਹ ਫ਼ਿਲਮ ‘ਅਮੂ’ ਅਸਲ ਵਿਚ ਕਾਜੋਰੀ ਰਾਏ ਉਰਫ਼ ਕਜੂ (ਕੋਨਕਨਾ ਸੇਨ ਸ਼ਰਮਾ) ਦੀ ਕਹਾਣੀ ਹੈ। 21 ਸਾਲਾ ਕਜੂ ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਹੈ ਜੋ 3 ਸਾਲ ਦੀ ਉਮਰ ਤੋਂ ਅਮਰੀਕਾ ਰਹਿ ਰਹੀ ਹੈ। ਗਰੈਜੂਏਸ਼ਨ ਤੋਂ ਬਾਅਦ ਕਜੂ ਜਦੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਭਾਰਤ ਆਉਂਦੀ ਹੈ ਤਾਂ ਉਸ ਦੀ ਮੁਲਾਕਾਤ ਕਾਲਜ ਦੇ ਇੱਕ ਵਿਦਿਆਰਥੀ ਕਬੀਰ (ਅੰਕੁਰ) ਨਾਲ ਹੁੰਦੀ ਹੈ ਜਿਸ ਨੂੰ ਕਜੂ ਦੇ ਅਸਲ ਭਾਰਤ ਦੇ ਦਰਸ਼ਨ ਕਰਨ ਭਾਵ ਗੰਦੀਆਂ ਬਸਤੀਆਂ ਵਿਚ ਜਾਣ ਤੋਂ ਖਿਝ ਆਉਂਦੀ ਹੈ। ਕਜੂ ਦਿੱਲੀ ਦੀਆਂ ਗ਼ੰਦੀਆਂ ਬਸਤੀਆਂ ਤੇ ਸੜਕ ਕਿਨਾਰੇ ਸਥਿਤ ਕੈਫਿਆਂ ’ਤੇ ਜਾਂਦੀ ਹੈ। ਇੱਕ ਬਸਤੀ ਵਿੱਚ ਇੱਕ ਅਜੀਬ ਜਿਹੀ ਭਾਵਨਾ ਉਸ ਨੂੰ ਬੇਚੈਨ ਕਰ ਦਿੰਦੀ ਹੈ ਜਿਸ ਤੋਂ ਬਾਅਦ ਉਸ ਨੂੰ ਰਾਤ ਨੂੰ ਸੁਫ਼ਨੇ ਆਉਣੇ ਸ਼ੁਰੂ ਹੋ ਜਾਂਦੇ ਹਨ। ਫਿਰ ਕਬੀਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇਸ ਦੌਰਾਨ ਕਬੀਰ ਨੂੰ ਪਤਾ ਚੱਲਦਾ ਹੈ ਕਿ ਕਜੂ ਨੂੰ ਗੋਦ ਲਿਆ ਗਿਆ ਹੈ। ਜਲਦੀ ਹੀ ਕਜੂ ਦੀ ਇਕੱਲੀ ਪਾਲਣ-ਪੋਸ਼ਣ ਕਰ ਰਹੀ ਮਾਂ, ਕੀਆ ਰਾਏ ਜੋ ਲਾਸ ਏਂਜਲਸ ਵਿੱਚ ਨਾਗਰਿਕ ਅਧਿਕਾਰਾਂ ਦੀ ਕਾਰਕੁਨ ਹੈ, ਅਚਾਨਕ ਦਿੱਲੀ ਆ ਜਾਂਦੀ ਹੈ। ਉਹ ਕਜੂ ਦੇ ਗੰਦੀਆਂ ਬਸਤੀਆਂ ਵਿਚ ਜਾਣ ਬਾਰੇ ਜਾਣ ਕੇ ਪਰੇਸ਼ਾਨ ਹੋ ਜਾਂਦੀ ਹੈ। ਕਜੂ ਇਸ ਨੂੰ ਭਾਰਤੀ ਮਾਵਾਂ ਦੀ ਬੱਚਿਆਂ ਪ੍ਰਤੀ ਅਸੁਰੱਖਿਅਤ ਭਾਵਨਾ ਸਮਝਦੀ ਹਾਂ ਜਦੋਂਕਿ ਕੀਆ ਦੇ ਡਰ ਇਸ ਤੋਂ ਕਿਤੇ ਵੱਡੇ ਹਨ। ਹੌਲੀ-ਹੌਲੀ ਕਜੂ ਨੂੰ ਆਪਣੇ ਅਤੀਤ ਬਾਰੇ ਪਤਾ ਲੱਗਣਾ ਸ਼ੁਰੂ ਹੁੰਦਾ ਹੈ ਅਤੇ ਉਹ ਆਪਣੇ ਜਨਮ ਦੇਣ ਵਾਲੇ ਮਾਪਿਆਂ ਨਾਲ ਜੁੜੀਆਂ ਤੰਦਾਂ ਜੋੜਨ ਲੱਗਦੀ ਹੈ। ਇਸ ਤਰਾਂ ਕੀਆ ਤੇ ਕਜੂ ਵਿੱਚ ਵੀ ਮਤਭੇਦ ਪੈਦਾ ਹੁੰਦੇ ਹਨ ਕਿ ਉਸ ਦੀ ਮਾਂ ਨੇ ਸਾਰੀ ਜ਼ਿੰਦਗੀ ਉਸ ਨੂੰ ਝੂਠ ਬੋਲਿਆ ਹੈ। ਕਜੂ ਅਤੇ ਕਬੀਰ ਮਿਲ ਕੇ 20 ਸਾਲ ਪਹਿਲਾਂ ਸਿੱਖ ਪੰਥ ਨਾਲ ਵਾਪਰੇ ਦੁਖਾਂਤਕ ਕਾਂਡ ਬਾਰੇ ਪਤਾ ਕਰ ਲੈਂਦੇ ਹਨ, ਜਿਸ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਦੀ ਹੱਤਿਆ ਮਗਰੋਂ ਹਜ਼ਾਰਾਂ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਕਬੀਰ ਨੂੰ ਪਤਾ ਚੱਲਦਾ ਹੈ ਕਿ ਉਸ ਦਾ ਪਿਤਾ ਵੀ ਫਿਰਕੂ ਭੀੜ ਨੂੰ ਭੜਕਾਉਣ ਵਿੱਚ ਸ਼ਾਮਲ ਸੀ। ਉਸ ਨੂੰ ਇਹ ਵੀ ਪਤਾ ਚੱਲਦਾ ਹੈ ਕਿ ਕਜੂ ਦੇ ਪਿਤਾ ਦਾ ਉਸ ਦੇ ਬਾਪ ਦੀਆਂ ਅੱਖਾਂ ਅੱਗੇ ਕਤਲ ਕਰ ਦਿੱਤਾ ਗਿਆ ਸੀ। ਕਬੀਰ ਆਪਣੇ ਪਿਤਾ ਤੋਂ ਸੁਆਲ-ਜੁਆਬ ਕਰਦਾ ਹੈ ਤੇ ਉਸ ਦੇ ਪਿਤਾ ਜੀ ਆਪਣੇ-ਆਪ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੰਤ ਵਿੱਚ ਕੀਆ, ਕਜੂ ਨੂੰ ਸੱਚ ਦੱਸ ਦਿੰਦੀ ਹੈ ਕਿ ਉਸ ਦਾ ਜਨਮ ਦਾ ਨਾਂ ਅਮੂ ਸਿੰਘ ਹੈ ਅਤੇ ਉਸ ਦੇ ਪਿਤਾ ਤੇ ਛੋਟਾ ਭਰਾ ਚੁਰਾਸੀ ਦੇ ਸਿੱਖਾਂ ਵਿਰੋਧੀ ਕਤਲੇਆਮ ਦੌਰਾਨ ਮਾਰੇ ਗਏ ਸਨ ਅਤੇ ਮਾਂ ਨੇ ਰਫ਼ਿਊਜੀ ਕੈਂਪ ਵਿੱਚ ਖ਼ੁਦ ਨੂੰ ਫਾਹਾ ਲਾ ਲਿਆ ਸੀ।




## ਹਵਾਏਂ

ਸਾਲ 2003 ਵਿੱਚ ਅਮਿਤੋਜ ਮਾਨ ਦੁਆਰਾ ਨਿਰਦੇਸ਼ਤ ‘ਹਵਾਏਂ’ ਆਪਣੇ ਸਮੇਂ ਦੀ ਚਰਚਿਤ ਫ਼ਿਲਮ ਰਹੀ। ਬੱਬੂ ਮਾਨ, ਅਮਿਤੋਜ ਮਾਨ, ਸੰਨੀ ਮਾਨ ਤੇ ਮਾਹੀ ਗਿੱਲ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਸ ਫ਼ਿਲਮ ਤੇ ਦਿੱਲੀ ਅਤੇ ਪੰਜਾਬ ਵਿੱਚ ਪਾਬੰਦੀ ਲਾ ਦਿੱਤੀ ਗਈ ਸੀ। ਇਹ ਫ਼ਿਲਮ ਅਸਲੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਇਸ ਦੇ ਕੇਂਦਰੀ ਪਾਤਰ ਸਰਬਜੀਤ ਰਾਹੀਂ ਪੇਸ਼ ਕਰਦੀ ਹੈ। ਸਰਬਜੀਤ ਸੰਗੀਤ ਨੂੰ ਪਿਆਰ ਕਰਨ ਵਾਲਾ ਵਿਦਿਆਰਥੀ ਹੁੰਦਾ ਹੈ ਜਿਸ ਦਾ ਸਿੱਖ ਵਿਰੋਧੀ ਕਤਲੇਆਮ ਤੋਂ ਬਾਅਦ ਸੰਗੀਤ ਨਾਲ ਮੋਹ ਭੰਗ ਹੋ ਜਾਂਦਾ ਹੈ ਤੇ ਉਹ ਭਾਰਤ ਦਾ ਸਭ ਤੋਂ ਵੱਧ ਲੋੜੀਂਦਾ ਖਾੜਕੂ ਬਣ ਜਾਂਦਾ ਹੈ। ਇਹ ਫ਼ਿਲਮ ਉਸ ਦੌਰ ਵਿੱਚ ਆਪਣੇ ਹੀ ਮੁਲਕ ਵਿੱਚ ਸਿੱਖ ਨੌਜਵਾਨਾਂ ਵਿੱਚ ਪੈਦਾ ਹੋਈ ਅਸੁਰੱਖਿਆ ਦੀ ਭਾਵਨਾ, ਨੌਜਵਾਨਾਂ ਦੇ ਖਾੜਕੂਵਾਦ ਵੱਲ ਰੁਖ਼ ਕਰਨ ਦੇ ਕਾਰਨਾਂ ਨੂੰ ਸਾਹਮਣੇ ਲਿਆਉਣ ਦੇ ਨਾਲ ਉਨਾਂ ਦੇ ਪਰਿਵਾਰ ਵੱਲੋਂ ਚੁਰਾਸੀ ਦੇ ਕਤਲੇਆਮ ਦੌਰਾਨ ਅਤੇ ਬਾਅਦ ਵਿੱਚ ਹੰਢਾਏ ਸੰਤਾਪ ਨੂੰ ਬਿਆਨ ਕਰਦੀ ਹੈ।

## ਕਾਇਆ ਤਰਨ (2004)

ਸ਼ਸ਼ੀ ਕੁਮਾਰ ਦੁਆਰਾ ਨਿਰਦੇਸ਼ਤ ਕਾਇਆ ਤਰਨ, ਐਨਐਸ ਮਾਧਵਨ ਦੀ ਮਲਿਆਲਮ ਭਾਸ਼ਾ ਵਿੱਚ ਲਿਖੀ ਛੋਟੀ ਕਹਾਣੀ when big tree falls ’ਤੇ ਆਧਾਰਿਤ ਹੈ। ਇਸ ਫ਼ਿਲਮ ਵਿੱਚ ਸੀਮਾ ਬਿਸਵਾਸ ਤੇ ਅੰਗਦ ਬੇਦੀ ਨੇ ਮੁੱਖ ਭੂਮਿਕਾਵਾਂ ਨਿਭਾਈਆਂ। ਬਹੁ-ਚਰਚਿਤ ਰਹੀ ਇਹ ਫ਼ਿਲਮ ਸਿੱਖ ਔਰਤ ਅਤੇ ਉਸ ਦੇ ਬੇਟੇ ਦੀ ਕਹਾਣੀ ਹੈ ਜੋ ਮੇਰਠ ਆਧਾਰਿਤ ਆਸ਼ਰਮ ਵਿੱਚ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਆਸਰਾ ਲੈਂਦੇ ਹਨ।




## 47 ਟੂ 84

ਇਸ ਵਰੇ 30 ਮਈ ਨੂੰ ਰਿਲੀਜ਼ ਹੋਈ ‘47 ਵਰ 84’ ਵਿੱਚ ਨਤਾਸ਼ਾ ਰਾਣਾ, ਜ਼ਫ਼ਰ ਢਿੱਲੋਂ, ਮਹਾਵੀਰ ਭੁੱਲਰ, ਨੀਲਮ ਸਿਵੀਆ, ਹਰਦੀਪ ਗਿੱਲ ਨੇ ਮੁੱਖ ਭੂਮਿਕਾਵਾਂ ਨਿਭਾਈਆਂ। ਇਹ ਫ਼ਿਲਮ ਇੱਕ ਸਿੱਖ ਮੁਟਿਆਰ ਸੁਖਮਨੀ ਦੀ ਕਹਾਣੀ ਹੈ ਜੋ ਭਾਰਤ-ਪਾਕਿ ਵੰਡ ਵੇਲੇ ਆਪਣੇ ਪਰਿਵਾਰ ਤੋਂ ਵਿੱਛੜ ਜਾਂਦੀ ਹੈ ਅਤੇ ਉਸ ਨੂੰ ਪਾਕਿਸਤਾਨ ਛੱਡ ਕੇ ਦਿੱਲੀ ਆਉਣਾ ਪੈਂਦਾ ਹੈ, ਜਿੱਥੇ ਉਹ ਆਪਣੀ ਜ਼ਿੰਦਗੀ ਦੀ ਨਵੇਂ ਸਿਰੇ ਤੋਂ ਸ਼ੁਰੂਆਤ ਕਰਦੀ ਹੈ। ਇੱਕ ਵਾਰ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਫਿਰ ਉਸ ਦੇ ਸੰਸਾਰ ਵਿੱਚ ਖਲਬਲੀ ਮੱਚ ਜਾਂਦੀ ਹੈ।




## ਪੰਜਾਬ 1984

ਇਸ ਵਰੇ ਰਿਲੀਜ਼ ਹੋਈ ਨਿਰਦੇਸ਼ਕ ਅਨੁਰਾਗ ਸਿੰਘ ਦੀ ਦਲਜੀਤ ਦੁਸਾਂਝ ਤੇ ਕਿਰਨ ਖੇਰ ਦੀ ਅਦਾਕਾਰੀ ਨਾਲ ਸਜੀ ਇਸ ਫ਼ਿਲਮ ਨੇ ਸਫ਼ਲਤਾ ਦੇ ਨਵੇਂ ਰਿਕਾਰਡ ਬਣਾਏ। ਇਹ ਫ਼ਿਲਮ ਪੰਜਾਬ ਸਮੱਸਿਆ ਨੂੰ ਇਕ ਖੇਤਰੀ ਗੜਬੜ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਵਿਦੇਸ਼ੀ ਘੁਸਪੈਠੀਆਂ ਵਲੋਂ ਸ਼ੁਰੂ ਹੋਈ, ਸੱਤਾ ਦੇ ਭੁੱਖੇ ਸਿਆਸਤਦਾਨਾਂ ਵਲੋਂ ਘੜੀ, ਲਾਲਚੀ ਅਤੇ ਅਤਿਆਚਾਰੀ ਸਥਾਨਕ ਪੁਲਿਸ ਵਲੋਂ ਲਾਗੂ ਕੀਤੀ ਅਤੇ ਸਮਾਜਿਕ ਦੁਸ਼ਮਣੀਆਂ, ਜ਼ਮੀਨੀ ਝਗੜਿਆਂ, ਪਰਿਵਾਰਕ ਸਮੱਸਿਆਵਾਂ ਅਤੇ ਕਾਲਜ ਵਿਦਿਆਰਥੀਆਂ ਦੇ ਮਾਮੂਲੀ ਮੁੱਦਿਆਂ ਉਪਰ ਆਧਾਰਤ ਦਰਸਾਈ ਗਈ ਹੈ। ਅਖ਼ੀਰ ਵਿਚ ਫਿਲਮ ਇਸ ਸਿੱਟੇ ਤੇ ਪਹੁੰਚਦੀ ਹੈ, ਕਿ ਉਪਰ ਦਰਸਾਈਆਂ ਸਾਰੀਆਂ ਗੱਲਾਂ ਜਦੋਂ ਕੰਟਰੋਲ ਤੋਂ ਬਾਹਰ ਹੋ ਜਾਂਦੀਆਂ ਹਨ ਤਾਂ ਬੇਕਸੂਰਾਂ ਦੀਆਂ ਸਮੂਹਿਕ ਹੱਤਿਆਵਾਂ, ਜ਼ਾਤੀ ਦੁਸ਼ਮਣੀਆਂ, ਵੱਡੀ ਗਿਣਤੀ ਵਿਚ ਨੌਜਵਾਨਾਂ ਦੇ ਲਾਪਤਾ ਹੋਣ, ਵੱਡੀ ਗਿਣਤੀ ਵਿਚ ਲੋਕਾਂ ਉਪਰ ਜ਼ੁਲਮੋ-ਤਸ਼ੱਦਦ, ਦਰਜਨਾਂ ਪਰਿਵਾਰਾਂ ਦੇ ਤਬਾਹ ਹੋਣ ਜਿਹੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ ਜੋ ਨਾ ਸਹਿਣਯੋਗ ਹਨ ਅਤੇ ਇਸ ਨਾਲ ਕਦੇ ਨਾ ਰਾਜ਼ੀ ਹੋਣ ਵਾਲੇ ਜ਼ਖ਼ਮ ਮਿਲਦੇ ਹਨ। ਫ਼ਿਲਮ ਵਿਚ ਜਿਹੜੇ ਪਾਤਰ ਸਿਰਜੇ ਗਏ ਹਨ, ਉਹ ਕਿਸੇ ਵੱਡੇ ਆਦਰਸ਼ ਤੋਂ ਪ੍ਰੇਰਿਤ ਨਹੀਂ ਦਰਸਾਏ ਗਏ। ਉਨਾਂ ਦਾ ਲਹਿਰ ਵਿਚ ਸ਼ਾਮਲ ਹੋਣ ਦਾ ਫੈਸਲਾ ਕਿਸੇ ਚੇਤੰਨ ਰਾਜਨੀਤਕ ਸੋਚ ਵਿਚੋਂ ਪੈਦਾ ਨਹੀਂ ਹੋਇਆ। ਉਨਾਂ ’ਚੋਂ ਬਹੁਤੇ ਪੁਲਸ ਦੇ ਸਤਾਏ ਹੋਣ ਕਰਕੇ, ਮਜ਼ਬੂਰੀ ਵੱਸ ਲਹਿਰ ਵਿਚ ਸ਼ਾਮਲ ਹੋ ਜਾਂਦੇ ਹਨ।

ਫ਼ਿਲਮ ਦੀ ਕਹਾਣੀ ਆਪਣੇ ਪਿਤਾ ਦੀ ਹੱਤਿਆ ਤੋਂ ਬਾਅਦ ਪੁੱਤਰ ਦੀ ਜਜ਼ਬਾਤੀ ਭੜਕਾਹਟ, ਆਪਣੇ ਲਾਪਤਾ ਪੁੱਤਰ ਦੀ ਤਲਾਸ਼ ਵਿਚ ਇਕ ਮਾਂ ਦਾ ਦਰ ਦਰ ਭਟਕਣਾ, ਜਵਾਨੀ ਪਹਿਰੇ ਦੇ ਇਸ਼ਕ ਦਾ ਦੁਖਾਂਤਕ ਅੰਤ ਅਤੇ ਪੁੱਤਰ ਦੀ ਆਪਣੀ ਇਕੱਲੀ, ਬੁੱਢੀ ਅਤੇ ਨਿਰਾਸ਼ ਮਾਂ ਕੋਲ ਪਰਤਣ ਦੀ ਤਾਂਘ ਦੇ ਆਲੇ ਦੁਆਲੇ ਘੁੰਮਦੀ ਹੈ।

‘ਪੰਜਾਬ 1984’ ਫਿਲਮ ਦੇ ਨਿਰਮਾਤਾ ਨੇ, ਭਾਰਤੀ ਰਾਜ ਅੰਦਰ ਸਿੱਖ ਕੌਮ ਨਾਲ ਹੋਈਆਂ ਬੇਇਨਸਾਫ਼ੀਆਂ ਤੇ ਵਧੀਕਿਆਂ ਦੇ ਖਿਲਾਫ਼ ਉਠੀ ਸਿੱਖ ਖਾੜਕੂ ਲਹਿਰ ਨਾਲ ਅਜਿਹਾ ਹੀ ਅਨਾਚਾਰ ਕੀਤਾ ਹੈ। ਫਿਲਮ ਵਿਚ ਅਪ੍ਰੇਸ਼ਨ ਬਲੂ ਸਟਾਰ ਦੇ ਇਕ (ਤੇ ਸਿਰਫ਼ ਇਕ ਹੀ) ਸੀਨ ਤੋਂ ਬਾਅਦ ਫਿਲਮ ਦੀ ਕਹਾਣੀ 1990ਵਿਆਂ ਦੀਆਂ ਘਟਨਾਵਾਂ ’ਤੇ ਜਾ ਪਹੁੰਚਦੀ ਹੈ। ਇਹ ਚਾਰੇ ਪਾਸੇ ਫੈਲੀ ਹਿੰਸਾ ਤੇ ਤਸ਼ੱਦਦ ਉਪਰ ਕੇਂਦਰਤ ਹੁੰਦੀ ਹੈ। ਇਹ ਉਹ ਸਮਾਂ ਸੀ ਜਦ ਪੁਲਿਸ ਸਭ ਨੂੰ ਨਿਸ਼ਾਨਾ ਬਣਾ ਰਹੀ ਸੀ ਅਤੇ ਬੇਕਸੂਰਾਂ ਦਾ ਘਾਣ ਹੋ ਰਿਹਾ ਸੀ। ਭਾਰਤ ਵਿਚ ਸਿੱਖਾਂ ਲਈ ਇਨਸਾਫ਼ ਵਾਸਤੇ ਅਸਲ ਸੰਘਰਸ਼ ਜਾਂਬਾਜ਼ ਯੋਧੇ ਅਤੇ ਸੰਤ ਸਿਪਾਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰਨ ਮਗਰੋਂ ਇਕ ਪੁਰਅਮਨ ਲਹਿਰ ਵਜੋਂ ਸ਼ੁਰੂ ਹੋਇਆ ਸੀ। ਜੋ ਇੰਦਰਾ ਗਾਂਧੀ ਸਰਕਾਰ ਅਤੇ ਪੰਜਾਬ ਪੁਲਿਸ ਦੇ ਅਕਹਿ ਅਤਿਆਚਾਰਾਂ ਕਾਰਨ ਬਾਅਦ ਵਿਚ ਜਾ ਕੇ ਹਿੰਸਾ ਵਿਚ ਤਬਦੀਲ ਹੋ ਗਿਆ ਸੀ। ਇਹ ਅਖੀਰ ਵਿਚ ਜਾ ਕੇ ਆਧੁਨਿਕ ਸਿੱਖ ਇਤਿਹਾਸ ਦਾ ਦੁਖਦਾਈ ਕਾਂਡ ਬਣ ਗਿਆ। ਅਪ੍ਰੇਸ਼ਨ ਬਲੂ ਸਟਾਰ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਦਾ ਕਤਲ ਹੋਇਆ, ਇਸ ਤੋਂ ਬਾਅਦ ਪੰਜਾਬ ਵਿਚ ਸਿੱਖ ਕੌਮ ਦੇ ਕਾਜ਼ ਲਈ ਹਥਿਆਰਬੰਦ ਗੁਰੀਲਾ ਲਹਿਰ ਸ਼ੁਰੂ ਹੋ ਗਈ ਜੋ ਭਾਰਤੀ ਸਟੇਟ ਤੋਂ ਇਨਸਾਫ਼ ਮੰਗ ਰਹੇ ਸਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਦਕਿਸਮਤੀ ਨਾਲ 90ਵਿਆਂ ਦੇ ਸ਼ੁਰੂ ਵਿਚ ਲਹਿਰ ਆਪਣੀ ਸੇਧ ਤੋਂ ਕਾਫ਼ੀ ਹੱਦ ਤਕ ਭਟਕ ਗਈ ਸੀ। ਇਹ ਗਿਰਾਵਟ ਕਈ ਕਾਰਨਾਂ ਕਰਕੇ ਆਈ ਜੋ ਵਿਆਪਕ ਅਤੇ ਗਹਿਰੇ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ।

ਫਿਲਮ ਵਿਚ ਮੁੱਖ ਤੌਰ ’ਤੇ ਇਤਿਹਾਸ ਦਾ ਇਹ ਦੌਰ ਚਿਤਰਿਆ ਗਿਆ ਹੈ। ਲਹਿਰ ਦੇ ਚੜ੍ਹਤਲ ਵਾਲੇ ਸ਼ਾਨਾਮੱਤੇ ਦੌਰ ਨੂੰ ਪੂਰੀ ਤਰਾਂ ਲਾਂਭੇ ਕਰਕੇ, ਲਹਿਰ ਦੀ ਪਤਨਸ਼ੀਲ ਅਵਸਥਾ ਨੂੰ ਦਰਸਾਉਂਦਾ ਇਹ ਦੌਰ ਜਾਣ ਬੁੱਝ ਕੇ ਚੁਣਿਆ ਗਿਆ ਹੈ। ਕਿਉਂਕਿ ਇਸ ਰਾਹੀਂ ਹੀ ਲਹਿਰ ਦੇ ਵਿਰੁੱਧ ਤੁਅੱਸਬ ਪੈਦਾ ਕਰਨ ਦਾ ਮਨੋਰਥ ਪੂਰਾ ਕੀਤਾ ਜਾ ਸਕਦਾ ਹੈ। ਜੂਨ 1984 ਇਸ ਦਾ ਸਿਖਰ ਸੀ ਜਿਸ ਦਾ ਜਾਹੋ-ਜਲਾਲ, ਕੁੱਝ ਕਮੀਆਂ ਤੇ ਪੇਸ਼ੀਆਂ ਦੇ ਬਾਵਜੂਦ, ਘੱਟੋ-ਘੱਟ ਪੰਜ ਸਾਲਾਂ ਤਕ ਜਾਰੀ ਰਿਹਾ। ਇਸ ਨੂੰ ਫਿਲਮ ਵਿਚ ਛੋਹਿਆ ਤੱਕ ਨਹੀਂ ਗਿਆ।




## ਮਾਚਿਸ

ਸਾਲ 1996 ਵਿੱਚ ਪ੍ਰਦਰਸ਼ਿਤ ਹੋਈ ਗੁਲਜ਼ਾਰ ਦੇ ਨਿਰਦੇਸ਼ਨ ਵਾਲੀ ‘ਮਾਚਿਸ’ ਖਾੜਕੂਵਾਦ ਦੇ ਵਿਸ਼ੇ ’ਤੇ ਬਣੀਆਂ ਫ਼ਿਲਮਾਂ ਵਿਚੋਂ ਇੱਕ ਬਿਹਤਰੀਨ ਫ਼ਿਲਮ ਹੈ। ਇਸ ਫ਼ਿਲਮ ਦੇ ਸੰਗੀਤ ਨੇ ਹਰ ਆਮ-ਖ਼ਾਸ ਨੂੰ ਆਪਣੇ ਵੱਲ ਖਿੱਚਿਆ। ‘ਪਾਣੀ ਪਾਣੀ ਰੇ’ ਤੇ ‘ਚੱਪਾ ਚੱਪਾ ਚਰਖਾ ਚਲੇ’ ਤੋਂ ਇਲਾਵਾ ਸਰਕਾਰੀ ਤਸ਼ੱਦਦ ਕਾਰਨ ਆਪਣੇ ਪਿੰਡ ਦੀਆਂ ਗਲੀਆਂ ਛੱਡ ਆਏ ਨੌਜਵਾਨਾਂ ਦੇ ਸੰਤਾਪ ਨੂੰ ਬਿਆਨਦੀ ਹੈ। ਆਰ. ਵੀ. ਪੰਡਤ ਵੱਲੋਂ ਨਿਰਮਿਤ ਇਸ ਫ਼ਿਲਮ ਵਿੱਚ ਓਮ ਪੁਰੀ, ਅਤੇ ਜਿੰਮੀ ਸ਼ੇਰਗਿੱਲ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ। ਫ਼ਿਲਮ ਦਾ ਸਿਰਲੇਖ ‘ਮਾਚਿਸ’ ਇੱਕ ਅਲੰਕਾਰ ਵਜੋਂ ਵਰਤਿਆ ਗਿਆ, ਜੋ ਇਹ ਦਰਸਾਉਂਦਾ ਹੈ ਕਿ ਹਰ ਕੌਮ ਦੀ ਨੌਜਵਾਨ ਪੀੜੀ ਮਾਚਿਸ ਦੀਆਂ ਸੀਖਾਂ ਵਾਂਗ ਹੁੰਦੀ ਹੈ ਜੋ ਨੁਕਸਦਾਰ ਨੀਤੀਆਂ ਤੇ ਚੰਗੇ ਸਿਆਸੀ ਪ੍ਰਬੰਧ ਦੀ ਘਾਟ ਕਾਰਨ ਕੋਈ ਵੀ ਰੁਖ਼ ਅਖਤਿਆਰ ਕਰ ਸਕਦੀ ਹੈ। ਫ਼ਿਲਮ 1980 ਵੇਲੇ ਪੰਜਾਬ ਵਿੱਚ ਸਿੱਖ ਵਿਦਰੋਹ ਦੇ ਪੈਦਾ ਹੋਣ ਦੇ ਕਾਰਨਾਂ ਅਤੇ ਆਮ ਨੌਜਵਾਨਾਂ ਦੇ ਹਥਿਆਰ ਚੁੱਕਣ ਪਿੱਛੇ ਹਾਲਤਾਂ ਨੂੰ ਬਿਆਨਦੀ ਹੈ। ਮਾਚਿਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਘਟੀਆ ਪ੍ਰਬੰਧ ਆਮ ਇਨਸਾਨ ਨੂੰ ਕਿੱਥੇ ਪਹੁੰਚਾ ਦਿੰਦਾ ਹੈ। ਫ਼ਿਲਮ ਵਿੱਚ ਚੰਦਰ ਚੂਹੜ ਸਿੰਘ ਵੱਲੋਂ ਨਿਭਾਇਆ ਕਿਰਪਾਲ ਸਿੰਘ ਤੇ ਤੱਬੂ ਵੱਲੋਂ ਨਿਭਾਇਆ ‘ਵੀਰਾਂ’ ਦਾ ਕਿਰਦਾਰ ਫ਼ਿਲਮ ਦੀ ਕਹਾਣੀ ਨੂੰ ਸਿਖਰ ’ਤੇ ਪਹੁੰਚਾਉਂਦੇ ਹਨ। ਸਿਸਟਮ ਦੀ ਅਸਫਲਤਾ, ਨਾਰਾਜ਼ ਲੋਕ,ਬਗਾਵਤੀ ਸੁਰਾਂ ਦੇ ਕਾਰਨ, 1984 ਦਾ ਸਿੱਖ ਕਤਲੇਆਮ ਵੇਲੇ ਪੰਜਾਬ ਵਿਚ ਆਮ ਆਦਮੀ ਦੀ ਦਸ਼ਾ ਨੂੰ ਇਸ ਫਿਲਮ ਵਿਚ ਸਮੇਟਨ ਦੀ ਚੰਗੀ ਕੌਸ਼ਿਸ਼ ਕੀਤੀ ਗਈ ਸੀ। ਇਸ ਫਿਲਮ ਬਾਰੇ ਗੁਲਜ਼ਾਰ ਨੇ ਕਿਹਾ ਸੀ ਕਿ 1947 ਤੇ 84 ਦਾ ਪੰਜਾਬ ਵਿਚ ਮਾੜਾ ਦੌਰ ਉਹਨਾਂ ਨੂੰ ਬਹੁਤ ਸਤਾਉਂਦਾ ਹੈ। ਉਹਨਾਂ ਮੁਤਾਬਕ ਉਸ ਦੌਰ ਵਿਚ ਅੱਧਜਲੀਆ ਲਾਸ਼ਾਂ ਵੀ ਵੇਖੀਆਂ ਸਨ। ਕਿਰਪਾਲ ਸਿੰਘ (ਚੰਦਰਚੂੜ ਸਿੰਘ) ਤੇ ਵਰਿੰਦਰ ਕੌਰ ਵੀਰਾ (ਤੱਬੂ) ਫਿਲਮ ਦੇ ਉਹ ਪਾਤਰ ਸਨ ਜੋ ਉਹਨਾਂ ਸਮਿਆਂ ਵਿਚ ਆਮ ਜ਼ਿੰਦਗੀ ਬੇਬਸੀ ਵਿਚ ਸਿਆਸਤ ਦੀ ਦੋਗਲੀ ਨਜ਼ਰ ਨੂੰ ਬੇਪਰਦਾ ਕਰਦੇ ਹਨ।




## ਸਾਡਾ ਹੱਕ

ਮਈ, ਸਾਲ 2013 ਵਿੱਚ ਪ੍ਰਦਰਸ਼ਿਤ ਹੋਈ ਮਨਦੀਪ ਬੈਨੀਪਾਲ ਨਿਰਦੇਸ਼ਤ ਫ਼ਿਲਮ ਸਾਡਾ ਹੱਕ 1980 ਦੇ ਆਖਰੀ ਸਮੇਂ ਤੋਂ ਲੈ ਕੇ 1990 ਦੀ ਸ਼ੁਰੂਆਤ ਤਕ ਦੇ ਸਮੇਂ ਦੇ ਕਾਲੇ ਦੌਰ ਦੀ ਕਹਾਣੀ ਹੈ। ਇਹ ਫ਼ਿਲਮ ਭ੍ਰਿਸ਼ਟ ਪੁਲੀਸ ਤੰਤਰ ਅਤੇ ਸਰਕਾਰੀ ਪ੍ਰਬੰਧ ਤੋਂ ਤੰਗ ਆ ਕੇ ਕਿਵੇਂ ਨੌਜਵਾਨ ਹਥਿਆਰ ਚੁੱਕਣ ਲਈ ਮਜਬੂਰ ਹੁੰਦੇ ਹਨ, ਨੂੰ ਬਿਆਨਦੀ ਹੈ। ਇਹ ਫ਼ਿਲਮ ਸ਼ਰਨ ਗਿੱਲ (ਧ੍ਰਿਤੀ ਸਹਾਰਨ) ਦੀ ਕਹਾਣੀ ਹੈ, ਜੋ ਇੱਕ ਕੈਨੇਡੀਅਨ ਸਿੱਖ ਗ੍ਰੈਜੂਏਟ ਹੈ ਤੇ ਘੱਟ-ਗਿਣਤੀਆਂ ਨਾਲ ਸਬੰਧਤ ਖੋਜ ਕਾਰਜ ਦੇ ਸਬੰਧ ਵਿੱਚ ਭਾਰਤ ਆਉਂਦੀ ਹੈ। ਭੂਤਕਾਲ ਨਾਲ ਸਬੰਧਿਤ ਕੁਝ ਸੱਚ ਸਾਹਮਣੇ ਆਉਣ ’ਤੇ ਉਹ ਹੋਰ ਜਾਣਕਾਰੀ ਇਕੱਤਰ ਕਰਨ ਲੱਗਦੀ ਹੈ। ਇਸ ਦੌਰਾਨ ਉਸ ਦੀ ਮੁਲਾਕਾਤ ਹਾਕੀ ਖਿਡਾਰੀ ਕਰਤਾਰ ਸਿੰਘ ਨਾਲ ਹੁੰਦੀ ਹੈ

ਬਾਕੀ ਸਫ਼ਾ 31 ’ਤੇ

# ਕੋਰੋਨਾ ਸੰਕਟ ਦੌਰਾਨ ਮਹਾਰਾਸ਼ਟਰ ਹਾਈਵੇ 'ਤੇ 20 ਲੱਖ ਲੋਕਾਂ ਨੂੰ ਖਾਣਾ ਖੁਆ ਚੁੱਕਾ ਹੈ 81 ਸਾਲਾ ਸਿੰਘ

**ਮੁੰਬਈ/ਏ.ਟੀ.ਨਿਊਜ਼:** ਪਿਛਲੇ ਦੋ ਮਹੀਨਿਆਂ ਤੋਂ ਲੌਕਡਾਊਨ ਤੋਂ ਬਾਅਦ, ਰਾਸ਼ਟਰੀ ਰਾਜ ਮਾਰਗ -7 'ਤੇ ਕਰਨਜੀ ਦੇ ਕੋਲੋਂ ਲੰਘ ਰਹੀ ਹਜ਼ਾਰਾਂ ਬੱਸਾਂ, ਟਰੱਕਾਂ, ਟੈਂਪੂਆਂ ਅਤੇ ਹੋਰ ਵਾਹਨ ਸੁੱਕੀਆਂ ਅਤੇ ਧੂੜ ਭਰੀਆਂ ਸੜਕ ਦੇ ਕਿਨਾਰੇ ਪਲਾਸਟਿਕ ਦੀਆਂ ਚਾਦਰਾਂ ਨਾਲ ਭਰੇ ਇਕ ਰਮਜ਼ੈਕਲ ਟੀਨ ਦੇ ਸ਼ੈੱਡ' ਤੇ ਰੁਕਣਾ ਪਸੰਦ ਕਰਦੇ ਹਨ। ਇਹ ਲਗਭਗ 450 ਕਿਲੋਮੀਟਰ ਦੇ ਖੇਤਰ ਵਿਚ ਇਕੋ ਇਕ ਜਗਾ ਹੈ, ਜਿਥੇ ਲੰਗਰ ਦਾ ਪ੍ਰਬੰਧ ਹੈ। ਇਸ ਜਗਾ ਵਿੱਚ ਬਾਬਾ ਕਰਨੈਲ ਸਿੰਘ ਖਹਿਰਾ ਦੀ ਅਗਵਾਈ ਵਿੱਚ ਸੇਵਾ ਨਿਭਾਈ ਜਾ ਰਹੀ ਹੈ। ਬਾਬਾਜੀ ਨੇ ਦੱਸਿਆ "ਇਹ ਇਕ ਦੂਰ ਦੁਰਾਡੇ, ਕਬਾਇਲੀ ਖੇਤਰ ਹੈ। ਸਾਡੇ ਪਿੱਛੇ ਲਗਭਗ 150 ਕਿਲੋਮੀਟਰ ਤੇ ਤਕਰੀਬਨ 300 ਕਿਲੋਮੀਟਰ ਤੱਕ, ਇਥੇ ਇਕ ਵੀ ਢਾਬਾ ਜਾਂ ਰੈਸਟੋਰੈਂਟ ਨਹੀਂ ਹੈ ... ਇਸ ਲਈ ਜ਼ਿਆਦਾਤਰ ਲੋਕ 'ਗੁਰੂ ਕਾ ਲੰਗਰ' 'ਤੇ ਰੁਕਣਾ ਪਸੰਦ ਕਰਦੇ ਹਨ।' ਇਹ ਛੋਟਾ ਜਿਹਾ ਲੰਗਰ ਘਰ ਇੱਕ ਜੰਗਲ ਵਾਲੇ ਖੇਤਰ ਵਿੱਚ ਲਗਭਗ 11 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਭਾਗੋਦ ਸਾਹਿਬ, ਵਾਈ ਨਾਲ ਜੁੜਿਆ ਹੋਇਆ ਹੈ। ਇੱਥੇ ਜਿਆਦਾਤਰ ਸਿੱਖ ਦਰਸ਼ਨ ਕਰਨ ਆਉਂਦੇ ਹਨ। ਇਹ ਉਹ ਸਥਾਨ ਸੀ ਜਿਥੇ 10 ਵੇਂ ਗੁਰੂ ਗੋਬਿੰਦ ਸਿੰਘ ਜੀ 1705 ਵਿਚ ਠਹਿਰੇ ਸਨ, ਜਦੋਂ ਕਿ ਲਗਭਗ 250 ਕਿਲੋਮੀਟਰ ਦੂਰ ਨਾਂਦੇੜ ਜਾਂਦੇ ਹੋਏ, ਜਿਥੇ ਅਕਤੂਬਰ, 1708 ਨੂੰ ਉਨਾਂ ਦੀ ਹਮਲਾ ਕਰ ਦਿੱਤਾ ਸੀ। ਬਾਅਦ ਵਿਚ ਗੁਰੂ ਜੀ ਜੋਤੀ ਜੋਤਿ ਸਮਾ ਗਏ ਸਨ। ਤਕਰੀਬਨ 125 ਸਾਲ ਬਾਅਦ, ਇਹ ਦੁਨੀਆਂ ਵਿੱਚ ਪ੍ਰਸਿੱਧ ਹੋ ਗਿਆ। 'ਗੁਰਦੁਆਰਾ ਤਖ਼ਤ ਹਜ਼ੂਰ ਸਾਹਿਬ ਸੱਚਖੰਡ' ਸਿੱਖ ਧਰਮ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ।

ਬਾਬਾ ਖਹਿਰਾ ਨੇ ਕਿਹਾ "ਕਿਉਂਕਿ ਗੁਰੂਦੁਆਰਾ ਭਾਗੋਦ ਸਾਹਿਬ ਮੁੱਖ ਮਾਰਗ ਤੋਂ ਦੂਰ ਹਨ, ਇਸ ਲਈ 1988 (32 ਸਾਲ ਪਹਿਲਾਂ) ਵਿਚ, ਇਹ ਲੰਗਰ ਇਥੇ ਆਪਣੀ ਸ਼ਾਖਾ ਦੇ ਰੂਪ ਵਿਚ ਸਾਹਮਣੇ ਆਇਆ ਸੀ। ਮੈਨੂੰ ਇਹ ਸੇਵਾ ਨੰਦੇੜ ਗੁਰੂਦੁਆਰਾ ਸਾਹਿਬ ਦੇ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਦੇ ਆਸ਼ੀਰਵਾਦ ਨਾਲ ਮਿਲੀ ਸੀ।" ਸਾਲਾਂ ਤੋਂ ਇੱਕ



ਨਿਯਮਿਤ ਰੂਪ ਵਿੱਚ ਚੱਲ ਰਹੇ ਲੰਗਰ 24 ਮਾਰਚ ਦੇ ਤਾਲੇਬੰਦੀ ਦੌਰਾਨ ਇਹ ਲੱਖਾਂ ਭੁੱਖੇ ਲੋਕਾਂ ਲਈ ਵੱਡਾ ਸਹਾਰਾ ਬਣ ਗਿਆ, ਜਿੰਨਾਂ ਵਿੱਚ ਖਾਸ ਕਰਕੇ ਲੌਕਡਾਊਨ ਵਿੱਚ ਫਸੇ ਪ੍ਰਵਾਸੀ, ਯਾਤਰੀ, ਟਰਾਂਸਪੋਟਰ ਅਤੇ ਪਿੰਡ ਵਾਸੀ ਸ਼ਾਮਲ ਸਨ।

ਬਾਬਾ ਖਹਿਰਾ ਨੇ ਕਿਹਾ "ਸਾਡੇ ਕੋਲ ਰੋਜ਼ਾਨਾ ਲੋਕ ਆਉਂਦੇ ਸਨ ਅਤੇ ਅਸੀਂ ਉਨਾਂ ਦੇ ਲੰਗਰ ਦਾ ਪ੍ਰਬੰਧ ਕਰਦੇ ਰਹਿੰਦੇ ਹਾਂ ...ਅਸੀਂ ਜਾਤੀ, ਧਰਮ ਦੀ ਪਰਵਾਹ ਕੀਤੇ ਬਿਨਾਂ ਹੱਥ ਜੋੜ ਕੇ ਸਾਰਿਆਂ ਦਾ ਸਵਾਗਤ ਕਰਦੇ ਹਾਂ। ਸਾਡੀ 17 'ਸੇਵਕਾਂ' ਦੀ ਨਿਯਮਤ ਟੀਮ, ਸਮੇਤ 11 ਕੁੱਕ ਅਤੇ ਹੋਰਨਾਂ ਮਦਦਗਾਰਾਂ ਵੀ ਸ਼ਾਮਲ ਹਨ, ਇਹ ਟੀਮ ਬਿਨਾਂ ਰੁਕਾਵਟ ਅਣਥੱਕ ਸੇਵਾ ਕਰਕੇ ਹਰ ਕਿਸੇ ਲਈ ਲੰਗਰ ਦੀ ਸੇਵਾ ਨੂੰ ਯਕੀਨੀ ਬਣਾਉਂਦੀ ਹੈ। ਖੁਸ਼ਕਿਸਮਤੀ ਨਾਲ, ਉਸਦਾ ਸਭ ਤੋਂ ਛੋਟਾ ਭਰਾ, ਬਾਬਾ ਗੁਰਬਖਸ਼ ਸਿੰਘ ਖਹਿਰਾ, ਜੋ ਅਮਰੀਕਾ ਦੇ ਨਿਊ ਜਰਸੀ ਵਿੱਚ ਵਸਿਆ ਹੈ, ਨੇ ਸਥਾਨਕ (ਯੂਐਸਏ) ਸਿੱਖ ਭਾਈਚਾਰੇ ਅਤੇ ਹੋਰਨਾਂ ਨਾਲ ਮਿਲ ਕੇ ਤਾਲਾਬੰਦੀ ਦੌਰਾਨ ਲੰਗਰ ਦੀ ਅਟੁੱਟ ਸੇਵਾ ਲਈ ਚੰਦਾ ਭੇਜਦੇ ਰਹੇ। ਲੰਗਰ ਦੀ ਸੇਵਾਵਾਂ ਵਿੱਚ ਬਰੈੱਡ ਜਾਂ ਬਿਸਕੁਟ ਦੇ ਨਾਲ ਚਾਹ ਦਾ ਨਾਸ਼ਤਾ ਅਤੇ ਸਾਰੇ ਖਾਣੇ ਤੁਵਰ ਦਾਲ, ਆਲੂ-ਵਾਦੀ ਤੇ ਆਲੂ ਵੰਗਾ ਦੇ ਨਾਲ ਸਾਦੇ ਚਾਵਲ ਸ਼ਾਮਲ ਹਨ। ਇੰਨਾ ਹੀ ਨਹੀਂ ਥੱਕੇ ਹੋਏ ਮਹਿਮਾਨਾਂ ਨੂੰ ਨਹਾਉਣ ਲਈ ਸਾਬਣ ਅਤੇ ਬੋਰਵੇਲ ਦਾ ਪਾਣੀ ਦਾ ਪ੍ਰਬੰਧ ਹੈ। ਭੋਜਨ ਲਈ ਵਰਤੇ ਜਾਂਦੇ ਡਿਸਪੋਸੇਜਲ ਪਲੇਟਾਂ ਦੀ ਗਿਣਤੀ ਦੇ ਆਧਾਰ ਤੇ ਪਿਛਲੇ 10 ਹਫਤਿਆਂ ਵਿੱਚ 20 ਲੱਖ ਤੋਂ ਵੱਧ ਲੋਕਾਂ ਨੂੰ ਖਾਣਾ ਖੁਆਇਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜ ਲੱਖ ਤੋਂ ਵੱਧ ਲੋਕ ਲੰਗਰ ਵਿਚੋਂ ਪਾਰਸਲ ਲੈ ਗਏ ਸਨ, ਅਤੇ ਅਜੇ ਵੀ ਗਿਣੇ ਜਾ ਰਹੇ ਹਨ। ਬਾਬਾ ਜੀ ਨੇ ਆਪਣੇ ਪਿਛੋਕੜ ਬਾਰੇ ਦੱਸਿਆ "ਮੇਰਾ ਜਨਮ ਮੇਰਠ (ਉੱਤਰ ਪ੍ਰਦੇਸ਼) ਵਿੱਚ ਹੋਇਆ ਸੀ, ਪਰ 11 ਸਾਲ ਦੀ ਉਮਰ ਵਿੱਚ ਮਨੁੱਖਤਾ ਦੀ ਸੇਵਾ ਲਈ ਘਰ ਛੱਡ ਦਿੱਤਾ, ਬਚਪਨ ਵਿੱਚ, ਮੈਂ ਇੱਥੇ ਗੋਦਾਵਰੀ ਨਦੀ ਤੇ ਇੱਕ ਪੁਲ ਬਣਾਉਣ ਵਿੱਚ ਮਦਦ ਕੀਤੀ।" ਬਾਅਦ ਵਿਚ, ਉਹ ਲਗਭਗ ਚਾਰ ਸਾਲਾਂ ਲਈ ਮੱਧ-ਪੂਰਬੀ ਦੇਸ਼ਾਂ ਵਿਚ ਰਿਹਾ ਅਤੇ ਪੰਜ ਹੋਰ ਸਾਲ ਜਰਮਨੀ ਅਤੇ ਹੋਰ ਯੂਰਪੀਅਨ ਦੇਸ਼ਾਂ ਵਿਚ ਗੁਰੂਦੁਆਰਾ 'ਲੰਗਰ' ਅਤੇ ਹੋਰ ਸੇਵਾਵਾਂ ਲਈ ਫੰਡਾਂ ਦਾ ਪ੍ਰਬੰਧ ਕਰਨ ਵਿਚ ਬਿਤਾਇਆ। ਖਹਿਰਾ ਬਾਬਾ ਨੇ ਕਿਹਾ "ਭਾਵੇਂ ਅਨਪੜ ਹੈ, ਮੈਂ ਅੰਗ੍ਰੇਜ਼ੀ, ਹਿੰਦੀ, ਪੰਜਾਬੀ, ਅਰਬੀ, ਡੱਚ ਅਤੇ ਜਰਮਨ ਬੋਲਦਾ ਹਾਂ।"

'ਗੁਰੂ ਕਾ ਲੰਗਰ' ਨੇ ਦੋ ਦਾਨ ਬਕਸੇ ਬਾਹਰ ਰੱਖੇ ਹੋਏ ਹਨ ਜਿਸ ਵਿਚ ਲੋਕ ਆਪਣੀ ਇੱਛਾ ਅਤੇ ਸਮਰੱਥਾ ਅਨੁਸਾਰ ਦਾਨ ਕਰਦੇ ਹਨ, ਪਰੰਤੂ ਇਸ ਦੀ ਕਦੇ ਵੀ ਗਿਣਤੀ ਨਹੀਂ ਕੀਤੀ ਜਾਂਦੀ ਅਤੇ ਪੈਸਾ ਫਿਰ 'ਲੰਗਰ' ਵਿਚ ਚਲਾ ਜਾਂਦਾ ਹੈ।

ਮਾਮਲਾ ਖਾੜਕੂਵਾਦ ਦੇ ਦੋਸ਼ 'ਚ ਤੀਰਥ ਸਿੰਘ ਦੀ ਗ੍ਰਿਫ਼ਤਾਰੀ ਦਾ

# ਤੀਰਥ ਸਿੰਘ ਸਮੇਤ ਪਰਿਵਾਰਕ ਮੈਂਬਰਾਂ ਦੇ ਖਾਤਿਆਂ ਦੀ ਜਾਂਚ ਸ਼ੁਰੂ

## ਸਿਰਫ ਇਕ ਪੋਸਟਰ ਮਿਲਣ 'ਤੇ ਤੀਰਥ ਨੂੰ ਬਣਾ ਦਿੱਤੈ ਅੱਤਵਾਦੀ



**ਮੇਰਠ/ਏ.ਟੀ.ਨਿਊਜ਼:** ਮੇਰਠ ਵਿਚ ਸਦਰ ਬਾਜ਼ਾਰ ਦੇ ਥਾਣਾ ਖੇਤਰ ਥਾਪਰਨਗਰ ਵਿਚੋਂ ਬੀਤੇ ਹਫਤੇ ਦੌਰਾਨ ਗ੍ਰਿਫ਼ਤਾਰ ਤੀਰਥ ਸਿੰਘ ਨੇ ਪੁਲਿਸ ਰਿਮਾਂਡ ਵਿਚ ਮੰਨਿਆ ਹੈ ਕਿ ਚਾਰ ਮਹੀਨੇ ਤੋਂ ਫੇਸਬੁੱਕ ਮੈਸੰਜਰ 'ਤੇ ਬਰਤਾਨੀਆ ਵਿਚ ਰਹਿਣ ਵਾਲੇ ਗੁਰੂਸ਼ਰਨਬੀਰ ਦੇ ਸੰਪਰਕ ਵਿਚ ਸੀ। ਇਸ ਦੌਰਾਨ ਉਹ ਗੁਰੂਸ਼ਰਨ ਨੂੰ ਕਰੀਬ 400 ਮੈਸੇਜ ਵੀ ਕਰ ਚੁੱਕਾ ਹੈ। ਯੂਪੀ ਏਟੀਐੱਸ ਤੇ ਪੰਜਾਬ ਪੁਲਿਸ ਤੀਰਥ ਸਿੰਘ, ਉਸ ਦੇ ਰਿਸ਼ਤੇਦਾਰ ਤੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਦੀ ਜਾਂਚ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਤੀਰਥ ਸਿੰਘ ਨੂੰ ਫੰਡਿੰਗ ਕਰਵਾ ਰਹੀ ਸੀ। ਤੀਰਥ ਦੇ ਹੋਰ ਮਕਸਦ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਥੇ, ਹਸਤੀਨਾਪੁਰ ਪੁਲਿਸ ਮੁਤਾਬਕ, ਜਾਂਚ ਵਿਚ ਪਤਾ ਲੱਗਾ ਹੈ ਕਿ ਇਥੋਂ ਤੀਰਥ ਦਾ ਪਰਿਵਾਰ ਕਾਫੀ ਸਮੇਂ ਪਹਿਲਾਂ ਹੀ ਚਲਾ ਗਿਆ ਸੀ। ਸੂਤਰਾਂ ਅਨੁਸਾਰ ਤੀਰਥ ਨੇ ਮੰਨਿਆ ਹੈ ਕਿ ਫੇਸਬੁੱਕ ਮੈਸੇਜ ਰਾਹੀਂ ਉਸ ਦਾ ਸੰਪਰਕ ਬਰਤਾਨੀਆ ਵਿਚ ਰਹਿਣ ਵਾਲੇ ਗੁਰੂਸ਼ਰਨਵੀਰ ਨਾਲ ਹੋਇਆ ਸੀ। ਉਸ ਨੇ ਹੀ ਉਸ ਨੂੰ ਖ਼ਾਲਿਸਤਾਨ ਦੀ ਹਮਾਇਤ ਕਰਨ ਤੇ ਰੈਫਰੈਂਡਮ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਕਿਹਾ ਸੀ। ਤੀਰਥ ਖ਼ਿਲਾਫ਼ 28 ਮਈ ਨੂੰ ਸਪੈਸ਼ਲ ਸੈੱਲ ਨੇ ਮੋਹਾਲੀ (ਚੰਡੀਗੜ) ਵਿਚ ਮੁਕੱਦਮਾ ਦਰਜ ਕੀਤਾ ਸੀ। ਜਾਂਚ ਵਿਚ ਦੇਖਿਆ ਜਾ ਰਿਹਾ ਹੈ ਕਿ ਤੀਰਥ ਸਿਰਫ ਰਕਮ ਲਈ ਕੰਮ ਕਰਦਾ ਸੀ ਜਾਂ ਉਸ ਦਾ ਮਕਸਦ ਕੁਝ ਹੋਰ ਸੀ। ਮੰਨਿਆ ਜਾ ਰਿਹਾ ਹੈ ਕਿ ਆਈਐੱਸਆਈ ਖ਼ਾਲਿਸਤਾਨ ਦੀ ਹਮਾਇਤ ਕਰਨ ਵਾਲਿਆਂ ਨੂੰ ਫੰਡਿੰਗ ਮੁਹੱਈਆ ਕਰਵਾ ਰਹੀ ਸੀ। ਏਟੀਐੱਸ ਅਨੁਸਾਰ ਪੰਜਾਬ ਪੁਲਿਸ ਦੀ ਟੀਮ ਤੀਰਥ ਸਿੰਘ 'ਤੇ ਕਾਫੀ ਦਿਨਾਂ ਤੋਂ ਕੰਮ ਕਰ ਰਹੀ ਸੀ। ਉਸ ਦੀ ਰਿਹਾਇਸ਼ ਤੋਂ ਕੁਝ ਇਤਰਾਜ਼ਯੋਗ ਪੋਸਟਰ ਵੀ ਮਿਲੇ ਹਨ। ਮੂਲ ਤੌਰ 'ਤੇ ਹਸਤੀਨਾਪੁਰ ਦੇ ਪਿੰਡ ਕਿਸ਼ਨਪੁਰਾ ਨਿਵਾਸੀ ਤੀਰਥ ਸਿੰਘ ਦੇ ਪਿਤਾ ਅਜੀਤ ਸਿੰਘ ਨੇ ਦੋਸ਼ ਲਾਇਆ ਕਿ ਉਨਾਂ ਦੇ ਪੁੱਤਰ ਦਾ ਖਾੜਕੂਆਂ ਤੇ ਖ਼ਾਲਿਸਤਾਨੀ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਹੈ। ਪਿਤਾ ਨੇ ਸਵਾਲ ਉਠਾਇਆ ਕਿ ਜੇ ਉਹ ਇਸ ਜਥੇਬੰਦੀ ਨਾਲ ਜੁੜਿਆ ਹੁੰਦਾ ਤਾਂ ਉਸ ਕੋਲ ਪੈਸੇ ਜਾਂ ਰਕਮ ਤਾਂ ਮਿਲਦੀ। ਪੈਸੇ ਹੁੰਦੇ ਤਾਂ ਉਹ ਮੋਟਰਸਾਈਕਲ ਦੇ ਪੁਰਜਿਆਂ ਦੀ ਦੁਕਾਨ 'ਤੇ ਕੰਮ ਕਿਉਂ ਕਰਦਾ। ਸਿਰਫ ਇਕ ਪੋਸਟਰ ਮਿਲਣ ਨਾਲ ਹੀ ਤੀਰਥ ਨੂੰ ਖਾੜਕੂ ਬਣਾ ਦਿੱਤਾ ਹੈ। ਉਸ ਕੋਲ ਪਾਸਪੋਰਟ ਤਕ ਨਹੀਂ ਹੈ। ਹਾਂ, ਇਕ ਵਾਰ ਉਹ ਪੰਜਾਬ ਸਥਿਤ ਗੁਰਦੁਆਰੇ ਵਿਚ ਗਿਆ ਸੀ, ਜਿਥੋਂ ਅਗਲੇ ਦਿਨ ਪਰਤ ਆਇਆ ਸੀ।

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com

We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS
CENSUS 2020

Message sponsored by the Kern Complete Count Committee.

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: KernCounts.org

#KernCounts

# ਇਤਿਹਾਸਕ ਯਾਦਗਾਰ ਕਬਰ ਸਾਈਂ ਮੀਆਂ ਮੀਰ (ਲਾਹੌਰ)

**- ਬੂਟਾ ਸਿੰਘ ਭੰਦੋਹਲ**

ਹਜ਼ਰਤ ਮੀਆਂ ਮੀਰ ਇੱਕ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਉਨਾਂ ਦਾ ਜਨਮ 11 ਅਗਸਤ 1550 ਈਸਵੀ ਨੂੰ ਸਿੰਧ ਨੇੜੇ ਸੇਵਾਸਤਨ (ਸਿਸਤਨ) ਅੱਜ ਕੱਲ ਪਾਕਿਸਤਾਨ ਵਿੱਚ,ਮਾਤਾ ਬੀਬੀ ਫ਼ਾਤਿਮਾ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਦਾ ਨਾਮ ਕਾਜ਼ੀ ਸਾਈਂ ਦਿੱਤਾ ਸੀ ਜੋ ਕਿ ਕਾਜ਼ੀ ਕਲੰਦਰ ਫ਼ਾਰੂਕੀ ਦਾ ਪੁੱਤਰ ਸੀ। ਆਪ ਦਾ ਪਰਿਵਾਰ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧ ਰੱਖਦਾ ਸੀ। ਸਾਈਂ ਜੀ ਦੇ ਚਾਰ ਭਰਾ ਕਾਜ਼ੀ ਬੋਲਾਂ,ਕਾਜ਼ੀ ਮੁਹੰਮਦ ਉਸਮਾਨ, ਕਾਜ਼ੀ ਤਾਹਿਰ ਅਤੇ ਕਾਜ਼ੀ ਮੁਹੰਮਦ ਸਨ ਅਤੇ ਆਪ ਦੀਆਂ ਦੋ ਭੈਣਾਂ ਬੀਬੀ ਜਾਮਲ ਖਾਤੂਨ ਤੇ ਬੀਬੀ ਹਾਦੀਆ ਸਨ। ਸੱਤ ਸਾਲ ਦੀ ਉਮਰ ਵਿੱਚ ਹੀ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਆਪ ਦੀ ਮਾਤਾ ਬੀਬੀ ਫ਼ਾਤਿਮਾ ਬਹੁਤ ਹੀ ਧਾਰਮਿਕ ਅਕੀਦੇ ਵਾਲੀ ਔਰਤ ਸੀ ਜਿਸ ਨੇ ਸਾਈਂ ਜੀ ਨੂੰ ਬਚਪਨ ਵਿੱਚ ਹੀ ਧਾਰਮਿਕ ਲਿਆਕਤ ਪ੍ਰਦਾਨ ਕੀਤੀ। ਆਪ ਦੀ ਮਾਤਾ ਦੀ ਧਾਰਮਿਕ ਸਿੱਖਿਆ ਅਤੇ ਆਪ ਉੱਤੇ ਖ਼ੁਦਾਬੰਦ ਕਰੀਮ ਦੀ ਰਹਿਮਤ ਸਦਕਾ ਆਪ ਦਾ ਮਨ ਦੁਨੀਆਂ ਤੋਂ ਉਪਰਾਮ ਹੋ ਗਿਆ ਅਤੇ ਆਪਣੀ ਮਾਤਾ ਤੋਂ ਆਗਿਆ ਲੈ ਕੇ ਇਨਾਂ ਨੇ ਘਰ ਬਾਰ ਤਿਆਗ ਦਿੱਤਾ ਅਤੇ ਸੱਚ ਦੀ ਖ਼ੋਜ ਲਈ ਨਿਕਲ ਪਏ। ਕਾਫ਼ੀ ਭਾਲ ਤੋਂ ਬਾਅਦ ਆਪ ਹਜ਼ਰਤ ਸ਼ੇਖ਼ ਖ਼ਿਜ਼ਰ ਦੇ ਚੇਲੇ ਬਣ ਗਏ ਜੋ ਕਿ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧਤ ਸਨ। ਹਜ਼ਰਤ ਸ਼ੇਖ਼ ਖ਼ਿਜ਼ਰ ਦੀ ਸੰਗਤ ਦੌਰਾਨ ਸਾਈਂ ਮੀਆਂ ਮੀਰ ਨੇ ਬਹੁਤ ਸਾਰੀ ਧਾਰਮਿਕ ਸਿੱਖਿਆ ਗ੍ਰਹਿਣ ਕੀਤੀ ਅਤੇ ਇੱਕ ਦਿਨ ਹਜ਼ਰਤ ਸ਼ੇਖ਼ ਖ਼ਿਜ਼ਰ ਨੇ ਆਪ ਨੂੰ ਕਿਹਾ ਕਿ ਹੁਣ ਤੁਹਾਡੀ ਧਾਰਮਿਕ ਤਾਲੀਮ ਪੂਰੀ ਹੋ ਚੁੱਕੀ ਹੈ, ਜਿੱਥੇ ਕਿਤੇ ਜੀਅ ਕਰਦਾ ਹੈ ਜਾਉ ਤੇ ਲੋਕਾਂ ਨੂੰ ਸੱਚ ਅਤੇ ਸੱਚੇ ਪਰਵਦਗਾਰ ਦੇ ਲੜ ਲਾਉ। ਉਸ ਵਕਤ ਆਪ ਦੀ ਉਮਰ ਪੱਚੀ ਸਾਲ ਸੀ ਅਤੇ ਆਪ ਆਪਣੇ ਮੁਰਸ਼ਦ ਦੀ ਆਗਿਆ ਦਾ ਪਾਲਣ ਕਰਦੇ ਹੋਏ ਲਾਹੌਰ ਆ ਗਏ। ਇੱਥੇ ਆਪ ਨੇ ਮੌਲਾਨਾ ਸਾਦਉੱਲਾ ਦੇ ਮਦਰੱਸੇ ਵਿੱਚੋਂ ਸਾਦਉੱਲਾ ਅਤੇ ਉਸ ਦੇ ਸ਼ਾਗਿਰਦ ਨਿਆਮਤ ਉੱਲਾ ਪਾਸੋਂ ਵਿੱਦਿਆ ਗ੍ਰਹਿਣ ਕੀਤੀ। ਆਪ ਨੇ ਲਾਹੌਰ ਦੇ ਦੱਖਣ ਪੂਰਬ ਵੱਲ ਪਿੰਡ ਹਾਸਿਮਪੁਰ ਵਿੱਚ ਡੇਰਾ ਲਾ ਲਿਆ। ਸਾਈਂ ਜੀ ਲੋਕਾਂ ਨੂੰ ਬਹੁਤ ਘੱਟ ਮਿਲਿਆ ਕਰਦੇ ਸਨ ਅਤੇ ਆਪ ਰੁੱਖਾਂ ਦੇ ਹੇਠਾਂ ਅਤੇ ਦਰਿਆਵਾਂ ਦੇ ਕੰਢੇ ਇਕਾਂਤ ਥਾਵਾਂ ‘ਤੇ ਬੈਠ ਕੇ ਅੱਲਾ ਦੀ ਬੰਦਗੀ ਕਰਦੇ ਰਹਿੰਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਰਾਜੇ,ਬਾਦਸ਼ਾਹ ਆਪਣੇ ਕਾਫ਼ਲਿਆਂ ਅਤੇ ਫ਼ੌਜਾਂ ਸਮੇਤ ਉਨਾਂ ਕੋਲ ਆਉਣ। ਆਪ ਬਹੁਤ ਹੀ ਘੱਟ ਬੋਲਦੇ ਸਨ ਅਤੇ ਕਈ ਕਈ ਰਾਤਾਂ ਆਪਣਾ ਧਿਆਨ ਅੱਲਾ ਤਾਲਾ ਦੇ ਚਰਨਾਂ ਵਿੱਚ ਜੋੜ ਕੇ ਅਹਿੱਲ ਬੈਠੇ ਰਹਿੰਦੇ ਸਨ।

ਸਾਈਂ ਜੀ ਸਿੱਖਾ ਦੇ ਪੰਜਵੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੂੜੇ ਮਿੱਤਰ ਸਨ ਕਿਉਂ ਕਿ ਦੋਵਾਂ ਵਿੱਚ ਵਿਚਾਰਧਾਰਕ ਅਤੇ ਸਿਧਾਂਤਕ ਸਾਂਝ ਸੀ ਅਤੇ ਦੋਵੇਂ ਇੱਕ ਹੀ ਮੰਜ਼ਿਲ ਦੇ ਪਾਂਧੀ ਸਨ। ਜਦੋਂ ਕਦੇ ਵੀ ਗੁਰੂ ਜੀ ਲਾਹੌਰ ਜਾਂਦੇ ਜਾਂ ਸਾਈਂ ਜੀ ਅੰਮ੍ਰਿਤਸਰ ਆਉਂਦੇ ਤਾਂ ਦੋਵੇਂ ਇੱਕ ਦੂਜੇ ਨੂੰ ਮਿਲੇ ਬਿਨਾਂ ਵਾਪਸ ਨਹੀਂ ਸਨ ਆਉਂਦੇ। ਸਰਬ ਧਰਮ ਸਾਂਝੀਵਾਲਤਾ ਦੇ ਸਿਧਾਂਤ ਨੂੰ ਹੋਰ ਪ੍ਰਪੱਕ ਕਰਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚੇਚੇ ਤੌਰ ‘ਤੇ ਸੁਨੇਹਾ ਭੇਜ ਕੇ ਦਰਵੇਸ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਨੂੰ ਅੰਮ੍ਰਿਤਸਰ ਬੁਲਾਇਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਖੁਦਵਾਏ ਗਏ ਸਰੋਵਰ ਵਿਚਕਾਰ ਉਸਾਰੇ ਜਾਣ ਵਾਲੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ 1 ਮਾਘ ਸੰਮਤ 1647 ਯਾਨੀ ਕਿ 3 ਜਨਵਰੀ 1588 ਈਸਵੀ ਨੂੰ ਸਾਈਂ ਮੀਆਂ ਮੀਰ ਜੀ ਦੇ ਹੱਥੋਂ ਰਖਵਾਈ। ਕਾਫ਼ੀ ਸਮੇਂ ਬਾਅਦ ਦੀਵਾਨ ਚੰਦੂ ਮੱਲ ਦੀਆਂ ਕੋਝੀਆਂ ਚਾਲਾਂ ਅਤੇ ਗੱਲਾਂ ਵਿੱਚ ਆ ਕੇ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰ ਲਿਆ ਅਤੇ ਲਾਹੌਰ ਵਿੱਚ ਗੁਰੂ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਤਵੀ ਹੇਠਾਂ ਅੱਗ ਬਾਲ ਕੇ ਤਪਦੀ ਤਵੀ ‘ਤੇ ਜੇਠ ਮਹੀਨੇ ਦੀ ਤਪਦੀ ਦੁਪਹਿਰ ਨੂੰ ਗੁਰੂ ਜੀ ਨੂੰ ਬਿਠਾਇਆ ਗਿਆ ਅਤੇ ਸਿਰ ਵਿੱਚ ਗਰਮ ਰੇਤ ਦੇ ਕੜਛੇ ਭਰ-ਭਰ ਕੇ ਪਾਏ ਗਏ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਾ ਤਾਂ ਆਪ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਆਪ ਤੁਰੰਤ ਸਤਿਗੁਰਾਂ ਕੋਲ ਆਏ ਅਤੇ ਤੱਤੀ ਤਵੀ ‘ਤੇ ਬੈਠ ਕੇ ਤਸੀਹੇ ਝੱਲਦੇ ਗੁਰੂ ਜੀ ਨੂੰ ਵੇਖ ਕੇ ਆਪ ਨੇ ਕਿਹਾ ਕਿ ਇੱਕ ਵਾਰੀ ਹੁਕਮ ਕਰ ਦਿਉ,ਮੈਂ ਦਿੱਲੀ ਦਰਬਾਰ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿੰਦਾ ਹਾਂ ਅਤੇ ਜ਼ਾਲਮ ਤੇ ਜ਼ੁਲਮ ਦਾ ਨਾਸ਼ ਕਰ ਦਿੰਦਾ ਹਾਂ। ਇਸ ‘ਤੇ ਸ਼ਾਂਤ ਚਿੱਤ ਗੁਰੂ ਜੀ ਨੇ ਸਾਈਂ ਜੀ ਨੂੰ ਸ਼ਾਤ ਹੋਣ ਲਈ ਕਿਹਾ ਅਤੇ ਉਪਦੇਸ਼ ਦਿੱਤਾ ਕਿ ਇਹ ਸਭ ਕੁੱਝ ਅਕਾਲ ਦੇ ਭਾਣੇ



ਅਨੁਸਾਰ ਹੀ ਹੋ ਰਿਹਾ ਹੈ। ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਨੇ ਇਸ ਤਰਾਂ ਲਿਖਿਆ ਹੈ:

**ਓ ਸਾਈਂ ਮੀਆਂ ਮੀਰ,ਤੂੰ ਮੇਰੇ ਦਿਲ ਦੀ ਬੁੱਝੀ ਨੀ,ਮੈਂ ਬੁੱਝਲੀ ਤੇਰੇ ਅੰਦਰ ਦੀ**
**ਓ ਧਰਨੀਆਂ ਸੀ ਦੋ ਨੀਹਾਂ,**
**ਇੱਕ ਸਿਦਕੀ ਇੱਕ ਹਰਿਮੰਦਰ ਦੀ**
**ਉਹ ਤੂੰ ਧਰੀ ਇਹ ਮੈਂ ਧਰਾਂ,**
**ਰਾਇ ਰਲਜੇ ਦੋਹਾਂ ਫ਼ਕੀਰਾਂ ਦੀ**
**ਵਿੱਥ ਅਸਾਂ ਵਿੱਚ ਕੋਈ ਨਹੀਂ ਐ,**
**ਐਵੇਂ ਦਿਖਦੀ ਐ ਵਿੱਥ ਸਰੀਰਾਂ ਦੀ।**

ਸਾਈਂ ਮੀਆਂ ਮੀਰ ਗੁਰੂ ਜੀ ਦਾ ਉਪਦੇਸ਼ ਸੁਣ ਕੇ ਵਾਪਸ ਆ ਗਏ ਅਤੇ ਉਪਦੇਸ਼ ਦੇ ਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਂਦੇ ਰਹੇ ਅਤੇ ਖ਼ੁਦਾਬੰਦ ਕਰੀਮ ਦੇ ਲੜ ਲਾਉਂਦੇ ਰਹੇ। ਪਚਾਸੀ ਸਾਲਾਂ ਦੀ ਆਯੂ ਭੋਗ ਕੇ ਇਸਲਾਮਿਕ ਕੈਲੰਡਰ ਮੁਤਾਬਕ 7ਵੀਂ ਰਬੀ ਉਲ ਅੱਵਲ 1045 ਜਾਂ 22 ਅਗਸਤ 1635 ਈਸਵੀ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਪਿੰਡ ਹਾਸਿਮਪੁਰ ਜੋ ਕਿ ਹੁਣ ਬਸਤੀ ਮੀਆਂ ਮੀਰ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਅੱਜ ਕੱਲ ਲਾਹੌਰ ਦਾ ਹੀ ਹਿੱਸਾ ਹੈ ਵਿਖੇ ਆਪ ਜੀ ਦੀ ਕਬਰ ਉੱਪਰ ਬਹੁਤ ਖ਼ੂਬਸੂਰਤ ਮਕਬਰਾ ਬਣਿਆ ਹੋਇਆ ਹੈ।

ਮੁਗਲ ਬਾਦਸ਼ਾਹ ਸ਼ਾਹ ਜਹਾਂ ਦਾ ਸਹਿਜ਼ਾਦਾ ਦਾਰਾ ਸ਼ਿਕੋਹ ਸਾਈਂ ਮੀਆਂ ਮੀਰ ਦਾ ਮੁਰੀਦ ਅਤੇ ਅਥਾਹ ਸ਼ਰਧਾਵਾਨ ਸੀ। ਉਸ ਨੇ ਸਾਈ ਜੀ ਦੀ ਕਬਰ ਉੱਪਰ ਇੱਕ ਬਹੁਤ ਹੀ ਖ਼ੂਬਸੂਰਤ ਮਕਬਰੇ ਦੀ ਉਸਾਰੀ ਕਰਵਾਈ ਅਤੇ ਇਸ ਉੱਤੇ ਲਾਉਣ ਲਈ ਸੁੰਦਰ ਲਾਲ ਪੱਥਰ ਦੀ ਖਰੀਦ ਕੀਤੀ ਪ੍ਰੰਤੂ ਉਸ ਦੇ ਭਰਾ ਔਰੰਗਜ਼ੇਬ ਨੇ ਉਸ ਦਾ ਕਤਲ ਕਰ ਦਿੱਤਾ ਅਤੇ ਰਾਜ ਭਾਗ ਸੰਭਾਲ ਲਿਆ। ਸਾਈਂ ਮੀਆਂ ਮੀਰ ਦੇ ਮਕਬਰੇ ‘ਤੇ ਲਾਉਣ ਲਈ ਮੰਗਵਾਇਆ ਗਿਆ ਲਾਲ ਪੱਥਰ ਲਾਹੌਰ ਵਿਖੇ ਹੀ ਸ਼ਾਹੀ ਕਿਲੇ ਦੇ ਸਾਹਮਣੇ ਬਣੀ ਬਾਦਸ਼ਾਹੀ ਮਸਜਿਦ ਉੱਪਰ ਲਗਵਾ ਦਿੱਤਾ ਗਿਆ। ਇਸ ਤਰਾਂ ਇਸ ਮਕਬਰੇ ਦੀ ਦਿੱਖ ਦਾਰਾ ਸ਼ਿਕੋਹ ਦੀ ਇੱਛਾ ਅਨੁਸਾਰ ਨਾ ਬਣ ਸਕੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਸ ਮਕਬਰੇ ਦੀ ਮੁਰੰਮਤ ਕਰਵਾਈ ਅਤੇ ਪੰਜ ਸੌ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਛੇ ਹਜ਼ਾਰ ਰੁਪਏ ਸਾਲਾਨਾ ਜਾਗੀਰ ਇਸ ਮਕਬਰੇ ਦੇ ਨਾਮ ਲਗਵਾ ਦਿੱਤੀ ਜੋ ਕਿ ਅੰਗਰੇਜ਼ਾਂ ਦਾ ਰਾਜ ਕਾਲ ਸ਼ੁਰੂ ਹੋਣ ਤੱਕ ਲੱਗੀ ਰਹੀ ਸੀ। ਅੱਜ ਵੀ ਹਰ ਸਾਲ ਇਸਲਾਮਿਕ ਕੈਲੰਡਰ ਮੁਤਾਬਕ 24ਵੀਂ ਸਫ਼ਰ ਉਰ ਮੁਰੱਜ਼ਬ ਨੂੰ ਮਕਬਰੇ ਦੇ ਅੰਦਰ ਸਾਈਂ ਮੀਆਂ ਮੀਰ ਦੀ ਕਬਰ ਨੂੰ ਗੁਲਾਬ ਦੇ ਅਰਕ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ 7ਵੀਂ ਰਬੀ ਉਲ ਅੱਵਲ ਨੂੰ ਸਾਲਾਨਾ ਉਰਸ ਹੁੰਦਾ ਹੈ ਜਿਸ ਵਿੱਚ ਸਮੁੱਚੇ ਪਾਕਿਸਤਾਨ ਵਿੱਚੋਂ ਹੀ ਨਹੀਂ ਬਲਕਿ ਸੰਸਾਰ ਭਰ ਤੋਂ ਮੁਸਲਮਾਨ ਭਾਈਚਾਰੇ ਤੋਂ ਇਲਾਵਾ ਹੋਰ ਬਹੁਤ ਸਾਰੇ ਧਰਮਾਂ ਦੇ ਲੋਕ ਸ਼ਰਧਾਲੂਆਂ ਦੇ ਰੂਪ ਵਿੱਚ ਸਾਈਂ ਜੀ ਦੀ ਕਬਰ ‘ਤੇ ਨਤਮਸਤਕ ਹੁੰਦੇ ਹਨ।

---

## ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਖਾਲਸਾ ਰਾਜ ਦਾ ਬਾਨੀ ਬਾਬਾ ਬੰਦਾ ਸਿੰਘ ਬਹਾਦਰ

**- ਪ੍ਰੋ. ਬਲਵਿੰਦਰਪਾਲ ਸਿੰਘ**

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 26 ਨਵੰਬਰ 1708 ਦੌਰਾਨ ਕਿਰਤੀਆਂ ਤੇ ਦੱਬੇ ਕੁਚਲਿਆਂ ਦਾ ਰਾਜ ਸਿਰਜਣ ਦੇ ਲਈ ਤੇ ਜ਼ਾਲਮ ਹਕੂਮਤ ਦਾ ਟਾਕਰਾ ਕਰਨ ਲਈ ਆਪਣੇ ਅੰਤਿਮ ਸਮੇ ਦੌਰਾਨ ਇਸ ਮਿਸ਼ਨ ਨੂੰ ਜਾਰੀ ਰਖਣ ਲਈ ਉਨਾਂ ਨੇ ਨੰਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਸਿੰਘ ਨੂੰ ਅੰਮ੍ਰਿਤ ਛਕਾ ਕੇ ਥਾਪੜਾ ਦੇ ਕੇ ਪੰਜ ਪਿਆਰਿਆਂ ਭਾਈ ਦਇਆ ਸਿੰਘ, ਭਾਈ ਵਿਨੋਦ ਸਿੰਘ, ਭਾਈ ਕਾਨ ਸਿੰਘ, ਭਾਈ ਰਣ ਸਿੰਘ, ਭਾਈ ਬਾਜ ਸਿੰਘ ਨਾਲ ਆਪਣੇ ਭਥੈ ਵਿਚੋਂ ਪੰਜ ਤੀਰ, ਨਗਾਰਾ, ਨਿਸ਼ਾਨ ਸਾਹਿਬ, ਸਿਖਾਂ ਲਈ ਹੁਕਨਾਮੇ, ਤੇ 20 ਕੁ ਹੋਰ ਸਿੰਘ ਨਾਲ ਦੇ ਕੇ ਪੰਜਾਬ ਵਲ ਨੂੰ ਤੋਰ ਦਿੱਤਾ। ਰਾਹ ਵਿਚ ਬੰਦਾ ਸਿੰਘ ਜਿਥੇ ਕਿਤੇ ਜਬਰ ਜੁਲਮ, ਬੇਇਨਸਾਫੀ ਹੁੰਦੀ ਦੇਖਦਾ ਓਹ ਉਸਦਾ ਡਟ ਕੇ ਵਿਰੋਧ ਕਰਦਾ ਸਭ ਤੋ ਪਹਿਲਾਂ ਓਹ ਬਾਂਗਰ ਦੇ ਇਲਾਕੇ ਵਿਚ ਪਹੁੰਚਿਆ ਜਿਥੇ ਉਨਾਂ ਦਾ ਡੇਰਾ ਸੀ। ਉਥੇ ਧਾੜਵੀਆਂ ਦਾ ਇਕ ਗਰੋਹ ਚੜੀ ਆ ਰਿਹਾ ਸੀ ਲੋਕ ਡਰਦੇ ਮਾਰੇ ਪਿੰਡ ਖਾਲੀ ਕਰਕੇ ਜੰਗਲਾਂ ਵਲ ਭਜੇ ਜਾ ਰਹੇ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਿੰਘਾਂ ਨੂੰ ਲੈ ਕੇ ਅਗੇ ਹੋਕੇ ਟਾਕਰੇ ਲਈ ਤੁਰ ਪਿਆ। ਇਤਨਾ ਸਖਤ ਹਮਲਾ ਕੀਤਾ ਕਿ ਡਕੈਤ ਆਪਣਾ ਵੀ ਲੁਟਿਆ ਹੋਇਆ ਮਾਲ ਛਡ ਕੇ ਫਰਾਰ ਹੋ ਗਏ। ਗਰੀਬ ਲੋਕਾਂ ਦਾ ਲੁਟਿਆ ਮਾਲ ਵਾਪਸ ਕਰਵਾਇਆ ਤੇ ਅਗੋਂ ਵਾਸਤੇ ਰਾਖੀ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਬਾਬਾ ਬੰਦਾ ਸਿੰਘ ਦਾ ਹੋਂਸਲਾ ਦੇਖ ਕੇ ਪਿੰਡ ਦੇ ਗਿਦੜ ਵੀ ਸ਼ੇਰ ਬਣ ਗਏ ਤੇ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ।

ਬਾਬਾ ਬੰਦਾ ਸਿੰਘ ਨੇ ਦੁਖੀ ਤੇ ਨਿਤਾਣੀ ਜਨਤਾ, ਜੋ ਜੁਲਮਾਂ ਤੇ ਲੁੱਟ, ਖਸੁਟ ਦਾ ਸ਼ਿਕਾਰ ਹੋ ਰਹੀ ਸੀ ਰਖਿਆ ਦਾ ਜਿੰਮਾ ਆਪਣੇ ਸਿਰ ਲਿਆ ਤੇ ਐਲਾਨ ਕਰਵਾ ਦਿਤਾ ਕਿ ਕੋਈ ਵੀ ਸਰਕਾਰੀ ਮਾਮਲਾ ਨਾ ਦੇਵੇ। ਅੱਜ ਤੋ ਬਾਅਦ ਉਨਾਂ ਦੇ ਧਨ-ਸੰਪਤੀ, ਜਾਨ -ਮਾਲ ਦੀ ਰਖਿਆ ਦਾ ਜਿਮਾ ਅਸੀਂ ਲਵਾਂਗੇ ਜਿਸਦੇ ਬਦਲੇ ਉਨਾਂ ਨੂੰ ਕੁਝ ਨਹੀਂ ਚਾਹੀਦਾ ਸਿਰਫ ਫੌਜੀਆਂ ਲਈ ਖਾਣ ਪੀਣ ਦੀਆਂ ਵਸਤੂਆਂ ਜਿਵੇ ਦੁਧ, ਦਹੀ, ਘਿਓ ਬਸ। ਲੋਕਾਂ ਨੂੰ ਵੀ ਸਿੰਘ ਸਜਣ ਦਾ ਨਿਓਤਾ ਦਿੱਤਾ। ਇਹ ਗਲ ਪਿੰਡ ਦੇ ਚੋਧਰੀਆਂ ਨੂੰ ਕਿਵੇਂ ਭਾਅ ਸਕਦੀ ਹੈ। ਉਨਾਂ ਨੇ ਸਰਕਾਰੀ ਅਫ਼ਸਰਾਂ ਪਾਸ ਜਾ ਸ਼ਿਕਾਇਤ ਕੀਤੀ।

ਜਦੋਂ ਪੰਜਾਬ ਵਿਚ ਹੋ ਰਹੀਆਂ ਗਤੀਵਿਧੀਆਂ ਦਾ ਪਤਾ ਮੁਗਲ ਸੂਹੀਆਂ ਨੂੰ ਲਗਾ ਤਾਂ ਸਾਰੇ ਪਾਸੇ ਮੁਗਲ ਫੌਜ ਦੀਆਂ ਸਰਗਰਮੀਆਂ ਵਧਾ ਦਿੱਤੀਆਂ। ਇਸ ਦੋਰਾਨ ਬੰਦਾ ਸਿੰਘ ਪਰਖੋਂਡੇ ਦੇ ਪਰਗਨੇ ਜਾ ਪੁਜਾ। ਸਿਹਿਰੀ ਅਤੇ ਖੰਡਾ ਪਿੰਡਾਂ ਲਾਗੇ ਜਾ ਟਿਕਾਣਾ ਕੀਤਾ। ਇਥੋਂ ਹੀ ਗੁਰੂ ਸਾਹਿਬ ਦੇ ਹੁਕਮਨਾਮੇ ਮਾਲਵੇ -ਮਾਝੇ -ਦੋਆਬੇ ਦੀਆਂ ਸਿਖ ਸੰਗਤਾਂ ਨੂੰ ਭੇਜੇ।

ਜਿਵੇਂ ਜਿਵੇਂ ਸਿੱਖਾਂ ਨੂੰ ਪਤਾ ਲਗਦਾ ਗਿਆ, ਉਹ ਆਪਣੀਆਂ ਜਮੀਨਾ, ਧਨ, ਮਾਲ ਡੰਗਰ ਵੇਚ ਕੇ ਹਥਿਆਰ ਖਰੀਦੇ ਤੇ ਜਿਨਾਂ ਕੋਲ ਕੁਝ ਨਹੀਂ ਸੀ ਆਪਣੇ ਚਾਕੂ, ਛੁਰੀਆਂ ਤੇ ਤਲਵਾਰਾਂ ਦਾ ਜੰਗ ਉਤਾਰ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਨਾਲ ਆ ਜੁੜੇ। ਹੈਰਾਨੀ ਦੀ ਗਲ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਨੰਦੇੜ ਤੋ ਚਲਿਆ ਸੀ ਉਸ ਕੋਲ ਸਿਰਫ 25 ਸਿੱਖ ਸਨ। ਪੰਜਾਬ ਵਲ ਵਧਦਿਆਂ ਵਧਦਿਆਂ ਉਸਦੀ ਫੌਜ ਦੀ ਗਿਣਤੀ 25 ਸਿਖਾਂ ਤੋਂ 40000 ਤੱਕ ਪੁਜ ਗਈ। ਸਭ ਤੋ ਪਹਿਲੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਹਰੀ, ਸੋਨੀਪਤ, ਕੈਥਲ ਤੇ ਕਬਜਾ ਕੀਤਾ। ਕੈਥਲ ਦੇ ਆਮਿਲ ਨੂੰ ਈਨ ਮੰਨਵਾਕੇ ਉਸ ਪਾਸੋਂ ਅਸਲਾ ਘੋੜੇ ਤੇ ਬਹੁਤ ਮਾਲ ਹਥਿਆ ਲਿਆ। ਕੈਥਲ ਵਿਖੇ ਸ਼ਾਹੀ ਖਜਾਨਾ ਜੋ ਦਿੱਲੀ ਲਿਜਾਇਆ ਜਾ ਰਿਹਾ ਸੀ ਲੁੱਟ ਕੇ ਗਰੀਬਾਂ ਤੇ ਲੋੜਵੰਦਾਂ ਵਿਚ ਵੰਡ ਦਿੱਤਾ। ਇਥੇ ਖਬਰ ਮਿਲੀ ਕਿ ਮੁਗਲਾਂ ਵਲੋਂ ਭੇਜੇ ਦੋ ਪਠਾਣਾਂ ਨੇ ਗੁਰੂ ਸਾਹਿਬ ਤੇ ਵਾਰ ਕਰ ਦਿੱਤਾ।

ਬਾਬਾ ਬੰਦਾ ਸਿੰਘ ਦਾ ਮੁਖ ਮਕਸਦ ਸਰਹੰਦ ਦੇ ਵਜੀਰ ਮਾਰਨਾ ਸੀ ਪਰ ਕਿਉਂਕਿ ਸਰਹੰਦ ਇਕ ਤਾਕਤਵਰ ਸੂਬਾ ਸੀ ਅਤੇ ਉਸ ਦੀ ਆਪਣੀ ਫੌਜ਼ ਵੀ ਕਾਫੀ ਸੀ ਤੇ ਲੋੜ ਪੈਣ ਤੇ ਓਹ ਆਸ ਪਾਸ ਤੋਂ ਮਦਦ ਵੀ ਲੈ ਸਕਦਾ ਸੀ। ਸੋ ਬਾਬਾ ਬੰਦਾ ਸਿੰਘ ਬਹਾਦਰ ਨੇ ਸੋਚਿਆ ਕਿ ਸਭ ਤੋਂ ਪਹਿਲਾਂ ਆਸ ਪਾਸ ਦੇ ਇਲਾਕਿਆਂ ’ਤੇ ਕਬਜ਼ਾ ਕਰ ਲਿਆ ਜਾਵੇ। ਇਸ ਲਈ ਸਭ ਤੋ ਪਹਿਲਾਂ ਉਹ ਸਮਾਣੇ ਪਹੁੰਚਿਆ ਜਿਥੇ ਗੁਰੂ ਤੇਗ ਬਹਾਦਰ ਨੂੰ ਕਤਲ ਕਰਨ ਵਾਲਾ ਸਯਦ ਜਲਾਲ-ਉ-ਦਿਨ ਤੇ ਛੋਟੇ ਸਾਹਿਬਜਾਦਿਆਂ ਦੇ ਕਾਤਲ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਰਹਿੰਦੇ ਸੀ। ਇਹ ਮੁਗਲ ਰਾਜ ਦੇ ਧਾਰਮਿਕ ਤੇ ਰਾਜਨੀਤਕ ਸ਼ਕਤੀ ਦਾ ਕੇਂਦਰ ਜੋ ਕੀ ਸਈਅਦਾਂ ਤਾ ਤਕੜਾ ਗੜ ਸੀ। ਇਥੇ 22 ਸਈਅਦ ਪਰਿਵਾਰ ਰਹਿੰਦੇ ਸੀ ਹਰ ਇਕ ਕੋਲ ਆਪਣੀ ਆਪਣੀ ਫੌਜ ਸੀ ਜਿਸ ਨੂੰ ਜਿਤਣਾ ਇਤਨਾ ਅਸਾਨ ਨਹੀ ਸੀ। ਇਥੇ ਘਮਸਾਨ ਦਾ ਯੁਧ ਹੋਇਆ, ਹਜਾਰਾਂ ਮੁਗਲ ਫੌਜੀ ਸਿੰਘਾਂ ਦੀਆਂ ਤਲਵਾਰਾਂ ਦੇ ਭੇਟ ਚੜੇ ਤੇ 24 ਘੰਟੇ ਦੇ ਅੰਦਰ ਅੰਦਰ ਸਮਾਣੇ ਉੱਪਰ ਕਬਜਾ ਕਰ ਲਿਆ। ਤਿੰਨਾਂ ਜਲਾਦਾਂ ਨੂੰ ਆਪਣੀ ਕਰਨੀ ਦੀ ਸਜਾ ਦੇ ਕੇ ਕਤਲ ਕਰ ਦਿੱਤਾ। ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਥਾਪ ਦਿੱਤਾ।

ਇਨਾ ਸਾਰੀਆਂ ਜਿਤਾਂ ਦੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਗਈ। ਬਹੁਤ ਲੋਕ ਜੋ ਮੁਗਲ ਹਕੂਮਤ ਤੋਂ ਦੁਖੀ ਸਨ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਇਸ ਤੋਂ ਅਗੇ ਘੜਾਮ, ਠਸਕਾ, ਸ਼ਾਹਬਾਦ (ਮਾਰਕੰਡਾ)-ਮੁਸਤਫਾਬਾਦ ਤੇ ਖਾਲਸੇ ਦਾ ਨਿਸ਼ਾਨ ਸਾਹਿਬ ਝੁਲਾ ਦਿੱਤਾ। ਖੜਾਮ ਜੋ ਸਈਦ ਪਠਾਣਾ ਦਾ ਗੜ ਸੀ ਮਲਬੇ ਦੇ ਢੇਰ ਵਿਚ ਬਦਲ ਕੇ ਰਖ ਦਿੱਤਾ। ਮੁਸਤਫਾਬਾਦ ਦੀ ਲੜਾਈ ਵਿਚ ਦੋ ਤੋਪਾਂ ਸਿਖਾਂ ਦੇ ਹਥ ਆਈਆਂ।

ਇਸ ਤੋਂ ਬਾਅਦ ਕਪੂਰੀ ਕਸਬੇ ਵਲ ਵਧੇ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਇਥੇ ਪਹੁੰਚਿਆ ਤਾਂ ਕਪੂਰੀ ਕਸਬੇ ਦੇ ਰਹਿਣ ਵਾਲੇ ਹਿੰਦੂ ਬ੍ਰਾਹਮਣ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਏ ਤੇ ਆਪਣੀ ਧੀਆਂ ਭੇਣਾ ਦੀ ਇਜ਼ਤ ਬਚਾਉਣ ਲਈ ਹਥ ਜੋੜ ਕੇ ਫ਼ਰਿਆਦ ਕਰਨ ਲਗੇ। ਇਥੋਂ ਦਾ ਹਾਕਮ ਕਦੂਮੁਦੀਨ ਬੜਾ ਜ਼ਾਲਮ ਸੀ ਉਸਦਾ ਐਲਾਨੀ ਹੁਕਮ ਸੀ ਕਿ ਹਿੰਦੂ ਦੀ ਬਚੀ ਜਦੋਂ ਜਵਾਨ ਹੋਏ ਤਾ ਸਭ ਤੇ ਪਹਿਲਾਂ ਉਸਦੇ ਮਹਿਲ ਵਿਚ ਭੇਜੀ ਜਾਏ। ਨਵੀਂ ਵਿਆਹੀ ਵਹੁਟੀ ਡੋਲੇ ਵਿਚੋਂ ਕਢ ਕੇ ਸਭ ਤੋਂ ਪਹਿਲਾਂ ਉਸ ਦੀ ਭੇਟ ਚੜਦੀ। ਬਾਬਾ ਬੰਦਾ ਸਿੰਘ ਨੇ ਸਿਖਾਂ ਨੂੰ ਹੁਕਮ ਕੀਤਾ ਕਿ ਕਪੂਰੀ ਦੇ ਹਾਕਮ ਦਾ ਫੈਸਲਾ ਮੁਕਾ ਲਈਏ।

ਬਾਕੀ ਸਫ਼ਾ 32 ’ਤੇ

### ਵਾਰ ਬਾਬਾ ਬੰਦਾ ਸਿੰਘ ਬਹਾਦਰ ਦੀ

ਬੰਦਾ ਸਿੰਘ ਬਹਾਦਰ ਚੜਿਆ ਵਾਂਗ ਹਨੇਰੀ ਦੇ
ਤੁਰ ਪਏ ਵਿੱਚ ਗੁੱਸੇ ਦੇ ਲਾ ਕੇ ਚੋਟ ਨਗਾਰੇ
ਸਿਦਕੀ ਸਿੰਘ ਸੂਰਮੇ ਸਤਿਗੁਰ ਬਾਜਾਂ ਵਾਲੇ ਦੇ
ਲੈ ਕੇ ਓਟ ਗੁਰਾਂ ਦੀ ਛੱਡ ਦੇ ਜਾਣ ਜੈਕਾਰੇ
ਲਸ਼ਕਰ ਭਾਰੀ ਵਿਚ ਨਿਸ਼ਾਨ ਝੂਲਦੇ ਜਾਂਦੇ ਨੇ
ਪੈਂਦੇ ਬਿਜਲੀ ਵਾਂਗੂ ਤੇਗਾਂ ਦੇ ਲਿਸ਼ਕਾਰੇ
ਪੈ ਗਿਆ ਕਹਿਰ ਬੰਦੇ ਦਾ ਸਾਰੇ ਵਿੱਚ ਪੰਜਾਬ ਦੇ
ਸੁਣ ਕੇ ਨਾਓ ਬੰਦੇ ਦਾ ਜ਼ਾਲਮ ਕੰਬਦੇ ਸਾਰੇ
ਕਹਿੰਦੇ ਖਾਨ ਵਜੀਦਾ ਹੱਥੀਂ ਫੜਕੇ ਮਾਰਨਾ
ਨੀਹਾਂ ਵਿੱਚ ਚਿਣਾ ਤੇ ਜੀਹਨੇ ਸਤਿਗੁਰ ਦੇ ਦੁਲਾਰੇ
ਸੁੱਚਾ ਨੰਦ ਜ਼ਾਲਮ ਨੂੰ ਬੁਰੀ ਮੌਤ ਨਾਲ ਮਾਰਾਂ ਗੇ
ਲੋਕਾਂ ਉਤੇ ਜਿੰਨੇ ਪਾਪ ਕਰੇ ਨੇ ਭਾਰੇ
ਦਿਲ ‘ਚ ਘਰੋੜ ਚਿਰਾਂ ਦੀ ਖ਼ੂਨ ਉਬਾਲੇ ਖਾਂਦਾ ਹੈ
ਮਰਨਾ ਹੱਕ ਤੇ ਚੰਗਾ ਜੰਮਣਾ ਨਹੀਂ ਦੁਬਾਰੇ
ਆਪਾਂ ਹੁਣ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣੀ ਹੈ
ਢਾਹ ਕੇ ਪੱਧਰ ਕਰਨੇ ਸਾਰੇ ਮਹਿਲ ਮੁਨਾਰੇ
ਆਉਂਦਾ ਦਲ ਸਿੰਘਾਂ ਦਾ ਖਾਨ ਵਜ਼ੀਦਾ ਸੋਚ ਦਾ
ਅੜਗੀ ਜਾਨ ਕੱੜਿਕੀ ਫੌਜਾਂ ਨੂੰ ਲਲਕਾਰੇ
ਖਾਨ ਵਜ਼ੀਦਾ ਫਲ ਪਾਉ ਹੁਣ ਕਰਨੀ ਦਾ
‘ਮੂੰਗੋ ਵਾਲਾ’ ਗੱਲਾਂ ਸੱਚੀਆਂ ਉਚਾਰੇ।

**- ਸ਼ਫ਼ੀ ਮੁਹੰਮਦ**

# ਹਮ ਹਿੰਦੂ ਨਹੀਂ ਹੈਂ ਦਾ ਸਿੱਖ ਬਿਰਤਾਂਤ ਬਦਲਣ ਦੀ ਲੋੜ



**- ਗੁਰਬਚਨ ਸਿੰਘ**

ਸਿੱਖਾਂ ਦੀ ਮੌਜੂਦਾ ਸਮਾਜੀ-ਰਾਜਸੀ ਮੰਦੀ ਹਾਲਤ ਦਾ ਇਕ ਕਾਰਨ ਸਿੰਘ ਸਭਾ ਲਹਿਰ ਵੇਲੇ ਸਿੱਖੀ ਦੀ ਵਿਆਖਿਆ ਕਰਦਿਆਂ 'ਹਮ ਹਿੰਦੂ ਨਹੀਂ' ਦਾ ਬਣਿਆ ਬਿਰਤਾਂਤ (ਨੈਰੇਟਿਵ) ਹੈ। ਭਾਈ ਕਾਨ ਸਿੰਘ ਨਾਭਾ ਦੀ ਇਸੇ ਨਾਂ ਦੀ ਲਿਖਤ ਅਜੇ ਤਕ ਸੂਝਵਾਨ ਸਿੱਖ ਮਨਾਂ ਵਿਚ ਆਪਣੀ ਅਹਿਮ ਥਾਂ ਬਣਾਈ ਬੈਠੀ ਹੈ। ਕਿਹਾ ਜਾ ਸਕਦਾ ਹੈ ਤੇ ਇਹ ਕਿਹਾ ਜਾਣਾ ਠੀਕ ਵੀ ਹੈ ਕਿ ਭਾਈ ਕਾਨ ਸਿੰਘ ਨਾਭਾ ਨੇ ਇਸ ਲਿਖਤ ਦਾ ਨਾਂ ਕਿਸੇ ਹੋਰ ਪ੍ਰਸੰਗ ਵਿਚ ਰਖਿਆ ਸੀ,ਪਰ ਅਜੋਕੇ ਪ੍ਰਸੰਗ ਵਿਚ ਇਸ ਧਾਰਨਾ ਨੇ ਪੰਜਾਬ ਵਿਚ ਇਕ ਅਜਿਹਾ ਸਮਾਜੀ ਤੇ ਰਾਜਸੀ ਮਾਹੌਲ ਸਿਰਜਿਆ ਹੈ, ਜਿਸ ਨੇ ਦੋ ਪੰਜਾਬੀ ਫਿਰਕਿਆਂ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜਾ ਕਰ ਦਿਤਾ ਹੈ ਅਤੇ ਤੀਜੇ ਭਾਈਚਾਰੇ ਦੀ ਹੋਂਦ ਨੂੰ ਗ੍ਰਹਿਣ ਲਾ ਦਿੱਤਾ ਹੈ। ਜੂਨ 1984 'ਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਪਿਛੋਂ ਇਹ ਬਿਰਤਾਂਤ ਹੋਰ ਵੀ ਚਰਚਾ ਦਾ ਵਿਸ਼ਾ ਬਣਿਆ ਹੈ। ਇੰਦਰਾ ਗਾਂਧੀ ਦੀ ਸਿੱਖ ਵਿਰੋਧੀ ਹਿੰਦੂ 'ਰਾਸ਼ਟਰਵਾਦੀ' ਰਾਜਨੀਤੀ ਨੇ ਇਸ ਧਾਰਨਾ ਨੂੰ ਸਿੱਖ ਮਨਾਂ ਵਿਚ ਹੋਰ ਵੀ ਦ੍ਰਿੜ ਕੀਤਾ ਹੈ। ਨਰਿੰਦਰ ਮੋਦੀ ਦੇ ਹਿੰਦੂ 'ਰਾਸ਼ਟਰਵਾਦ' ਨੇ ਸਿੱਖ ਮਨਾਂ ਵਿਚ ਬਣੇ ਇਸ ਬਿਰਤਾਂਤ ਦੀ ਪੁਸ਼ਟੀ ਕਰ ਦਿੱਤੀ ਹੈ।

ਦਰਅਸਲ ਇਹ ਸਿੱਖੀ ਦੀ ਵਿਆਖਿਆ ਦਾ ਨਕਾਰੀ ਬਿਰਤਾਂਤ ਹੈ। ਅਜੋਕੀਆਂ ਸਮਾਜੀ ਤੇ ਰਾਜਸੀ ਹਾਲਤਾਂ ਵਿਚ ਇਸ ਬਿਰਤਾਂਤ ਨੂੰ ਬਦਲਣ ਦੀ ਲੋੜ ਹੈ। ਸਿੱਖੀ ਕਿਸੇ ਵੀ ਭਾਈਚਾਰੇ ਜਾਂ ਧਰਮ ਦਾ ਵਿਰੋਧ ਜਾਂ ਨਿਖੇਧ ਕਰਨ ਲਈ ਹੋਂਦ ਵਿਚ ਨਹੀਂ ਆਈ। ਸਿੱਖੀ ਇਕ ਪੂਰਨ ਜੀਵਨ ਜੁਗਤ ਹੈ, ਜਿਸ ਦਾ ਤਤ ਹੈ-ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਜੀਵਨ ਜੁਗਤ ਦੀ ਆਧਾਰਸ਼ਿਲਾ ਗੁਰਮਤਿ ਵਿਚ ਦਰਜ ਫਿਲਾਸਫੀ ਦੇ ਗਿਆਨ ਨੇ ਰੱਖੀ ਹੈ। ਗੁਰਮਤਿ ਫਿਲਾਸਫੀ ਦਾ ਇਹ ਆਤਮਕ ਗਿਆਨ ਆਪਣੇ ਤੋਂ ਪਹਿਲੀ ਸਾਰੀ ਮਨੁਖੀ ਸਿਆਣਪ ਨੂੰ ਆਪਣੇ ਵਿਚ ਆਤਮਸਾਤ ਕਰਕੇ ਹੋਂਦ ਵਿਚ ਆਇਆ ਹੈ। ਇਸ ਆਤਮਕ ਗਿਆਨ ਵਿਚ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਦਾ ਗਿਆਨ ਸ਼ਾਮਿਲ ਹੈ। ਇਸ ਆਤਮਕ ਗਿਆਨ ਨੂੰ ਨਕਾਰ ਕੇ ਇਸ ਤੋਂ ਪਹਿਲੀ ਕਿਸੇ ਵੀ ਫਿਲਾਸਫੀ ਦੀ ਅਜੋਕੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਸਿੱਖ ਹਿੰਦੂ ਨਹੀਂ ਜਾਂ ਸਿੱਖ ਮੁਸਲਮਾਨ ਨਹੀਂ ਤਾਂ ਅਸੀਂ ਨਾ ਸਿਰਫ ਗੁਰਮਤਿ ਨੂੰ ਛੁਟਿਆ ਰਹੇ ਹੁੰਦੇ ਹਾਂ, ਸਗੋਂ ਅਸੀਂ ਮਨੁੱਖ ਜਾਤੀ ਨੂੰ ਗੁਰਮਤਿ ਨੇ ਜੋ ਨਵਾਂ ਆਤਮਕ ਗਿਆਨ ਦਿੱਤਾ ਹੈ, ਉਸ ਨੂੰ ਵੀ ਅਣਗੌਲਿਆ ਕਰ ਰਹੇ ਹੁੰਦੇ ਹਾਂ। ਇਸ ਆਤਮਕ ਗਿਆਨ ਨੂੰ ਅਣਗੌਲਿਆ ਕਰਕੇ ਕੋਈ ਵੀ ਨਵਾਂ ਮਨੁੱਖੀ ਸਮਾਜ ਨਹੀਂ ਸਿਰਜਿਆ ਜਾ ਸਕਦਾ।

'ਹਮ ਹਿੰਦੂ ਨਹੀਂ ਹੈਂ' ਲਿਖਤ ਦਾ ਪਿਛੋਕੜ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਆਰੀਆ ਸਮਾਜ ਦੇ ਇਕ ਸਿੱਖ ਮੈਂਬਰ ਜਗਤ ਸਿੰਘ ਨੇ ਆਪਣੇ ਰਿਸਾਲੇ 'ਰਿਸਾਲਾ ਸਤ ਪ੍ਰਕਾਸ਼' ਵਿਚ ਇਕ ਲਿਖਤ ਛਾਪ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਆਰੀਆ ਸਮਾਜ ਲਹਿਰ ਦਾ ਇਕ ਪੁਰਾਤਨ ਰੂਪ ਹੈ। ਆਰੀਆ ਸਮਾਜੀ ਬਾਵਾ ਨਾਰਾਇਣ ਸਿੰਘ ਤੇ ਲਾਲਾ ਠਾਕਰ ਦਾਸ ਨੇ 'ਸਿੱਖ ਹਿੰਦੂ ਹੈਂ' ਲਿਖ ਕੇ ਜਗਤ ਸਿੰਘ ਦੇ ਇਸ ਕਥਨ ਦੀ ਹਾਮੀ ਭਰੀ। ਇਸ ਲਿਖਤ ਦੇ ਜੁਆਬ ਵਿਚ ਹੀ ਭਾਈ ਕਾਨ ਸਿੰਘ ਨਾਭਾ ਨੇ ਆਪਣੀ ਲਿਖਤ 'ਹਮ ਹਿੰਦੂ ਨਹੀਂ ਹੈਂ' ਲਿਖੀ ਸੀ। ਇਹ ਲਿਖਤ ਉਸ ਖਾਸ ਮੌਕੇ ਦੀ ਦੇਣ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਆਪੋ ਆਪਣੀ ਗਿਣਤੀ ਵਧਾਉਣ ਦੀ ਦੌੜ ਲੱਗੀ ਹੋਈ ਸੀ।

ਪੰਜਾਬ ਵਿਚ ਅੰਗਰੇਜ਼ ਸਾਮਰਾਜੀਆਂ ਦੇ ਆਉਣ ਨਾਲ ਪੱਛਮੀ ਜਮਹੂਰੀਅਤ ਦਾ ਸੰਕਲਪ ਲੋਕ ਮਨਾਂ ਵਿਚ ਆਪਣੀਆਂ ਜੜਾਂ ਜਮਾਉਣ ਲੱਗਾ ਸੀ ਤੇ ਜਿਸ ਦੇ ਲਾਜਮੀ ਸਿੱਟੇ ਵਜੋਂ ਗੁਣਾਂ ਦੀ ਥਾਂ ਸਿਰਾਂ ਦੀ ਗਿਣਤੀ ਦੀ ਅਹਿਮੀਅਤ ਜੋਰ ਫੜ ਰਹੀ ਸੀ। ਇਸ ਬਹੁਗਿਣਤੀ-ਘਟਗਿਣਤੀ ਦੀ 'ਜਮਹੂਰੀ' ਸੋਚ ਨੇ ਆਪੋ ਆਪਣੀ ਗਿਣਤੀ ਵਧਾਉਣ ਦੇ ਮੁਕਾਬਲੇ ਨੂੰ ਹੋਰ ਤੇਜ ਕੀਤਾ। ਇਸ ਮੁਕਾਬਲੇ ਨੇ ਪੰਜਾਬ ਅੰਦਰਲੇ ਤਿੰਨਾਂ ਭਾਈਚਾਰਿਆਂ ਦੇ ਮਨਾਂ ਵਿਚ ਵੱਡੀ ਉਥਲ-ਪੁਥਲ ਮਚਾਈ।

ਇਸ ਉਥਲ-ਪੁਥਲ ਦੀ ਜਾਣਕਾਰੀ ਸਾਨੂੰ ਕੇਂਥ ਡਬਲਿਊ ਜੋਨਸ ਨੇ ਦਿੱਤੀ ਹੈ। ਲਿਖਤ 'ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ' ਵਿਚ ਉਸ ਨੇ ਲਿਖਿਆ ਹੈ, ਉਸ ਦੌਰ ਦੇ ਪੰਜਾਬ ਦਾ ਇਤਿਹਾਸ ਦੋ ਘੱਟਗਿਣਤੀ ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਵਿਚਾਲੇ ਧਾਰਮਿਕ ਮੁਕਾਬਲੇ ਦੀ ਬੜੀ ਨਾਟਕੀ ਪੇਸ਼ਕਾਰੀ ਕਰਦਾ ਸੀ, ਜਿਸ ਦਾ ਬਹੁਤਾ ਸਬੰਧ ਤਾਕਤ ਤੇ ਦਾਬੇ ਨਾਲੋਂ ਵੱਧ ਆਪੋ ਆਪਣੀ ਧਾਰਮਿਕ ਪਛਾਣ ਦੀ ਭਾਵਨਾ ਨਾਲ ਜੁੜਿਆ ਹੋਇਆ ਸੀ। ਪੰਜਾਬੀ ਹਿੰਦੂਆਂ ਦੀ ਇਕ ਨਵੀਂ, ਆਧੁਨਿਕ ਤੇ ਸਤਿਕਾਰਤ ਧਾਰਮਿਕ ਪਰੰਪਰਾ ਸਿਰਜਣ ਦੇ ਯਤਨਾਂ ਨੇ, ਉਨਾਂ ਦੇ ਆਪਣੇ ਭਾਈਚਾਰੇ ਤਕ ਸੀਮਤ ਨਾ ਰਹਿ ਕੇ ਪੰਜਾਬ ਅੰਦਰਲੇ ਬਾਕੀ ਭਾਈਚਾਰਿਆਂ-ਮੁਸਲਮਾਨਾਂ ਤੇ ਸਿੱਖਾਂ ਨਾਲ ਉਨਾਂ ਦੇ ਰਿਸ਼ਤਿਆਂ ਨੂੰ ਵੀ ਬਦਲ ਦਿਤਾ।

ਇਕ ਅੰਗਰੇਜ਼ੀ ਪੜਿਆ ਲਿਖਿਆ ਸ੍ਰੇਸ਼ਠ ਹਿੰਦੂ ਵਰਗ ਹੋਂਦ ਵਿਚ ਆਇਆ। ਇਹ ਵਰਗ ਮੁੱਖ ਹਿੰਦੂ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੋਂ ਟੁੱਟਿਆ ਹੋਇਆ ਤੇ ਹਿੰਦੂ ਸਮਾਜ ਦੇ ਹਾਸ਼ੀਏ ਉਤੇ ਧੱਕਿਆ ਹੋਇਆ ਸੀ। ਇਸ ਵਰਗ ਨੇ ਪੁਰਾਣੇ ਸੰਸਾਰ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਤਰਾਂ ਕਰਦਿਆਂ ਨਵਾਂ ਵਿਚਾਰਧਾਰਕ ਸੋਚ ਪ੍ਰਬੰਧ ਸਿਰਜਿਆ, ਜਿਸ ਦਾ ਮੰਤਵ ਬੀਤੇ ਤੇ ਵਰਤਮਾਨ ਦੀ ਨਵੀਂ ਵਿਆਖਿਆ ਕਰਨਾ ਤੇ ਭਵਿਖ ਲਈ ਨਵਾਂ ਦ੍ਰਿਸ਼ਟੀਕੋਣ ਸਿਰਜਣਾ ਸੀ।

ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ, ਵਿਸਥਾਰ ਤੇ ਪ੍ਰਚਾਰ ਨੇ ਜਿਥੇ ਸਮੂਹਿਕ ਚੇਤਨਾ ਪੈਦਾ ਕੀਤੀ, ਉਥੇ ਇਸ ਵਰਗ ਵਿਚ ਆਪਣੇ ਨਿਵੇਕਲੇਪਣ ਦਾ ਅਹਿਸਾਸ ਵੀ ਪੈਦਾ ਕੀਤਾ ਅਤੇ ਇਨਾਂ ਨਵੇਂ ਵਿਸ਼ਵਾਸਾਂ ਨੂੰ ਮੰਨਣ ਤੇ ਨਾ ਮੰਨਣ ਵਾਲੇ ਵਰਗਾਂ ਵਿਚਾਲੇ ਇਕ ਦੂਰੀ ਪੈਦਾ ਕੀਤੀ। ਆਪਣੀ ਪਛਾਣ ਦੀ ਮੁੜ ਵਿਆਖਿਆ ਦੇ ਇਸ ਵਰਤਾਰੇ ਨੇ ਉਨੀਵੀਂ ਸਦੀ ਦੇ ਪਿਛਲੇ ਦਹਾਕਿਆਂ 'ਚ ਪੰਜਾਬ ਵਿਚ ਇਕ ਐਸੀ ਹਲਚਲ ਮਚਾਈ ਕਿ ਇਸ ਨਾਲ ਵਧੇ ਵਿਚਾਰਧਾਰਕ ਤੇ ਧਾਰਮਿਕ ਤਣਾਓ ਨੇ ਸਭ ਧਾਰਮਿਕ ਭਾਈਚਾਰਿਆਂ ਵਿਚ ਬਹਿਸਾਂ ਦਾ ਮਾਹੌਲ ਭਖਾ ਦਿੱਤਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪੋ ਆਪਣੇ ਸੰਕਲਪਾਂ ਨੂੰ ਸਾਹਮਣੇ ਲਿਆਉਣਾ ਅਰੰਭ ਦਿੱਤਾ, ਜਿਸ ਨੇ ਦੂਜੇ ਭਾਈਚਾਰਿਆਂ ਨਾਲ ਤੇ ਆਪਣੇ ਭਾਈਚਾਰੇ ਅੰਦਰਲੇ ਵਿਚਾਰਧਾਰਕ ਸੰਘਰਸ਼ ਨੂੰ ਹੋਰ ਤੇਜ ਕੀਤਾ। ਇਕ-ਦੂਜੇ ਨੂੰ ਸੁਆਲ-ਜੁਆਬ ਕਰਨ ਦੇ ਇਸ ਵਰਤਾਰੇ ਨੇ ਪੰਜਾਬੀ ਧਾਰਮਿਕ ਭਾਈਚਾਰਿਆਂ ਵਿਚਲੇ ਰਿਸ਼ਤੇ ਸਥਾਈ ਰੂਪ ਵਿਚ ਬਦਲ ਦਿਤੇ। ਇਸ ਤੋਂ ਵੀ ਵੱਧ ਬੁਨਿਆਦੀ ਤਬਦੀਲੀ ਇਹ ਵਾਪਰੀ ਕਿ ਇਸ ਨੇ ਬਹੁਤ ਸਾਰੇ ਸਮੂਹਾਂ ਅੰਦਰਲੇ ਆਪਣੇ ਧਾਰਮਿਕ ਸੰਕਲਪਾਂ ਨੂੰ ਵੀ ਬਦਲ ਦਿਤਾ।"

(ਹਵਾਲਾ: ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ, 1877-1905, ਕੇਂਥ ਡਬਲਿਊ ਜੋਨਸ, ਜਰਨਲ ਆਫ ਏਸ਼ੀਅਨ ਸਟੱਡੀਜ਼, ਜਿਲਦ 32, ਅੰਕ 3, ਮਈ 1973, ਸਫਾ 457)

ਅੰਗਰੇਜ਼ੀ ਪੜੇ-ਲਿਖੇ ਤੇ ਪੂੰਜੀਵਾਦੀ ਸਾਮਰਾਜੀ ਆਰਥਕ ਰਿਸ਼ਤਿਆਂ ਦੀ ਬਦੌਲਤ ਨਵੇਂ-ਨਵੇਂ ਅਮੀਰ ਬਣੇ ਇਸ ਸ੍ਰੇਸ਼ਠ ਹਿੰਦੂ ਵਰਗ ਰਾਹੀਂ ਪੰਜਾਬ 'ਚ ਪਹਿਲਾਂ ਬ੍ਰਹਮੋ ਸਮਾਜ ਤੇ ਫਿਰ ਆਰੀਆ ਸਮਾਜ ਦੀ ਆਮਦ ਹੋਈ। ਆਰੀਆ ਸਮਾਜ ਦੀ ਆਮਦ ਨੇ ਪੰਜਾਬ 'ਚ ਹਿੰਦੂ-ਸਿੱਖ ਤੁਫਰਕਾ ਪੈਦਾ ਕੀਤਾ, ਜਿਸ ਦਾ ਜ਼ਿਕਰ ਭਾਈ ਕਾਨ ਸਿੰਘ ਨਾਭਾ ਨੇ ਕੀਤਾ ਹੈ। ਇਸ ਲਿਖਤ ਵਿਚ ਹੀ ਦਰਜ ਹੈ, "ਪਯਾਰੇ ਭਾਈ! ਏਹ ਕਹਾਵਤ ਪ੍ਰਸਿਧ ਹੈ ਕਿ 'ਤਾੜੀ ਦੋਹਾਂ ਹਥਾਂ ਨਾਲ ਵਜਦੀ ਹੈ', ਸੋ ਜੋ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ ਕਰੇ ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ।ਔਰ ਅਸੀਂ ਏਹ ਭੀ ਚੰਗੀ ਤਰਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ ਸਗੋਂ ਪ੍ਰੇਮ ਹੈ, ਔਰ ਓਹ ਸਾਡੇ ਸਤਗੁਰਾਂ ਦੇ ਉਪਕਾਰਾਂ ਨੂੰ ਅਛੀ ਤਰਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨਾਂ ਦਾ ਭਲਾ ਚਾਹੁੰਦੇ ਹਾਂ। ਵਿਰੋਧ ਦਾ ਕਾਰਨ ਸਿਰਫ ਓਹ ਆਦਮੀ ਹਨ, ਜਿਨਾਂ ਨੂੰ ਖੁਦਗਰਜ਼ੀ ਰੂਪੀ ਰੋਗ ਲਗਿਆ ਹੋਯਾ ਹੈ। ਔਰ ਜੋ ਸਿੱਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨਾ ਚਾਹੁੰਦੇ ਹਨ।ਉਨਾਂ ਨੂੰ ਭਰੋਸਾ ਹੋ ਗਯਾ ਹੈ ਕਿ ਜੇ ਸਿੱਖ ਕੌਮ ਸਾਡੇ ਹਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿਸਾ ਮਾਰਿਆ ਜਾਊ। ਏਹੀ ਲੋਕ ਜਗਾ ਜਗਾ ਸ਼ੋਰ ਮਚਾ ਕੇ ਉਪਾਧੀ ਛੇੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨਾਂ ਨੂੰ ਸੁਮਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ ਔਰ ਬੇਗਾਨੇ ਹਕ ਨੂੰ ਹਰਾਮ ਜਾਣਨ, ਫੇਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ।"

"ਇਨਾਂ ਸਵਾਰਥੀ ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖਬਾਰਾਂ ਵਿਚ ਮਜ਼ਮੂਨ ਦੇ ਕੇ ਏਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ 'ਸਿੱਖ ਹਿੰਦੂ ਹਨ'। ਭਲਾ ਕੋਈ ਵਿਚਾਰਵਾਨ ਸੋਚੇ ਕਿ ਜੇ ਸਿੱਖ ਆਪਣੇ ਆਪ ਨੂੰ 'ਅਹਿੰਦੂ' ਕਹਿੰਦੇ ਹਨ ਤਾਂ ਕਿਸੇ ਦਾ ਵੀ ਕੀ ਵਿਗੜਦਾ ਹੈ? ਹਾਂ, ਜੇ ਸਿੱਖ ਹਿੰਦੂਆਂ ਨੂੰ ਆਖਣ ਕਿ ਤੁਸੀਂ ਹਿੰਦੂ ਨਹੀਂ ਤਾਂ ਬੇਸ਼ਕ ਝਗੜੇ ਦੀ ਗੱਲ ਹੈ। ਜੇ ਕੋਈ ਏਹ ਆਖੇ ਕਿ ਹਿੰਦੂ ਸਿੱਖਾਂ ਨਾਲ ਹਮਦਰਦੀ ਕਰਦੇ ਹਨ ਔਰ ਉਨਾਂ ਨੂੰ ਆਪਣੇ ਤੋਂ ਵਖਰਾ ਹੁੰਦਾ ਦੇਖ ਕੇ ਦੁਖ ਮੰਨਦੇ ਹਨ ਤਾਂ ਏਹ ਗੱਲ ਭੀ ਨਿਰੀ ਝੂਠ ਹੈ। ਕਯੋਂ ਕਿ ਚਾਰੇ ਪਾਸਿਆਂ ਤੋਂ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜੋ ਹਿੰਦੂਆਂ ਦੀ ਤਰਫੋਂ ਯਤਨ ਹੋ ਰਹਿਆ ਹੈ, ਸੋ ਕਿਸੇ ਤੋਂ ਗੁਝਾ ਨਹੀਂ। ਕੋਈ ਹਿੰਦੂ ਇਕ ਦ੍ਰਿਸ਼ਟਾਂਤ ਲਈ ਤਾਂ ਦਸੋ ਕਿ ਫਲਾਣੇ ਸਿੱਖ ਨੂੰ ਧਰਮ ਤੋਂ ਪਤਿਤ ਹੁੰਦੇ ਕਿਸੇ ਹਿੰਦੂ ਨੇ ਬਚਾਯਾ ਹੈ।"

"ਇਸ ਦੇ ਵਿਰੁਧ ਅਸੀਂ ਹਜ਼ਾਰਾਂ ਦ੍ਰਿਸ਼ਟਾਂਤ ਵਿਖਾ ਸਕਦੇ ਹਾਂ ਕਿ ਕਿਤਨਿਆਂ ਸਿੱਖਾਂ ਦੇ ਹਿੰਦੂਆਂ ਨੇ ਕੇਸ ਦੂਰ ਕੀਤੇ, ਕਈਆਂ ਨੂੰ ਹੁਕੇ ਦੀ ਧੂਪ ਦਿੱਤੀ, ਕਈਆਂ ਦੀ ਕ੍ਰਿਪਾਨ, ਕੱਛ ਉਤਰਵਾ ਕੇ ਸੰਕਲਪ ਕਰਵਾਏ, ਕਿਤਨਿਆਂ ਹੀ ਗੁਰਮੰਦਰਾਂ ਵਿਚ ਪੁਰਾਣੀਆਂ ਸਿੱਖ ਧਰਮ ਦੀਆਂ ਰੀਤਾਂ ਹਟਾ ਕੇ ਆਪਣੇ ਘੰਟਿਆਂ ਦੀ ਘਨਘੋਰ ਮਚਾ ਕੇ ਭੋਲੇ ਸਿੱਖਾਂ ਨੂੰ ਇੰਦ੍ਰ-ਜਾਲ ਨਾਲ ਮੋਹਿਤ ਕੀਤਾ, ਕਈ ਗੁਰਦੁਆਰਿਆਂ ਦੀਆਂ ਜਾਯਦਾਤਾਂ ਆਪਣੇ ਨਾਉਂ ਕਰਵਾ ਕੇ ਅੱਜ ਸਿੱਖੀ ਤੋਂ ਇਨਕਾਰੀ ਔਰ ਆਕੀ ਹੋਏ ਬੈਠੇ ਹਨ। ਐਹੋ ਜਿਹੇ ਆਪ ਨੂੰ ਕੀ ਕੀ ਪ੍ਰਸੰਗ ਸੁਣਾਈਏ, ਜੋ ਸਿੱਖ ਧਰਮ-ਦ੍ਰਿਸ਼ਟੀ ਵਿਚ ਇਨਾਂ ਮਹਾਂ-ਕੌਤਕੀਆਂ ਨੇ ਉਲਟ-ਪੁਲਟ ਕੀਤੀ ਹੈ। ਐਸੀ ਹਾਲਤ ਵਿਚ ਕੌਣ ਬੁਧੀਮਾਨ ਆਖ ਸਕਦਾ ਹੈ ਕਿ ਹਿੰਦੂਆਂ ਦੀ ਤਰਫੋਂ ਹਮਦਰਦੀ ਦੇ ਖਿਆਲ ਕਰਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ?

ਇਨਾਂ ਸਾਰੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਆਪਣੀ ਲਿਖਤ ਨਾਲ ਸਿੱਖ ਮਨਾਂ ਵਿਚ ਹਿੰਦੂਆਂ ਪ੍ਰਤੀ ਕੋਈ ਨਫਰਤ ਪੈਦਾ ਨਾ ਹੋਵੇ, ਇਸ ਬਾਰੇ ਸੁਚੇਤ ਕਰਦਿਆਂ ਭਾਈ ਕਾਨ ਸਿੰਘ ਨਾਭਾ ਨੇ ਇਸ ਲਿਖਤ ਦੇ ਦੂਜੇ ਐਡੀਸ਼ਨ ਵਿਚ ਸਿੱਖਾਂ ਨੂੰ ਅਪੀਲ ਕੀਤੀ, "ਪਯਾਰੇ ਪਾਠਕ ਜੀ! 'ਹਮ ਹਿੰਦੂ ਨਹੀਂ' ਪੁਸਤਕ ਪੜ ਕੇ ਆਪ ਨੂੰ ਕੇਵਲ ਇਹ ਜਾਣਨਾ ਯੋਗਯ ਹੈ ਕਿ ਸਿੱਖ ਧਰਮ, ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, ਔਰ ਸਿੱਖ ਕੌਮ ਹੋਰ ਕੌਮਾਂ ਦੀ ਤਰਾਂ ਇਕ ਜੁਦੀ ਕੌਮ ਹੈ, ਪਰ ਇਹ ਕਦੇ ਨਹੀਂ ਹੋਣਾ ਚਾਹੀਏ ਕਿ ਆਪ 'ਹਿੰਦੂ ਜਾਂ ਹੋਰ ਧਰਮੀਆਂ' ਨਾਲੋਂ ਵਿਰੋਧ ਕਰੋ ਔਰ ਉਨਾਂ ਦੇ ਧਰਮਾਂ ਉਪਰ ਕੁਤਰਕ ਕਰੋ ਅਥਵਾ ਦੇਸ਼-ਭਾਈਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ।"

ਇਸ ਸੁਹਿਰਦਤਾ ਦੇ ਬਾਵਜੂਦ ਆਰੀਆ ਸਮਾਜੀਆਂ ਨੇ ਸਿੱਖ ਗੁਰੂਆਂ ਪ੍ਰਤੀ ਮੰਦੀ ਸ਼ਬਦਾਵਲੀ ਵਰਤਣੀ ਤੇ ਕੇਸਾਧਾਰੀ ਸਿੱਖਾਂ ਨੂੰ ਹਿੰਦੂ ਬਣਾਉਣ ਦੇ ਯਤਨ ਜਾਰੀ ਰੱਖੇ। ਪ੍ਰਸਿਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਕਥਨ ਅਨੁਸਾਰ ਪੰਜਾਬ 'ਚ ਹਿੰਦੂ-ਸਿੱਖ ਤਣਾਓ ਦਾ ਅਰੰਭ ਆਰੀਆ ਸਮਾਜ ਦੇ ਆਉਣ ਨਾਲ ਹੋਇਆ। ਉਨਾਂ ਨੇ ਇਸ ਦੀ ਜਾਣਕਾਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਛਿਮਾਹੀ ਰਸਾਲੇ 'ਪੰਜਾਬ ਬੀਤਿਆ ਤੇ ਵਰਤਮਾਨ' ਦੇ ਅਕਤੂਬਰ 1977 ਦੇ ਅੰਕ ਵਿਚ ਦਿੱਤੀ ਹੈ। ਡਾ. ਗੰਡਾ ਸਿੰਘ ਦੀ ਇਸ ਲਿਖਤ ਅਨੁਸਾਰ ਪੰਜਾਬ 'ਚ "ਸਿੱਖ ਰਾਜ ਤੋਂ ਲੈ ਕੇ ਪਿਛਲੀ (19ਵੀਂ) ਸਦੀ ਦੇ ਅੱਧ ਤਕ ਹਿੰਦੂ ਸਿੱਖ ਤਣਾਓ ਨਾਂ ਦੀ ਕੋਈ ਚੀਜ਼ ਨਹੀਂ ਸੀ।"

ਡਾ. ਗੰਡਾ ਸਿੰਘ ਦੇ ਇਸ ਕਥਨ ਦੀ ਪੁਸ਼ਟੀ 'ਜੰਗਨਾਮਾ ਸਿੱਖਾਂ ਤੇ ਫਿਰੰਗੀਆਂ' ਵਿਚ ਪੰਜਾਬੀ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਵੀ ਇਸ ਕਾਵਿਬੰਦ ਵਿਚ ਕੀਤੀ ਹੈ,

**ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,**
**ਸਿਰ ਦੋਹਾਂ ਦੇ ਉਤੇ ਅਫਾਤ ਆਈ।**
**ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,**
**ਕਦੇ ਨਹੀਂ ਸੀ ਤੀਸਰੀ ਜਾਤ ਆਈ।**

ਡਾ. ਗੰਡਾ ਸਿੰਘ ਹੁਰੀਂ ਲਿਖਦੇ ਹਨ, "ਇਤਿਹਾਸਕ ਤੌਰ 'ਤੇ ਵੇਖਿਆਂ ਇਸ ਤਣਾਓ ਦਾ ਮੁੱਢ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਵਲੋਂ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' (ਜੋ 1875 ਵਿਚ ਛਪੀ, ਜਿਸ ਸਾਲ 10 ਅਪਰੈਲ ਨੂੰ ਬੰਬੇ ਵਿਚ ਪਹਿਲੇ ਆਰੀਆ ਸਮਾਜ ਦੀ ਸਥਾਪਨਾ ਹੋਈ) ਵਿਚ ਗੁਰੂ ਨਾਨਕ ਅਤੇ ਉਸ ਦੇ ਸ਼ਰਧਾਲੂਆਂ ਪ੍ਰਤੀ ਮਾੜੀ ਭਾਸ਼ਾ ਵਰਤਣ ਕਰਕੇ ਬੱਝਾ।"

ਡਾ. ਗੰਡਾ ਸਿੰਘ ਨੇ ਇਥੇ ਇਕ ਟਿੱਪਣੀ ਵੀ ਕੀਤੀ ਹੈ, "ਮੈਂ ਕੁਝਿਤਣ ਤੋਂ ਬਚਣ ਲਈ ਸਤਿਆਰਥ ਪ੍ਰਕਾਸ਼ ਦੀ ਉਸ ਛਾਪ ਜਾਂ ਬਾਅਦ ਵਿਚ ਮੁੜ ਸੋਧੀਆਂ ਛਾਪਾਂ ਵਿਚੋਂ ਜ਼ਿਆਦਾ ਟੂਕਾਂ ਨਹੀਂ ਦੇਵਾਂਗਾ।"

ਡਾ. ਗੰਡਾ ਸਿੰਘ ਲਿਖਦੇ ਹਨ, "ਉਸ ਵਿਚ ਸਿੱਖ ਗੁਰੂ ਸਾਹਿਬ ਲਈ ਧੂਰਤ ਸ਼ਬਦ ਵਰਤਿਆ ਗਿਆ ਹੈ, ਜਿਸ ਦਾ ਥੇਟ ਦੇ ਹਿੰਦੀ ਭਾਸ਼ਾ ਕੋਸ਼ ਅਨੁਸਾਰ ਅਰਥ ਹੈ, 'ਠਗ', 'ਧੋਖੇਬਾਜ਼', 'ਦਗੇਬਾਜ਼', 'ਫਰੇਬੀ', 'ਬੇਈਮਾਨ', 'ਮਕਾਰ', 'ਸ਼ਰਾਰਤੀ', 'ਦੁਸ਼ਟ'। ਸਿੱਖਾਂ ਦੇ ਪਵਿਤਰ ਧਾਰਮਿਕ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਨੂੰ ਮਿਥਿਆ ਤੇ ਸਧਾਰਨ ਲੋਕਾਂ ਤੋਂ ਉਨਾਂ ਦੇ (ਧਨ ਆਦਿਕ ਹਰਨ ਵਾਸਤੇ) ਧਨ ਤੇ ਜਾਇਦਾਦ ਲੁਟਣ ਤੇ ਠਗਣ ਵਾਲਾ ਇਕ ਜਾਲ (ਮੋਹ ਜਾਲ) ਦਸਿਆ ਗਿਆ ਹੈ। ਦੋ ਸਾਲ ਬਾਅਦ (1877) ਸੁਆਮੀ ਦਇਆ ਨੰਦ ਪੰਜਾਬ ਆਇਆ ਅਤੇ ਉਸ ਨੇ ਲਾਹੌਰ ਵਿਚ ਆਰੀਆ ਸਮਾਜ ਸਥਾਪਤ ਕੀਤਾ। ਪੰਜਾਬ ਵਿਚਲੀ ਆਪਣੀ ਫੇਰੀ ਦੌਰਾਨ ਉਸ ਨੇ ਸਿੱਖ ਗੁਰੂਆਂ ਦੀ ਸ਼ਲਾਘਾ ਕੀਤੀ। ਇਸ ਨਾਲ ਕਈ ਸਿੱਖ ਆਰੀਆ ਸਮਾਜ ਵਲ ਖਿਚੇ ਗਏ। ਉਨਾਂ ਵਿਚ ਇਕ ਭਾਈ ਜਵਾਹਰ ਸਿੰਘ ਸੀ, ਜੋ ਬਾਅਦ ਵਿਚ ਲਾਹੌਰ ਆਰੀਆ ਸਮਾਜ ਅਤੇ ਡੀ. ਏ. ਵੀ. ਕਾਲਜ ਦੀ ਪ੍ਰਬੰਧਕ ਕਮੇਟੀ ਦਾ ਸਕਤਰ ਬਣਿਆ।"

"ਪੰਜਾਬ ਤੋਂ ਆਪਣੀ ਵਾਪਸੀ ਪਿਛੋਂ ਜਦੋਂ ਸੁਆਮੀ ਦਇਆ ਨੰਦ ਕਾਨਪੁਰ ਠਹਿਰਿਆ ਤਾਂ ਅਜਮੇਰ ਤਹਿਸੀਲ ਦੇ ਸਬ ਇੰਜੀਨੀਅਰ ਭਗਤ ਸਿੰਘ ਨੇ 'ਸਤਿਆਰਥ ਪ੍ਰਕਾਸ਼' ਵਿਚਲੇ ਉਸ ਦੇ ਸਿੱਖਾਂ ਅਤੇ ਸਿੱਖੀ ਬਾਰੇ ਇਤਰਾਜ਼ਯੋਗ ਕਥਨਾਂ ਵਿਰੁਧ ਰੋਸ ਵਜੋਂ ਉਸ ਨੂੰ ਲਿਖਿਆ। ਸਵਾਮੀ ਦਇਆ ਨੰਦ ਨੇ ਉਸ ਨੂੰ ਵਾਪਸੀ ਖੱਤ ਵਿਚ ਇਹ ਕਹਿੰਦਿਆਂ ਲਿਖਿਆ ਕਿ ਪੰਜਾਬ ਵਿਚਲੀ ਆਪਣੀ ਯਾਤਰਾ ਦੌਰਾਨ ਉਸ ਦੇ ਵਿਚਾਰਾਂ ਵਿਚ ਤਬਦੀਲੀ ਆ ਗਈ ਹੈ ਅਤੇ ਕਿਤਾਬ ਦੀ ਅਗਲੀ ਛਾਪ ਵਿਚ ਇਤਰਾਜ਼ਯੋਗ ਕਥਨ ਕੱਢ ਦਿਤੇ ਜਾਣਗੇ; ਪਰ ਕੀਤਾ ਕੁਝ ਵੀ ਨਾ ਗਿਆ।'

"ਸਮੇਂ ਦੇ ਬੀਤਣ 'ਤੇ 'ਸਤਿਆਰਥ ਪ੍ਰਕਾਸ਼' ਦੀ ਦੂਜੀ ਛਾਪ ਦੇ ਛਪਣ ਅਤੇ ਆਰੀਆ ਸਮਾਜ ਵਿਚ ਕੁਝ ਲੋੜੋਂ ਵਧ ਜੋਸ਼ੀਲੇ ਨੌਜਵਾਨਾਂ ਦੇ ਦਾਖਲੇ ਨਾਲ ਆਰੀਆ ਸਮਾਜ ਦੇ ਕੁਝ ਆਗੂਆਂ ਦਾ ਵਤੀਰਾ ਹੋਰ ਵਧ ਦੁਸ਼ਮਣਾਨਾ ਬਣਦਾ ਗਿਆ। ਉਨਾਂ ਦਿਨਾਂ ਦੇ ਆਰੀਆ ਸਮਾਚਾਰ ਮੇਰਠ ਅਤੇ ਆਰੀਆ ਪੱਤ੍ਰਿਕਾ ਲਾਹੌਰ ਦੇ ਕਾਲਮ ਇਸ ਹਕੀਕਤ ਦੀ ਗਵਾਹੀ ਦਿੰਦੇ ਹਨ।ਸਤਿਆਰਥ ਪ੍ਰਕਾਸ਼ ਦੀ ਦੂਜੀ ਛਾਪ ਹੋਰ ਵੀ ਨਿਰਾਸ਼ਾਜਨਕ ਅਤੇ ਦੁਸ਼ਮਣਾਨਾ ਨਿਕਲੀ। ਇਸ ਵਿਚ ਸਿੱਖ ਗੁਰੂਆਂ, ਸਿੱਖਾਂ ਦੇ ਧਾਰਮਿਕ ਗ੍ਰੰਥਾਂ ਅਤੇ ਆਮ ਸਿੱਖ ਜਨਤਾ ਉਤੇ ਹਮਲਾ ਹੋਰ ਵੱਧ ਸਿੱਧਾ, ਵੱਧ ਜ਼ਹਿਰੀਲਾ ਤੇ ਵੱਧ ਦੁਖਦਾਈ ਸੀ। ਗੁਰੂ ਨਾਨਕ ਨੂੰ ਅਨਪੜ, ਆਤਮ ਘੁਮੰਡੀ ਅਤੇ ਪਾਖੰਡੀ ਦਸਿਆ ਗਿਆ ਸੀ। ਸਿੱਖਾਂ ਦੇ ਪਵਿਤਰ ਗ੍ਰੰਥਾਂ ਦੀ ਨਿਰਾਦਰੀ ਕੀਤੀ ਗਈ ਸੀ। ਸਿੱਖੀ ਦੇ ਚਿੰਨਾਂ ਤੇ ਪਰੰਪਰਾਵਾਂ ਦਾ ਮਖੌਲ ਉਡਾਇਆ ਗਿਆ ਸੀ। ਸਿੱਖਾਂ ਨੂੰ ਆਮ ਤੌਰ 'ਤੇ ਹੰਕਾਰੀ ਅਤੇ ਲਾਲਸਾ ਦੇ ਗੁਲਾਮ ਵਜੋਂ ਪੇਸ਼ ਕੀਤਾ ਗਿਆ ਸੀ।"

ਡਾ. ਗੰਡਾ ਸਿੰਘ ਆਪਣੀ ਲਿਖਤ ਇਸ ਟਿਪਣੀ ਨਾਲ ਖਤਮ ਕਰਦੇ ਹਨ, "ਇਹ ਹਕੀਕੀ ਰੂਪ ਵਿਚ ਪਿਛਲੀ ਸਦੀ ਦੇ ਸੱਤਰਵਿਆਂ ਤੇ ਅਸੀਵਿਆਂ ਵਿਚ ਆਰੀਆ ਸਮਾਜ ਦੇ ਜਨਮ ਤੋਂ ਫੌਰੀ ਬਾਅਦ ਹਿੰਦੂ-ਸਿੱਖ ਤਣਾਓ ਕਿਵੇਂ ਸ਼ੁਰੂ ਹੋਇਆ, ਦਾ ਸੰਖੇਪ ਹੈ।"

ਉਕਤ ਸਾਰਾ ਵੇਰਵਾ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਮੇਰੀ ਇਸ ਲਿਖਤ ਉਤੇ ਇਹ ਦੋਸ਼ ਨਾ ਲਾਇਆ ਜਾਵੇ ਕਿ ਇਹ ਸਾਰਾ ਕੁਝ ਤਤਕਾਲੀ ਪ੍ਰਸੰਗ ਨਾਲੋਂ ਤੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਾਈ ਕਾਨ ਸਿੰਘ ਨਾਭਾ ਦੀ ਲਿਖਤ 'ਹਮ ਹਿੰਦੂ ਨਹੀਂ ਹੈਂ' ਦੀ ਪੇਸ਼ਕਾਰੀ ਆਪਣੇ ਤਤਕਾਲੀ ਪ੍ਰਸੰਗ ਵਿਚ ਠੀਕ ਹੋਣ ਦੇ ਬਾਵਜੂਦ ਅਜੋਕੇ ਪ੍ਰਸੰਗ ਵਿਚ ਇਹ ਬਿਰਤਾਂਤ ਗੁਰਮਤਿ ਫਿਲਾਸਫੀ ਨੂੰ ਛੁਟਿਆਉਣ ਦਾ ਕਾਰਨ ਬਣ ਰਿਹਾ ਹੈ। ਜੂਨ 1984 ਪਿਛੋਂ ਸਿੱਖਾਂ ਦੀ ਵੱਡੀ ਧਿਰ ਆਪਣੀ ਹੋਂਦ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਲਭ ਰਹੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਗੁਰੂ ਸਾਹਿਬ ਨੇ ਸਿੱਖ ਪੰਥ ਦੀ ਸਿਰਜਣਾ ਇਸ ਤੋਂ ਕਿਤੇ ਵੱਡੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਕੀਤੀ ਹੈ। 'ਆਪ ਮੁਕਤੁ ਮੁਕਤੁ ਕਰੈ ਸੰਸਾਰ' ਦੇ ਨਿਸ਼ਾਨੇ ਨੂੰ ਮੁੱਖ ਰਖ ਕੇ ਸਿਰਜੇ ਗਏ ਪੰਥ ਨੂੰ ਜਦੋਂ ਆਪਣੇ ਆਪ ਨੂੰ 'ਹਮ ਹਿੰਦੂ ਨਹੀਂ ਹੈਂ' ਦੇ ਪ੍ਰਸੰਗ ਵਿਚੋਂ ਆਪਣੀ ਹੋਂਦ ਦਾ ਨਿਰਣਾ ਕਰਦਿਆਂ ਵੇਖੀਦਾ ਹੈ ਤਾਂ ਇਹ ਬੜਾ ਮੰਦਭਾਗਾ ਜਾਪਦਾ ਹੈ। ਬੇਸ਼ਕ ਭਾਈ ਕਾਨ ਸਿੰਘ ਨਾਭਾ ਦੀ ਲਿਖਤ ਖੁਦ ਆਪਣੀ ਇਸ ਸੀਮਤਾਈ ਬਾਰੇ ਸੁਚੇਤ ਹੈ।

ਬਾਕੀ ਸਫ਼ਾ 31 'ਤੇ

# .ਗ਼ਦਰ ਲਹਿਰ ਵਿੱਚ ਭਾਈ ਰਣਧੀਰ ਸਿੰਘ, ਸਰਾਭਾ ਤੇ .ਫ਼ੌਜੀਆਂ ਦਾ ਯੋਗਦਾਨ

**- ਕੰਵਲ ਬੀਰ ਸਿੰਘ**

ਗ਼ਦਰ ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਦੀ ਸਥਾਪਨਾ ਕਰਨਾ ਸੀ। ਇਸ ਦੀ ਪ੍ਰਾਪਤੀ ਲਈ ਭਾਰਤ ਦੇ ਆਮ ਲੋਕਾਂ ਅਤੇ ਫ਼ੌਜੀਆਂ ਦੀ ਮਦਦ ਨਾਲ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜ ਸੀ। ਇਸ ਕਾਰਜ ਲਈ ਲੋਕ ਜਾਗ੍ਰਿਤੀ ਜ਼ਰੂਰੀ ਸੀ। ਇਸ ਲਈ ਪਾਰਟੀ ਨੇ ਨਵੰਬਰ 1913 ਨੂੰ ਹਫ਼ਤਾਵਾਰੀ 'ਗ਼ਦਰ' ਨਾਂ ਦਾ ਇੱਕ ਅਖ਼ਬਾਰ ਚਾਲੂ ਕੀਤਾ। ਇਤਿਹਾਸਕਾਰਾਂ ਨੇ ਇਸ ਲਹਿਰ ਨਾਲ ਪੂਰਾ ਇਨਸਾਫ਼ ਨਹੀਂ ਕੀਤਾ। ਗ਼ਦਰੀ ਦੇਸ਼ ਭਗਤਾਂ ਨੂੰ 1915 ਵਿੱਚ ਭਾਵੇਂ ਪੂਰਨ ਕਾਮਯਾਬੀ ਨਹੀਂ ਮਿਲੀ ਪਰ ਉਨਾਂ ਦੁਆਰਾ ਸ਼ੁਰੂ ਕੀਤੀ ਗਈ ਇਹ ਲਹਿਰ ਸਮੇਂ ਨਾਲ ਰੰਗ ਲਿਆਈ ਤੇ ਅਖ਼ੀਰ ਆਮ ਲੋਕ ਤੇ ਭਾਰਤੀ ਫ਼ੌਜ, ਅੰਗਰੇਜ਼ਾਂ ਖ਼ਿਲਾਫ਼ ਇਕੱਠੀਆਂ ਹੋ ਖਲੋਤੀਆਂ। ਇਸ ਦੀ ਮੁੱਖ ਉਦਾਹਰਣ ਫਰਵਰੀ 1946 ਦੀ ਭਾਰਤੀ ਸਮੁੰਦਰੀ ਬੇੜੇ ਦੀ ਬਗ਼ਾਵਤ ਹੈ, ਜਦੋਂ 23 ਫਰਵਰੀ ਨੂੰ ਇੱਕ ਲੱਖ ਤੋਂ ਵੱਧ ਲੋਕਾਂ ਨੇ ਕਲਕੱਤੇ ਵਿੱਚ ਫ਼ੌਜ ਦੀ ਹਮਾਇਤ ਵਿੱਚ ਪ੍ਰਦਰਸ਼ਨ ਕੀਤਾ ਤੇ 25 ਫਰਵਰੀ ਨੂੰ ਮਦਰਾਸ ਤੇ ਹੋਰ ਸ਼ਹਿਰਾਂ ਵਿੱਚ ਹੜਤਾਲਾਂ ਕੀਤੀਆਂ। ਅਖ਼ੀਰ ਅੰਗਰੇਜ਼ਾਂ ਨੂੰ 15 ਅਗਸਤ 1947 ਨੂੰ ਭਾਰਤ ਛੱਡਣਾ ਪਿਆ।

ਗ਼ਦਰ ਪਾਰਟੀ ਅਮਰੀਕਾ-ਕੈਨੇਡਾ ਵਿੱਚ ਮਿਹਨਤ ਮਜ਼ਦੂਰੀ ਕਰਨ ਗਏ ਪੰਜਾਬੀ ਕਿਸਾਨਾਂ, ਜਲਾਵਤਨ ਦੇਸ਼ ਭਗਤਾਂ ਤੇ ਉੱਥੇ ਪੜਾਈ ਕਰਨ ਗਏ ਭਾਰਤੀ ਵਿਦਿਆਰਥੀਆਂ ਦੀ ਸਾਂਝੀ ਕੋਸ਼ਿਸ਼ ਰਾਹੀਂ 1912-13 ਵਿੱਚ ਕਾਇਮ ਹੋਈ ਸੀ। ਇਸ ਜਥੇਬੰਦੀ ਦਾ ਪਹਿਲਾ ਨਾਂ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਰੱਖਿਆ ਗਿਆ ਸੀ ਪਰ ਬਾਅਦ ਵਿੱਚ ਇਸ ਦੇ ਹਫ਼ਤਾਵਾਰੀ ਅਖ਼ਬਾਰ 'ਗ਼ਦਰ' ਦੇ ਸ਼ੁਰੂ ਹੋਣ ਨਾਲ ਇਹ ਗ਼ਦਰ ਪਾਰਟੀ ਕਰ ਕੇ ਪ੍ਰਸਿੱਧ ਹੋਈ। ਅਖ਼ਬਾਰ ਰਾਹੀਂ ਭਾਰਤੀਆਂ ਨੂੰ ਅੰਗਰੇਜ਼ਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਲਈ ਸੱਦਾ ਦਿੱਤਾ ਗਿਆ।

ਗ਼ਦਰ ਪਾਰਟੀ ਵੱਲੋਂ ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਯੁੱਧ ਦੀਆਂ ਤਿਆਰੀਆਂ ਅਜੇ ਪੂਰੀਆਂ ਵੀ ਨਹੀਂ ਹੋਈਆਂ ਸਨ ਕਿ ਜੁਲਾਈ 1914 ਵਿੱਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ। ਗ਼ਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਇਹ ਮੌਕਾ ਢੁਕਵਾਂ ਜਾਣਿਆ। ਪਾਰਟੀ ਨੇ ਪੰਜ ਅਗਸਤ 1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗ਼ਦਰੀ ਜਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਇਸੇ ਦੌਰਾਨ ਕੌਮਾਗਾਟਾਮਾਰੂ ਘਟਨਾ ਵਾਪਰੀ ਜਿਸ ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ। ਅੰਗਰੇਜ਼ੀ ਸਰਕਾਰ ਨੂੰ ਏਜੰਸੀਆਂ ਰਾਹੀਂ ਗ਼ਦਰੀਆਂ ਦੀਆਂ ਸਰਗਰਮੀਆਂ ਦਾ ਪਤਾ ਲੱਗ ਚੁੱਕਾ ਸੀ। ਇਸ ਲਈ ਬਾਹਰੋਂ ਆ ਰਹੇ ਗ਼ਦਰੀਆਂ ਨੂੰ ਫੜਨ ਲਈ 'ਈਗਰਨੈੱਸ ਆਰਡੀਨੈਂਸ' ਜਾਰੀ ਕੀਤਾ ਗਿਆ। ਸਰਕਾਰ ਨੇ ਬਾਹਰੋਂ ਆਏ ਸੈਂਕੜੇ ਗ਼ਦਰੀਆਂ ਨੂੰ ਜਹਾਜ਼ਾਂ ਤੋਂ ਉਤਰਦਿਆਂ ਹੀ ਫੜ ਕੇ ਜੇਲਾਂ ਵਿੱਚ ਸੁੱਟ ਦਿੱਤਾ। ਫਿਰ ਵੀ ਬਹੁਤ ਸਾਰੇ ਗ਼ਦਰੀ ਜਿਵੇਂ ਕਰਤਾਰ ਸਿੰਘ ਸਰਾਭਾ, ਗੁੱਜਰ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ ਦਦੇਹਰ, ਪ੍ਰੇਮ ਸਿੰਘ ਸੁਰਸਿੰਘ ਆਦਿ ਬਚਦੇ ਹੋਏ ਦੇਸ਼ ਵਿੱਚ ਪੁੱਜ ਗਏ। ਉਨਾਂ ਨੇ ਨਵੇਂ ਸਾਥੀ ਆਪਣੇ ਨਾਲ ਜੋੜ ਕੇ ਭਾਈ ਰਣਧੀਰ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਦੇ ਸਹਿਯੋਗ ਨਾਲ ਜਥੇਬੰਦਕ ਢਾਂਚਾ ਕਾਇਮ ਕੀਤਾ। ਲੋਕਾਂ ਤੇ ਫ਼ੌਜਾਂ ਵਿੱਚ ਪ੍ਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ। ਬੰਗਾਲੀ ਕ੍ਰਾਂਤੀਕਾਰੀਆਂ ਨਾਲ ਰਲ ਕੇ ਬਨਾਰਸ ਵਿੱਚ ਦੇਸੀ ਬੰਬ ਬਣਾਉਣ ਦਾ ਕਾਰਖਾਨਾ ਸਥਾਪਿਤ ਕਰ ਲਿਆ। ਬਹੁਤ ਸਾਰੇ ਗ਼ਦਰੀ ਪਲਟਣਾਂ ਵਿੱਚ ਭਰਤੀ ਹੋ ਗਏ। ਉਨਾਂ ਨੇ ਫ਼ੌਜੀ ਛਾਉਣੀਆਂ ਵਿੱਚ ਜਾ ਕੇ ਭਾਰਤੀ ਫ਼ੌਜੀਆਂ ਨੂੰ ਗ਼ਦਰ ਵਿੱਚ ਸਾਥ ਦੇਣ ਲਈ ਸਹਿਮਤ ਕਰ ਲਿਆ।

ਭਾਵੇਂ ਗ਼ਦਰੀ ਨਿਸ਼ਚਿਤ ਮਿਤੀ ਉੱਤੇ ਗ਼ਦਰ ਫੈਲਾਉਣ ਵਿੱਚ ਕਾਮਯਾਬ ਨਾ ਹੋ ਸਕੇ ਪਰ ਉਨਾਂ ਵੱਲੋਂ ਫ਼ੌਜੀ ਛਾਉਣੀਆਂ ਵਿੱਚ ਕੀਤੇ ਪ੍ਰਚਾਰ ਨੇ ਫ਼ੌਜੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਦਾ ਪ੍ਰਤੱਖ ਪ੍ਰਭਾਵ ਉਸ ਸਮੇਂ ਦੌਰਾਨ ਛਾਉਣੀਆਂ ਦੇ ਵੱਖ ਵੱਖ ਰਸਾਲਿਆਂ ਤੇ ਪਲਟਨਾਂ ਦੇ ਫ਼ੌਜੀਆਂ ਵੱਲੋਂ ਕੀਤੀਆਂ ਬਗ਼ਾਵਤਾਂ ਤੋਂ ਮਿਲਦਾ ਹੈ। ਨਤੀਜੇ ਵੱਜੋਂ ਅੰਗਰੇਜ਼ਾਂ ਨੇ ਗ਼ਦਰ ਵਿੱਚ ਸ਼ਾਮਲ ਹੋਏ ਹਜ਼ਾਰਾਂ ਫ਼ੌਜੀਆਂ ਵਿੱਚੋਂ ਕਰੀਬ 60 ਨੂੰ ਗੋਲੀਆਂ ਮਾਰ ਕੇ ਜਾਂ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ, 190 ਤੋਂ ਵੱਧ ਨੂੰ ਉਮਰ ਕੈਦ, ਜਲਾਵਤਨੀ, ਜਾਇਦਾਦ ਜ਼ਬਤੀ ਤੇ ਹੋਰ ਸਜ਼ਾਵਾਂ ਦਿੱਤੀਆਂ ਗਈਆਂ। ਕਈਆਂ ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ। 1914-15 ਦੌਰਾਨ ਗ਼ਦਰ ਲਹਿਰ ਦੇ ਪ੍ਰਭਾਵ ਨਾਲ ਭਾਰਤੀ ਫ਼ੌਜੀਆਂ ਦੁਆਰਾ ਕੀਤੇ ਸੰਘਰਸ਼ ਦਾ ਵੇਰਵਾ ਇਸ ਪ੍ਰਕਾਰ ਹੈ:

ਲਾਹੌਰ ਦੀ ਮੀਆਂਮੀਰ ਛਾਉਣੀ ਦੇ 23ਵੇਂ ਰਸਾਲੇ ਦੀ ਬਗ਼ਾਵਤ: ਨਵੰਬਰ 1914 ਦੇ ਸ਼ੁਰੂ ਵਿੱਚ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਛੁੱਟੀ ਕੱਟਣ ਪਿੰਡ ਆਇਆ। ਉਸ ਦਾ ਸੰਪਰਕ ਭਾਈ ਰਣਧੀਰ ਸਿੰਘ ,ਬਾਬਾ ਵਿਸਾਖਾ ਸਿੰਘ ਦਦੇਹਰ ਤੇ ਸਾਥੀਆਂ ਨਾਲ ਹੋਇਆ। ਉਨਾਂ ਨੇ ਲਾਹੌਰ ਉੱਤੇ ਕਬਜ਼ਾ ਕਰਨ ਲਈ ਕੀਤੇ ਜਾ ਰਹੇ ਹਮਲੇ ਵਿੱਚ ਰਸਾਲੇ ਦੇ ਫ਼ੌਜੀਆਂ ਦੀ ਮਦਦ ਮੰਗੀ। ਸੁੱਚਾ ਸਿੰਘ ਨੇ ਵਾਪਸ ਆ ਕੇ ਰਸਾਲੇ ਦੇ ਸਾਥੀਆਂ ਨਾਲ ਗ਼ਦਰ ਦੀ ਯੋਜਨਾ ਬਾਰੇ ਦੱਸਿਆ ਤੇ ਪਿੱਛੋਂ ਸਾਰਾ ਰਸਾਲਾ ਗ਼ਦਰੀਆਂ ਦੀ ਮਦਦ ਲਈ ਸਹਿਮਤ ਹੋ ਗਿਆ। 27 ਨਵੰਬਰ 1914 ਨੂੰ ਲਾਹੌਰ ਉੱਤੇ ਹਮਲਾ ਕਰਨ ਲਈ ਗ਼ਦਰੀਆਂ ਨੇ ਸੁਰਸਿੰਘ ਦੇ ਨੇੜੇ ਝਾੜ ਸਾਹਿਬ ਵਿੱਚ ਰਾਤ ਦਾ ਇਕੱਠ ਰੱਖਿਆ। ਇਸ ਦੀ ਸੂਚਨਾ ਪ੍ਰੇਮ ਸਿੰਘ ਸੁਰਸਿੰਘ ਨੇ ਰਸਾਲੇ ਨੂੰ ਦੇ ਦਿੱਤੀ ਸੀ। ਉਸ ਰਾਤ 10 ਵਜੇ ਇਨਕਲਾਬੀ ਫ਼ੌਜੀ ਇਕੱਠੇ ਹੋ ਕੇ ਗ਼ਦਰ ਲਈ ਝਾੜ ਸਹਿਬ ਜਾਣ ਲਈ ਤਿਆਰ ਸਨ ਕਿ ਗ੍ਰੰਥੀ ਮੂਲ ਸਿੰਘ ਨੇ ਇਹ ਕਹਿ ਕੇ ਰੋਕ ਦਿੱਤਾ ਕਿ 'ਗ਼ਦਰ ਦੀ ਕਾਮਯਾਬੀ ਦੀ ਆਸ ਤਾਂ ਕੋਈ ਨਹੀਂ, ਐਂਵੇ ਕਿਉਂ ਖ਼ਤਰਾ ਮੁੱਲ ਲੈਂਦੇ ਹੋ। ਇਸ ਦੇ ਬਾਵਜੂਦ ਸੁੱਚਾ ਸਿੰਘ, ਸੁਰੈਣ ਸਿੰਘ, ਮਹਿਰਾਜ਼ ਸਿੰਘ ਤੇ ਚੰਨਣ ਸਿੰਘ ਫ਼ੌਜੀ ਛਾਉਣੀ ਛੱਡ ਕੇ ਝਾੜ ਸਾਹਿਬ ਪੁੱਜ ਗਏ ਪਰ ਇਕੱਠ ਘੱਟ ਹੋਣ ਕਾਰਨ ਗ਼ਦਰੀਆਂ ਦੀ ਯੋਜਨਾ ਸਿਰੇ ਨਾ ਚੜੀ। ਚੰਨਣ ਸਿੰਘ ਅਗਲੀ ਸਵੇਰ ਵਾਪਿਸ ਲਾਹੌਰ ਆ ਕੇ ਰਸਾਲੇ ਵਿੱਚ ਹਾਜ਼ਰ ਹੋ ਗਿਆ। ਬਾਕੀ ਤਿੰਨਾਂ ਨੂੰ ਇੱਕ ਦਸੰਬਰ ਨੂੰ ਗਸ਼ਤ ਕਰਦੀ ਪੁਲੀਸ ਨੇ ਫੜ ਕੇ ਫ਼ੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਵਿਸ਼ਵ ਜੰਗ ਦੇ ਕਾਰਨ ਗ਼ੈਰਹਾਜ਼ਰੀ ਕਾਰਨ ਉਨਾਂ ਨੂੰ ਦੋ-ਦੋ ਸਾਲ ਦੀ ਕੈਦ ਦੀ ਸਜ਼ਾ ਦਿੱਤੀ।

ਦਸੰਬਰ 1914 ਤੋਂ ਅਪਰੈਲ 1915 ਤਕ 23ਵੇਂ ਰਸਾਲੇ ਦੇ ਇਹ ਫ਼ੌਜੀ ਗ਼ਦਰ ਸਬੰਧੀ ਸਲਾਹਾਂ ਕਰਦੇ ਰਹੇ। ਫ਼ੌਜੀਆਂ ਨੇ ਪਰੇਮ ਸਿੰਘ ਸੁਰਸਿੰਘ ਰਾਹੀਂ ਹੀਰਾ ਸਿੰਘ ਚਰੜ ਕੋਲੋਂ ਦੇਸੀ ਬੰਬ ਬਣਾਉਣੇ ਸਿੱਖ ਲਏ। ਵਿਸ਼ਵ ਯੁੱਧ ਚੱਲਦਾ ਹੋਣ ਕਾਰਨ ਸਰਕਾਰ ਨੇ ਅਪਰੈਲ ਮਹੀਨੇ 23ਵੇਂ ਰਸਾਲੇ ਦੇ ਜਵਾਨਾਂ ਨੂੰ ਬਸਰੇ ਜੰਗ ਦੇ ਮੋਰਚੇ ਵਿੱਚ ਭੇਜ ਦਿੱਤਾ। ਡਿੱਪੂ ਵਿੱਚ ਪਿੱਛੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ ਤੇ ਵਸਾਵਾ ਸਿੰਘ ਹੀ ਰਹਿ ਗਏ। ਉਨਾਂ ਦੇ ਰੈਜਮੈਂਟ ਡਿੱਪੂ ਨੂੰ ਵੀ ਨੌਂਗਾਉਂ ਯੂ.ਪੀ ਛਾਉਣੀ ਬਦਲ ਦਿੱਤਾ, ਜੋ ਹਰਪਾਲਪੁਰ ਦੇ ਰੇਲਵੇ ਸਟੇਸ਼ਨ ਤੋਂ ਕੁਝ ਦੂਰ ਸੀ। 13 ਮਈ, 1915 ਨੂੰ ਹਰਪਾਲਪੁਰ ਸਟੇਸ਼ਨ ਉੱਤੇ ਮੀਆਂ ਮੀਰ ਛਾਉਣੀ ਦੇ ਫ਼ੌਜੀਆਂ ਦਾ ਸਾਮਾਨ ਉਤਾਰਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੀ ਪੇਟੀ ਵਿੱਚ ਪਿਆ ਦੇਸੀ ਬੰਬ ਫਟ ਗਿਆ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਾਮਾਨ ਦੀ ਤਲਾਸ਼ੀ ਲਈ ਤਾਂ ਪੂਰਨ ਸਿੰਘ ਦੇ ਦੂਜੇ ਬਕਸੇ ਵਿੱਚੋਂ ਇੱਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁਛੱਗਿਛ ਕੀਤੀ। ਦੋਹਾਂ ਨੇ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਤੇ ਝਾੜ ਸਹਿਬ ਤੋਂ ਫੜੇ ਤਿੰਨਾਂ ਸਵਾਰਾਂ ਦੀ ਅਸਲੀਅਤ ਦੱਸ ਦਿੱਤੀ।

ਸਰਕਾਰ ਨੇ ਬਸਰੇ ਦੇ ਫ਼ੌਜੀ ਕਮਾਂਡਰ ਨੂੰ ਉਨਾਂ ਸਾਰੇ ਫ਼ੌਜੀਆਂ ਦੇ ਨਾਂ ਤੇ ਨੰਬਰ ਲਿਖ ਕੇ ਭੇਜ ਦਿੱਤੇ। ਕਮਾਂਡਰ ਨੇ 19 ਫ਼ੌਜੀਆਂ ਨੂੰ ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਜਹਾਜ਼ ਵਿੱਚ ਚੜਾ ਦਿੱਤਾ। ਬੰਬਈ ਤੋਂ ਉਨਾਂ ਨੂੰ ਡੱਗਸ਼ਈ ਛਾਉਣੀ ਜ਼ਿਲਾ ਸ਼ਿਮਲਾ, ਹਿਮਾਚਲ ਪ੍ਰਦੇਸ਼ ਪਹੁੰਚਾ ਦਿੱਤਾ। 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡੱਗਸ਼ਈ ਪਹੁੰਚਾਏ ਗਏ। 26 ਅਗਸਤ 1915 ਨੂੰ ਫ਼ੈਸਲਾ ਸੁਣਾ ਕੇ ਇਨਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਪਿੱਛੋਂ ਇਨਾਂ ਵਿੱਚੋਂ ਛੇ ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਕਰ ਦਿੱਤੀ ਗਈ। 30 ਅਗਸਤ 1915 ਨੂੰ ਫਾਂਸੀ ਵਾਲੇ 12 ਫ਼ੌਜੀਆਂ ਨੂੰ ਅੰਬਾਲਾ ਜੇਲ ਲਿਆਂਦਾ ਗਿਆ, ਜਿੱਥੇ 3 ਸਤੰਬਰ 1915 ਨੂੰ ਉਨਾਂ ਸਾਰਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਫਾਂਸੀ ਦੇ ਰੱਸੇ ਚੁੰਮਣ ਵਾਲੇ ਇਨਾਂ ਸੂਰਬੀਰਾਂ ਵਿੱਚ ਲਛਮਣ ਸਿੰਘ, ਬੂਟਾ ਸਿੰਘ, ਬੁੱਧ ਸਿੰਘ, ਅਬਦੁੱਲਾ ਨਾਹਲਬੰਦ, ਭਾਗ ਸਿੰਘ, ਤਾਰਾ ਸਿੰਘ, ਵਧਾਵਾ ਸਿੰਘ, ਇੰਦਰ ਸਿੰਘ, ਇੰਦਰ ਸਿੰਘ, ਗੁੱਜਰ ਸਿੰਘ ਤੇ ਜੇਠਾ ਸਿੰਘ ਸ਼ਾਮਲ ਸਨ। ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫ਼ੌਜੀਆਂ ਵਿੱਚ ਬਿਸ਼ਨ ਸਿੰਘ, ਨੱਥਾ ਸਿੰਘ,ਬਿਸ਼ਨ ਸਿੰਘ, ਕਿਹਰ ਸਿੰਘ, ਨੰਦ ਸਿੰਘ, ਚੰਨਣ ਸਿੰਘ, ਭਾਈ ਮਹਿਰਾਜ ਸਿੰਘ ਤੇ ਭਾਈ ਸੁੱਚਾ ਸਿੰਘ ਸ਼ਾਮਲ ਸਨ

।ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਫੈਲਾਉਣ ਲਈ ਜ਼ਿੰਮੇਵਾਰ ਆਗੂਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਦੁਆਰਾ ਸੰਪਰਕ ਕਰਨ ਤੋਂ ਪਹਿਲਾਂ ਹੀ ਸਾਜਿਸ਼ 'ਚ ਸ਼ਾਮਿਲ ਫੌਜੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਗ਼ਦਰੀ ਮੁੱਲਾ ਸਿੰਘ ਮੀਰਾਕੋਟ ਨੂੰ ਕੈਦੀ ਬਣਾ ਲਿਆ ਗਿਆ,ਜੋ ਪੁਲਿਸ ਦਾ ਜ਼ੁਲਮ ਸਹਿਣ ਨਾ ਕਰਦੇ ਹੋਏ ਮਗਰੋਂ ਵਾਅਦਾ- ਮੁਆਫ਼ ਗਵਾਹ ਬਣ ਗਿਆ। ਮੁੱਲਾ ਸਿੰਘ ਵਾਂਗ ਹੀ ਪਾਰਟੀ ਕਾਰਕੁੰਨ ਅਮਰ ਸਿੰਘ ਵੀ ਸਰਕਾਰੀ ਕੁੱਟਮਾਰ ਅੱਗੇ ਝੁਕ ਗਿਆ ਤੇ ਇਨਾਂ ਨੇ ਆਪਣੇ ਸਰਗਰਮ ਸਾਥੀਆਂ ਦੇ ਟਿਕਾਣਿਆਂ ਦੇ ਭੇਦ ਖੋਲ ਦਿੱਤੇ । ਪੁਲਿਸ ਨੇ ਪਿੰਡਾਂ ਸ਼ਹਿਰਾਂ ਵਿੱਚ ਬਹੁਤ ਛਾਪੇ ਮਾਰੇ ਤੇ ਤਕਰੀਬਨ ਸਾਰੇ ਗ਼ਦਰੀ ਆਗੂਆਂ ਫੜ ਲਏ।ਅੰਗ੍ਰੇਜ ਹਕੂਮਤ ਨੇ ਭਾਈ ਰਣਧੀਰ ਸਿੰਘ ਨੂੰ ਫਿਰੋਜਪੁਰ ਛਾਵਨੀ 'ਤੇ ਹਮਲੇ ਅਤੇ ਲਾਹੌਰ ਸਾਜਿਸ਼ ਕੇਸ 'ਚ ਗ੍ਰਿਫਤਾਰ ਕਰਕੇ 30 ਮਾਰਚ 1916 'ਚ ਉਮਰ ਕੈਦ ਦੀ ਸਜਾ ਸੁਣਾਈ ਸੀ।

ਸਿੰਗਾਪੁਰ ਦੀ ਬਗ਼ਾਵਤ: ਸਰਕਾਰੀ ਰਿਕਾਰਡ ਅਨੁਸਾਰ ਸਤੰਬਰ-ਅਕਤੂਬਰ 1914 ਦੌਰਾਨ ਬਾਹਰਲੇ ਦੇਸ਼ਾਂ ਤੋਂ ਆਏ ਗ਼ਦਰੀਆਂ ਹੀਰਾ ਸਿੰਘ ਚਰੜ, ਮੁਜਤਬਾ ਹੁਸੈਨ, ਜੀਵਨ ਸਿੰਘ ਫੇਲੋਕੇ ਤੇ ਗਿਆਨ ਚੰਦ ਮੋਗੀ ਮਰਲ ਆਦਿ ਨੇ ਸਿੰਗਾਪੁਰ ਦੀਆਂ ਪਲਟਨਾਂ ਵਿੱਚ ਪ੍ਰਚਾਰ ਕੀਤਾ। ਸਿੱਟੇ ਵੱਜੋਂ ਇੱਥੇ ਰਹਿੰਦੀ 5ਵੀਂ ਨੇਟਿਵ ਲਾਈਟ ਇਨਫੈਂਟਰੀ (ਪਲਟਨ) ਨੇ ਬਗ਼ਾਵਤ ਕੀਤੀ। 16 ਤੇ 17 ਫ਼ਰਵਰੀ 1915 ਨੂੰ ਇਸ ਪਲਟਨ ਦੇ 422 ਵਿਦਰੋਹੀ ਫੜੇ ਗਏ। ਇਨਾਂ ਵਿੱਚੋਂ 40 ਨੂੰ ਲੋਕਾਂ ਦੇ ਸਾਹਮਣੇ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਤੇ 3 ਨੂੰ ਫਾਂਸੀ ਦਿੱਤੀ ਗਈ। 162 ਨੂੰ ਉਮਰ ਕੈਦ ਤੇ ਹੋਰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

ਮੇਰਠ ਛਾਉਣੀ ਦੇ 12ਵੇਂ ਰਸਾਲੇ ਦੀ ਬਗ਼ਾਵਤ: ਇਸ ਛਾਉਣੀ ਦੇ 12 ਰਸਾਲੇ ਨਾਲ ਸੰਪਰਕ ਲਈ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ 2 ਫਰਵਰੀ 1915 ਨੂੰ ਸੁੱਚਾ ਸਿੰਘ ਭੋਲਾਪੁਰ ਨੂੰ ਨਾਲ ਲੈ ਕੇ ਪੁੱਜੇ। ਸੁੱਚਾ ਸਿੰਘ ਦੇ ਦੋ ਭਤੀਜੇ ਇਸ ਰਸਾਲੇ ਵਿੱਚ ਸਨ। ਸੁੱਚਾ ਸਿੰਘ ਫਰਵਰੀ ਮਹੀਨੇ ਦੋ ਵਾਰ ਗ਼ਦਰੀਆਂ ਦੇ ਸੰਦੇਸ਼ ਲੈ ਕੇ ਮੇਰਠ ਛਾਉਣੀ ਗਿਆ। ਇਨਾਂ ਮਿਲਣੀਆਂ ਨੇ ਕਾਫ਼ੀ ਫ਼ੌਜੀਆਂ ਨੂੰ ਗ਼ਦਰ ਲਈ ਪ੍ਰੇਰਿਆ। ਫਰਵਰੀ ਦੇ ਅੰਤ ਵਿੱਚ ਸੁੱਚਾ ਸਿੰਘ ਫੜਿਆ ਗਿਆ ਤੇ ਉਸ ਨੇ ਸਾਰੀ ਕਾਰਵਾਈ ਪੁਲੀਸ ਨੂੰ ਦੱਸ ਦਿੱਤੀ। ਇਹ ਸੂਚਨਾ ਮੇਰਠ ਛਾਉਣੀ ਦੇ ਅਫ਼ਸਰਾਂ ਨੂੰ ਭੇਜੀ। 3 ਮਾਰਚ 1915 ਨੂੰ ਕਰਤਾਰ ਸਿੰਘ ਸਰਾਭਾ ਫੜਿਆ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਦਾ ਇਨਾਂ ਫ਼ੌਜੀਆਂ ਨਾਲ ਸੰਪਰਕ ਬਣਿਆ ਰਿਹਾ। 23 ਮਾਰਚ ਨੂੰ ਪਿੰਗਲੇ ਨੂੰ ਛਾਉਣੀ ਦੇ ਇੱਕ ਕੁਆਰਟਰ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕਰਤਾਰ ਸਿੰਘ ਸਰਾਭਾ ਤੇ ਹੋਰ 5 ਗ਼ਦਰੀਆਂ ਸਮੇਤ 16 ਨਵੰਬਰ 1915 ਨੂੰ ਫਾਂਸੀ ਲਾ ਦਿੱਤੀ। 12ਵੇਂ ਰਸਾਲੇ ਦੇ 12 ਗ਼ਦਰੀ ਫ਼ੌਜੀਆਂ ਦਾ 19 ਅਪਰੈਲ ਨੂੰ ਕੋਰਟ ਮਾਰਸ਼ਲ ਹੋਇਆ ਤੇ 26 ਅਪਰੈਲ 1915 ਨੂੰ 4 ਸਿੱਖ ਫ਼ੌਜੀਆਂ ਨੂੰ ਮੇਰਠ ਜੇਲ ਫਾਂਸੀ ਦੇ ਦਿੱਤੀ।

ਰੰਗੂਨ ਦਾ ਗ਼ਦਰ: ਨਵੰਬਰ 1914 ਦੇ ਸ਼ੁਰੂ ਵਿੱਚ 130 ਵੇਂ ਬਲੋਚ ਰੈਜਮੈਂਟ ਨੂੰ ਜੰਗ ਵਿੱਚ ਭੇਜਣ ਲਈ ਬੰਬਈ ਲਿਜਾਇਆ ਗਿਆ। ਪਲਟਨ ਨੇ ਜੰਗ ਵਿੱਚ ਜਾਣੋਂ ਨਾਂਹ ਕਰ ਦਿੱਤੀ ਤੇ ਅੰਗਰੇਜ਼ ਅਫ਼ਸਰ ਮੇਜਰ ਐਡਰਸਨ ਨੂੰ ਗੋਲੀ ਮਾਰ ਦਿੱਤੀ। ਸਜ਼ਾ ਦੇ ਤੌਰ 'ਤੇ ਪਲਟਨ ਨੂੰ ਫ਼ੌਜੀ ਪਹਿਰੇ ਹੇਠ ਬੰਬਈ ਤੋਂ ਰੰਗੂਨ ਭੇਜ ਦਿੱਤਾ ਗਿਆ। ਇਸ ਪਲਟਨ ਦੇ ਜਵਾਨ ਸਰਹੱਦੀ ਸੂਬੇ ਦੇ ਪਠਾਨ ਸਨ। ਰੰਗੂਨ ਵਿੱਚ ਗ਼ਦਰੀਆਂ ਨਾਲ ਇਨਾਂ ਦਾ ਸੰਪਰਕ ਹੋਰ ਗੂੜਾ ਹੋ ਗਿਆ ਤੇ ਇਹ ਗ਼ਦਰ ਲਈ ਤਿਆਰ ਹੋ ਗਏ। ਅੰਗਰੇਜ਼ਾਂ ਨੂੰ ਉਨਾਂ ਦੀ ਯੋਜਨਾ ਦਾ ਪਤਾ ਲੱਗ ਗਿਆ ਤੇ 21 ਜਨਵਰੀ 1915 ਨੂੰ 200 ਪਠਾਣ ਫ਼ੌਜੀਆਂ ਦਾ ਕੋਰਟ ਮਾਰਸ਼ਲ ਕਰ ਕੇ ਚਾਰ ਨੂੰ ਫਾਂਸੀ, 69 ਨੂੰ ਉਮਰ ਕੈਦ ਤੇ ਬਾਕੀਆਂ ਨੂੰ ਕੈਦ ਦੀ ਸਜ਼ਾ ਦਿੱਤੀ ਗਈ।

ਗ਼ਦਰ ਲਹਿਰ ਦੇ ਪ੍ਰਭਾਵ ਹੇਠ ਹੋਰ ਫ਼ੌਜੀ ਛਾਉਣੀਆਂ ਜਿਵੇਂ ਝਾਂਸੀ, ਬਨਾਰਸ, ਇਲਾਹਬਾਦ, ਫੈਜ਼ਾਬਾਦ ਵਿੱਚ ਵੀ ਬਗ਼ਾਵਤਾਂ ਹੋਈਆਂ ਤੇ ਫ਼ੌਜੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਗ਼ਦਰੀ ਸੂਰਬੀਰਾਂ ਵੱਲੋਂ 1912-13 ਵੇਲੇ ਭਾਰਤ ਦੀ ਪੂਰਨ ਆਜ਼ਾਦੀ ਦੇ ਮਿਸ਼ਨ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਸੰਘਰਸ਼ ਵਿੱਚ ਭਾਰਤੀ ਫ਼ੌਜੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ ਪਰ ਉਨਾਂ ਦੀਆਂ ਕੁਰਬਾਨੀਆਂ ਨੂੰ ਇਤਿਹਾਸਕਾਰਾਂ ਤੇ ਸਿਆਸੀ ਲੋਕਾਂ ਨੇ ਅਣਗੌਲੇ ਕਰ ਰੱਖਿਆ ਹੈ। ਇਨਾਂ ਫ਼ੌਜ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਦੁਨੀਆਂ ਸਾਹਮਣੇ ਲਿਆ ਕੇ ਢੁਕਵੀਆਂ ਯਾਦਗਾਰਾਂ ਕਾਇਮ ਕਰਨ ਦੀ ਲੋੜ ਹੈ।

Website Design & Development
➡ ਛੋਟੇ/ਵੱਡੇ ਬਿਜ਼ਨਿਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਕੋਰੋਨਾ ਨਵਬਸਤੀਵਾਦ ਲਈ ਚੈਲਿੰਜ ਤੇ ਕਿਰਤੀਆਂ ਦੇ ਪੀੜ ਨਿਬੇੜੇ ਦੇ ਯੁਗ ਦਾ ਸਮਾਂ

**- ਪ੍ਰਿੰ. ਬਲਕਾਰ ਸਿੰਘ ਬਾਜਵਾ**

ਕੋਰੋਨਾ ਕਹਿਰ ਵੱਡੇ ਇਤਿਹਾਸਕ ਸੰਕਟਾਂ ਨਾਲ ਡਿੱਕ ਰਿਹਾ ਹੈ। ਵੱਡੀ ਜੰਗ ਵਰਗੇ। ਨਿਰਾ ਡਿੱਕ ਹੀ ਨਹੀਂ ਰਿਹਾ, ਸਗੋਂ ਉਨਾਂ ਤੋਂ ਵੀ ਵੱਡੀਆਂ ਚੁਣੌਤੀਆਂ ਦੇ ਚਰਚੇ ਛੇੜੀ ਬੈਠਾ ਹੈ। ਸਰਕਾਰਾਂ, ਵਿਗਿਆਨੀਆਂ, ਚਿੰਤਕਾਂ, ਲੇਖਕਾਂ, ਪੱਤਰਕਾਰਾਂ, ਵਿਸ਼ਲੇਸ਼ਕਾਂ ਦਰਮਿਆਨ ਭਖ਼ਵੇਂ ਤਬਸਰੇ ਹੋ ਰਹੇ ਹਨ। ਸੰਕਟਾਂ ਦੇ ਕਾਰਨਾਂ ਅਤੇ ਸਿੱਟਿਆਂ ਨੂੰ ਤੋਲਿਆ ਮਿਣਿਆ ਜਾ ਰਿਹਾ ਹੈ। ਸੰਕਟ ਉੱਤੇ ਕਾਬੂ ਪਾਉਣ ਦੇ ਹੱਲ, ਦਵਾ-ਦਾਰੂਆਂ ਦੀਆਂ ਖੋਜਾਂ ਹੋ ਰਹੀਆਂ ਹਨ। ਖੋਜਾਰਥੀ ਦਿਨ ਰਾਤ ਸਿਧਾਂਤ, ਪ੍ਰਤੀ ਸਿਧਾਂਤ ਪੇਸ਼ ਕਰਕੇ ਪਹਿਲੇ ਨਾਲੋਂ ਬਿਹਤਰ ਤੇ ਉੱਚ ਪੱਧਰੇ ਸੰਯੋਜਨ ‘ਤੇ ਪਹੁੰਚਣ ਵਾਸਤੇ ਤਜਰਬੇ ਕਰ ਰਹੇ ਹਨ। ਵਿਗਿਆਨੀਆਂ ਇਸ ਕਹਿਰ ‘ਤੇ ਕਾਬੂ ਪਾਉਣ ਲਈ ਦ੍ਰਿੜ ਸੰਕਲਪ ਹੈ। ਮਨੁੱਖ ਨੇ ਪਹਿਲੇ ਸੰਕਟਾਂ ਨਾਲ ਨਿਪਟਣ ਦੇ ਰਾਹ ਕੱਢੇ ਲਏ ਸਨ। ਪਰ ਜੇ ਪੇਟੈਂਟ ਦਵਾਈ ਨਾ ਵੀ ਲੱਭੀ, ਤਾਂ ਵੀ ਪਹਿਲੀਆਂ ਮਹਾਂਮਾਰੀਆਂ ਵਾਂਗ ਇਸ ਨਾਲ ਜਿਊਣ ਦੇ ਢੰਗ ਤਰੀਕੇ ਜ਼ਰੂਰ ਪੇਸ਼ ਕਰਨਗੇ।

ਨਾਲ ਹੀ ਇਤਿਹਾਸਕ ਮਹਾਂਮਾਰੀਆਂ, ਜੰਗਾਂ, ਯੁੱਧਾਂ ਦੇ ਪੂਰਵ ਉੱਤਰ ਹਾਲਾਤ ਨੂੰ ਵੀ ਡੂੰਘਾਈ ਨਾਲ ਮੁੜ ਘੋਖਿਆ, ਵਿਚਾਰਿਆ ਜਾ ਰਿਹਾ ਹੈ। ਉਹ ਸੰਕਟ ਕਿਹੜੇ ਹਾਲਾਤ ਵਿੱਚ ਅਤੇ ਕਿਉਂ ਤੇ ਕਿਵੇਂ ਪੈਦਾ ਹੋਏ। ਬਿਹਤਰ ਜ਼ਿੰਦਗੀ ਜਿਊਣ ਵਾਸਤੇ ਇਹੋ ਜਿਹੀਆਂ ਮਨੁੱਖੀ ਆਫਤਾਂ ਦੇ ਸਦੀਵੀ ਹੱਲ, ਵਿਗੜੀਆਂ ਸਥਿਤੀਆਂ ਨੂੰ ਸੋਧਣ, ਸੁਧਾਰਨ ਦੇ ਸਾਧਨ ਭਾਲਣ ਲਈ ਜੜਾਂ ਤਕ ਸਮੀਖਿਆ ਕੀਤੀ ਜਾ ਰਹੀ ਹੈ। ਪਰ ਇੱਕ ਆਵਾਜ਼ ਬੜੀ ਹੀ ਉੱਚੀ ਸੁਰ ਵਿੱਚ ਗੂੰਜ ਰਹੀ ਹੈ। ‘ਹਰ ਆਲਮੀ ਸੰਕਟ ਪਿੱਛੋਂ, ਸਰਕਾਰੀ ਤੰਤਰ ਤੇ ਸਮਾਜਿਕ ਤਾਣੇ-ਬਾਣੇ ਪਹਿਲਾਂ ਵਰਗੇ ਨਹੀਂ ਰਹਿੰਦੇ।‘ ਇਤਿਹਾਸ ‘ਤੇ ਝਾਤੀ ਮਾਰੋ। ਵੱਡੀਆਂ ਆਲਮੀ ਜੰਗਾਂ, ਮਹਾਂ ਆਰਥਿਕ ਮੰਦੀਆਂ, ਕੁਦਰਤੀ ਸੁਨਾਮੀਆਂ, ਭੁਚਾਲਾਂ ਅਤੇ ਆਫਤਾਂ ਨੇ ਹਰ ਦੇਸ਼ ਦੀਆਂ ਵਿਚਾਰਧਾਰਕ ਦਿਸ਼ਾਵਾਂ, ਸਿਆਸੀ, ਸਮਾਜਿਕ, ਸਭਿਆਚਾਰਕ ਤੇ ਭੂਗੋਲਿਕ ਸੰਰਚਨਾਵਾਂ ਵਿੱਚ ਉੱਥਲ-ਪੁੱਥਲ ਕਰ ਦਿੱਤੀ ਸੀ। ਵਰਲਡ ਵਾਰ ਨੂੰ ਹੀ ਵੇਖ ਲਵੋ। ਜਰਮਨੀ ਵਿੱਚ ਬਾਦਸ਼ਾਹਤ ਖਤਮ ਹੋਈ। ਉਹ 1918 ਵਿੱਚ ਗਣਰਾਜ ਬਣ ਗਿਆ। ਰੂਸੀ ਜ਼ਾਰਸ਼ਾਹੀ ਦਾ ਬਿਸਤਰਾ ਵਲੇਟਿਆ ਗਿਆ। ਅਕਤੂਬਰ ਇਨਕਲਾਬ (1917) ਨਾਲ ਯੂਨੀਅਨ ਆਫ ਸੋਵੀਅਤ ਹੋਂਦ ਵਿੱਚ ਆ ਗਿਆ। ਏਸ਼ੀਆ ਅਤੇ ਅਫਰੀਕਾ ਵਿੱਚ ਸੁਤੰਤਰਤਾ ਲਹਿਰਾਂ ਜ਼ੋਰ ਫੜ ਗਈਆਂ। ਕੌਮਾਂਤਰੀ ਲੀਗ ਆਫ ਨੇਸ਼ਨਜ਼ ਹੋਂਦ ਵਿੱਚ ਆ ਗਈ। ਪਰ ਵਰਸੇਲਜ਼ ਦੇ ਕਰੜੇ ਸਮਝੌਤੇ ਦੂਜੇ ਵਿਸ਼ਵ ਯੁੱਧ ਦਾ ਕਾਰਨ ਵੀ ਬਣੇ। ਸਾਮਰਾਜਵਾਦ ਤੇ ਫਾਸ਼ੀਵਾਦ ਦੀਆਂ ਨੀਹਾਂ ਹਿੱਲ ਗਈਆਂ। ਆਜ਼ਾਦੀ ਲਹਿਰਾਂ ਅੱਗੇ ਵਧੀਆਂ। ਪਰ ਇਤਿਹਾਸ ਸਿੱਧੀ ਲੀਹੇ ਵੀ ਨਹੀਂ ਚੱਲਦਾ। ਸਾਮਰਾਜ ਨੇ ਨਵਬਸਤੀਵਾਦੀ, ਉਦਾਰਵਾਦੀ ਮਖੌਟੇ ਪਾ ਮੁੜ ਉਹੋ ਚਾਲੇ ਫੜ ਲਏ। ਉਹੋ ਹੀ ਆਸ਼ੇ, ਉਹੋ ਹੀ ਮਨਸ਼ੇ। ਪੱਛਮੀ ਜਰਮਨੀ ਤੇ ਪੂਰਬੀ ਜਰਮਨ ਦੋ ਵੱਡੇ ਸ਼ਕਤੀਸ਼ਾਲੀ ਬਲਾਕਾਂ ਵਿੱਚ ਵੰਡਿਆ ਗਿਆ। ਕੋਲਡ ਵਾਰ ਦਾ ਘੜਮੱਸ ਛਿੜ ਪਿਆ। ਯੂ.ਐੱਨ.ਓ. 1945 ਵਿੱਚ ਸਥਾਪਤ ਹੋ ਗਈ। ਪਰ ਵੱਡੀਆਂ ਤਾਕਤਾਂ ਦੇ ਵੀਟੋ ਅਧਿਕਾਰ ਨੇ ਸਾਮਰਾਜੀ ਤੇ ਸਾਮਵਾਦੀ ਟੱਕਰ ਜਾਰੀ ਰੱਖੀ। ਪਛੜੇ ਅਵਿਕਸਤ ਦੇਸ਼ਾਂ ਦੀਆਂ ਮੰਡੀਆਂ ਉੱਤੇ ਆਪਣੇ ਰਸੂਖ਼ ਜਮਾਉਣ ਲਈ ਦੋਵੇਂ ਬਲਾਕਾਂ ਦੀ ਖਿੱਚੋਤਾਣ ਵਧ ਗਈ। ਹਰ ਦੇਸ਼ ਦੀਆਂ ਸਥਾਨਕ ਪ੍ਰਗਤੀਸ਼ਾਲੀ ਲਹਿਰਾਂ ਵੀ ਜ਼ੋਰ ਫੜਨ ਲੱਗ ਪਈਆਂ। ਸੋਵੀਅਤ ਯੂਨੀਅਨ ਦਾ ਪ੍ਰਭਾਵ ਹਰ ਦੇਸ਼ ਦੀ ਮਜ਼ਦੂਰ ਤੇ ਕਿਸਾਨੀ ਜਮਾਤਾਂ ਨੇ ਕਬੂਲਿਆ। ਲਾਂਗ ਮਾਰਚ ਪਿੱਛੋਂ ਮਾਓਜ਼ੇ ਤੁੰਗ ਦੀ ਵਿਚਾਰ ਧਾਰਾ ਦਾ ਪ੍ਰਭਾਵ ਫੈਲਣਾ ਸ਼ੁਰੂ ਹੋ ਗਿਆ। ਏਸ਼ੀਅਨ ਮਹਾਂਦੀਪ ਵਿੱਚ ਪੀਪਲਜ਼ ਰਿਪਬਲਿਕ ਆਫ ਚਾਇਨਾ ਨੇ ਪਛੜੇ ਦੇਸ਼ਾਂ ਵਾਸਤੇ ਇੱਕ ਰੋਲ ਮਾਡਲ ਵੀ ਤੇ ਵਿਕਾਸ ਸਾਧਨਾਂ ਦੀ ਢਾਲ ਅਤੇ ਢੋਈ ਵੀ ਬਣ ਗਿਆ। ਵੀਅਤਨਾਮ ਵਰਗੇ ਛੋਟੇ ਜਿਹੇ ਦੇਸ਼ ਨੇ ਅਮਰੀਕੀ ਸਾਮਰਾਜ ਵਿਰੁੱਧ 20 ਸਾਲ ਯੁੱਧ ਲੜਿਆ। ਲੋਕਾਂ ਨੇ ਵਰਦੇ ਬੰਬਾਂ ਵਿੱਚ ਮੋਢਾ ਵਹਿੰਗੀਆਂ ਦੁਆਰਾ ਫਰੰਟ ‘ਤੇ ਲੜਦੇ ਸੂਰਮਿਆਂ ਵਾਸਤੇ ਪੂਰਤੀ ਲਾਈਨਾਂ ਕਾਇਮ ਰੱਖੀਆਂ। ਅਮਰੀਕੀ ਫੌਜ ਨੇ ਨਪਾਮ ਬੰਬਾਂ ਦੀ ਵਰਤੋਂ ਵੀ ਕੀਤੀ। ਆਖਿਰ ਉਸ ਨੂੰ ਸੈਗੋਨ ਵਿੱਚੋਂ ਹੈਲੀਕਾਪਟਰਾਂ ਰਾਹੀਂ ਭੱਜਣਾ ਪਿਆ। ਇਹ ਕ੍ਰਿਸ਼ਮਾ ਲੋਕ ਸ਼ਕਤੀ ਦਾ ਸੀ। ਉੱਧਰ ਵੀਅਤਨਾਮ ਅਤੇ ਉੱਤਰ ਕੋਰੀਆ ਨੇ ਸਿੱਧੇ ਹੀ ਚੀਨ ਦੇ ਮਾਡਲ ‘ਤੇ ਚੱਲਦਿਆਂ ਬੜੀ ਤੇਜ਼ੀ ਨਾਲ ਕਿਰਤੀ ਤੇ ਗਰੀਬ ਵਰਗਾਂ ਵਾਸਤੇ ਸਿੱਖਿਆ, ਸਿਹਤ, ਸੁਰੱਖਿਆ, ਸੰਚਾਰ ਵਿੱਚ ਇਨਕਲਾਬੀ ਪ੍ਰੀਵਰਤਨ ਲੈ ਆਂਦੇ ਜੋ ਆਲਮ ਭਰ ਦੇ ਮਿਹਨਤਕਸ਼ ਗਰੀਬ ਵਰਗਾਂ ਦੇ ਰਾਹ ਦਸੇਰੇ ਬਣ ਗਏ। ਸਾਮਵਾਦੀ ਲਾਲ ਸਿਤਾਰਾ ਦਮਕਣ ਲੱਗ ਪਿਆ। ਜਨਤਕ ਸੇਵਾਵਾਂ ਵਿੱਚ ਬਿਹਤਰੀ ਅਤੇ ਭਲਾਈ ਵਿੱਚ ਓੜਕਾਂ ਦਾ ਵਾਧਾ ਹੋਇਆ। ਸਾਮਰਾਜੀ ਮਹਾਂ ਸ਼ਕਤੀ ਦੀ ਬਗਲ ਵਿੱਚ ਹੀ ਛੋਟਾ ਜਿਹਾ ਕਿਊਬਾ ਸਮਾਜਵਾਦੀ ਲੀਹਾਂ ‘ਤੇ ਚੱਲ ਪਿਆ। ਉਹਨੇ ਸਿਹਤ, ਸਿੱਖਿਆ ਅਤੇ ਪੌਸ਼ਟਿਕ ਖੁਰਾਕ ਮੁਹਈਆ ਕਰਨੀ ਮੌਲਿਕ ਅਧਿਕਾਰ ਬਣਾ ਦੇਸ਼ ਨੂੰ ਉਨਤੀ ਦੇ ਰਾਹ ਪਾਇਆ। ਛਾਉਣੀਆਂ ਨੂੰ ਮੈਡੀਕਲ ਅਤੇ ਸਿੱਖਿਆ ਕੇਂਦਰਾਂ ਵਿੱਚ ਬਦਲ ਦਿੱਤਾ। ਕੌਮਾਂਤਰੀ ਪੱਧਰ ਤੇ ਆਰਮਾਮੈਂਟ ਦੀ ਥਾਂ ‘ਤੇ ਮੈਡੀਕਲ ਡਿਪਲੋਮੇਸੀ ਰਾਹੀਂ ਸੁਰੱਖਿਅਤ ਤੇ ਸਿਹਤਮੰਦ ਦੇਸ਼ ਬਣ ਗਿਆ। ਅੱਜ ਉਸ ਕੋਲ ਪ੍ਰਤੀ ਹਜ਼ਾਰ ਦੇ 8 ਡਾਕਟਰ ਹਨ। ਦੁਨੀਆਂ ਵਿੱਚ ਸਭ ਤੋਂ ਉੱਪਰ। ਭਾਰਤ ਕੋਲ ਪੂਰਾ ਇੱਕ ਵੀ ਨਹੀਂ (0.8)। ਅੱਜ ਕਰੋਨਾ ਕਹਿਰ ਦੌਰਾਨ ਉਹ ਪੀੜਤ ਮੁਲਕਾਂ ਨੂੰ ਡਾਕਟਰੀ ਸਾਜ਼ੋ ਸਾਮਾਨ ਸਮੇਤ ਅਮਲੇ ਦੇ ਸਹਾਇਤਾ ਦੇਣ ਦੇ ਐਲਾਨ ਕਰ ਰਿਹਾ ਹੈ ਜਦੋਂ ਕਿ ਸਾਮਰਾਜੀ ਸ਼ਕਤੀ ਯੂ.ਐੱਸ. ਖੁਦ ਹੀ ਇਸ ਅੱਗੇ ਬੇਵੱਸ ਪ੍ਰਤੀਤ ਹੋ ਰਿਹਾ ਹੈ।

ਪਹਿਲੀ ਜੰਗ ਬਾਅਦ ਰੂਸ ਵਿੱਚ ਜ਼ਾਰਸ਼ਾਹੀ ਦੀ ਥਾਂ ‘ਤੇ ਲੈਨਿਨ ਦੀ ਅਗਵਾਈ ਵਿੱਚ ਸਮਾਜਵਾਦੀ ਯੁਗ ਆਰੰਭ ਹੋਇਆ। ਇਸ ਵਿੱਚ ‘ਹਰ ਕੋਲੋਂ ਉਸ ਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਸ ਦੀ ਦੇਣ ਅਨੁਸਾਰ‘ ‘ਤੇ ਅਮਲ ਸ਼ੁਰੂ ਹੋਇਆ। ਇਸਦੀ ਅਗਲੀ ਅਵਸਥਾ ਸੀ ਸਾਮਵਾਦ ਜਿੱਥੇ ‘ਹਰ ਇੱਕ ਕੋਲੋਂ ਉਸ ਦੀ ਸਮਰੱਥਾ ਅਨੁਸਾਰ, ਹਰ ਇੱਕ ਨੂੰ ਉਸ ਦੀ ਲੋੜ ਅਨੁਸਾਰ‘ ਲਾਗੂ ਹੋਣਾ ਸੀ। ਪਰ ਲੀਡਰਸ਼ਿੱਪ ਕੋਲੋਂ ਸਮਾਜਵਾਦੀ ਤੰਤਰ ਮਜ਼ਬੂਤ ਨਾ ਹੋਇਆ ਤੇ ਸੋਵੀਅਤ ਯੂਨੀਅਨ ਢਹਿ ਢੇਰੀ ਹੋ ਗਿਆ। ਪਿੱਛੋਂ ਪੂਤਿਨਸ਼ਾਹੀ ਦੇ 20 ਸਾਲੇ ਰਾਜ ਵਿੱਚ ਸਮਾਜਵਾਦੀ ਸਕੀਮਾਂ ਬਿਨਾਂ ਕੰਮ ਨਾ ਚੱਲਿਆ। ਉਸ ਨੇ ਕਾਰਪੋਰੇਟਾਂ ‘ਤੇ ਸ਼ਿਕੰਜਾ ਕੱਸਿਆ ਅਤੇ ਵਿੱਦਿਅਕ ਪ੍ਰਬੰਧ, ਸਿਹਤ ਸੇਵਾਵਾਂ, ਲੋਕ ਵਸੇਬੇ ਤੇ ਖੇਤੀ ਮਸਲਿਆਂ ਲਈ ਕੌਮੀ ਤਰਜੀਹ ਯੋਜਨਾਵਾਂ ਅਰੰਭ ਦਿੱਤੀਆਂ। ਬੁਢੇਪਾ ਪੈਨਸ਼ਨਾਂ ਤੇ ਸਿਹਤ ਸਹੂਲਤਾਂ ਵਿੱਚ ਵੱਡੇ ਵਾਧੇ ਕਰ ਦਿੱਤੇ, ਜਿਸ ਕਰਕੇ ਉਸਦੀ ਰਾਜ ਸ਼ਕਤੀ ਕਾਇਮ ਹੈ। ਕੋਰੋਨਾ ਕਹਿਰ ਰੂਸ ਵਿੱਚ ਬਹੁਤੀ ਮਾਰ ਨਹੀਂ ਮਾਰ ਸਕਿਆ।

ਅੱਜ ਇੱਥੇ ਭਾਰਤ ਵਿੱਚ ਲਾਕਡਾਊਨ, ਕਰਫਿਊ, ਕੰਮ ਬੰਦ। ਦਿਹਾੜੀਦਾਰ ਕਾਮਿਆਂ ਦੇ ਪੀਪੇ ਖਾਲੀ। ਅੰਦਰੀਂ ਡੱਕੀ ਵਿਲਕਦੀ ਕਾਮਾ ਸ਼ਕਤੀ। ਕੋਰੋਨਾ ਕਹਿਰ ਦੇ ਬੱਦਲਾਂ ਹੇਠ ਲਾਕਡਾਊਨ ਪੀੜਤ 40-50 ਕਰੋੜ ਸਾਧਨ ਵਿਹੂਣੇ ਸਿਰਜਣਹਾਰਿਆਂ ਦੀਆਂ ਸਿਸਕੀਆਂ ਮਹਿਸੂਸੀਆਂ ਜਾ ਸਕਦੀਆਂ ਹਨ। ਉਨਾਂ ਉੱਤੇ ਕਿਆਮਤ ਦੇ ਬੱਦਲ ਛਾਏ ਹੋਏ ਨੇ। ਅਫ਼ਰਾ-ਤਫ਼ਰੀ ਵਧੀ ਹੋਈ ਹੈ। ਕਿਰਤੀ ਭੁੱਖ ਦੇ ਮਾਰੇ ਪਿੱਤਰੀ ਸੂਬਿਆਂ ਵੱਲ ਉੱਠ ਤੁਰੇ, ਲਾਂਗ ਮਾਰਚਾਂ ਦੇ ਰੂਪ ਵਿੱਚ। ਮਰ ਵੀ ਰਹੇ ਹਨ। ਧੱਕੇ ਵੀ ਖਾ ਰਹੇ ਹਨ। ਦੇਸ਼ ਦੀ ਚਾਣਕਿਆ ਨੀਤੀ ਲੋਕਾਂ ਦਾ ਢਿੱਡ ਨਹੀਂ ਭਰ ਸਕੀ। ਨਿਰੋਲ ਗੱਲਾਂ ਦੇ ਕੜਾਹ, ਗੁਤਾਵੇ ਹਰ ਦੂਜੇ ਦਿਨ ਪਰੋਸੇ ਜਾ ਰਹੇ ਹਨ। ‘ਸਭ ਕਾ ਸਾਥ, ਸਭ ਕਾ ਵਿਕਾਸ‘, ‘ਵੋਕਲ ਇੰਡੀਆ, ਲੋਕਲ ਇੰਡੀਆ, ਗਲੋਬਲ ਇੰਡੀਆ‘ ਪਿੰਗਲ ਰੂਪੀ ਜੁਮਲਿਆਂ ਦਾ ਯੁਗ ਰਹਿਨਮਾਓ ਬੀਤ ਚੁੱਕਿਆ ਹੈ। ਕੋਰੋਨਾ ਦਾ ਮੁਕਾਬਲਾ ਕਰਨ ਲਈ ਅਹਿਮ ਸਮਾਜਿਕ ਮਹਿਕਮਿਆਂ ਦਾ ਕੌਮੀਕਰਨ ਕਰਨਾ ਬੜਾ ਜ਼ਰੂਰੀ ਹੈ। ਕੋਰੋਨਾ ਅੱਗੇ ਸਾਮਰਾਜ ਹਾਰ ਗਿਆ ਹੈ, ਕੌਮੀ ਸਟੇਟਾਂ ਕਿਹੜੇ ਬਾਗਾਂ ਦੀਆਂ ਮੂਲੀਆਂ ਨੇ। ਲੋਕ-ਬੇਚੈਨੀ, ਬਦਅਮਨੀ ਵਧਕੇ ਤੂਫਾਨ ਬਣ ਜਾਣਾ ਹੈ। ਲਾਭ ਬਨਾਮ ਕਿਰਤ ਦੀ ਲੁੱਟ ਦੀ ਇੱਕ ਫੈਸਲਾਕੁੰਨ ਟੱਕਰ ਬਣ ਰਹੀ ਹੈ। ਲੋੜ ਹੈ ਹੁਣ ਸਾਰਕਾਰੀ ਕਾਮਿਆਂ, ਦਿਹਾੜੀਦਾਰਾਂ ਤੇ ਅਸੰਗਠਿਤ ਕਿਰਤ ਨੂੰ ਅਰਥ ਸੁਰੱਖਿਆ ਦੇਣ ਦੀ। ਹੁਣ ਤਾਂ ਕੁਝ ਇਮਾਨਦਾਰ ਨੀਤੀਆਂ ਲਾਗੂ ਕਰਨ ਦੀ ਘੜੀ ਹੈ।

ਉਦੋਂ ਹੀ ਕੋਰੋਨਾ ਗਰਜਿਆ! ਮੈਂ ਧੌਲਰਾਂ ਤੇ ਝੌਂਪੜੀਆਂ ਨੂੰ ਇੱਕੋ ਅੱਖ ਵੇਖਦਾ ਆਂ। ਅਮੀਰੋ, ਪੂੰਜੀਪਤੀਓ! ਮੈਂ ਸਮੁੱਚੇ ਸੰਸਾਰ ਨੂੰ ਸੰਬੋਧਿਤ ਹਾਂ। ਮੈਂ ਇੱਕ ਇਨਕਲਾਬੀ ਵਾਇਰਲ ਹਾਂ। ਵੇਖੋ ਮੇਰੇ ਨਾਂ ਤੋਂ ਹੀ ਦੁਨੀਆਂ ਕੰਬਦੀ ਹੈ। ਮੇਰਾ ਮੁਕਾਬਲਾ ਐਟਮੀ ਸ਼ਕਤੀ ਵੀ ਨਹੀਂ ਕਰ ਸਕਦੀ। ਖਟਮਲ ਇੱਕ ਛੋਟਾ ਜਿਹਾ ਜੀਵ ਹੁੰਦਾ ਹੈ। ਉਹਦਾ ਮੁਕਾਬਲਾ ਸ਼ੇਰ, ਚੀਤੇ, ਬਗੇਲੇ ਵੀ ਨਹੀਂ ਕਰ ਸਕਦੇ। ਮੈਂ ਤਾਂ ਉਹਤੋਂ ਵੀ ਛੋਟਾ, ਬਰੀਕ ਜਿਹਾ ਵਿਸ਼ਾਣੂ ਹਾਂ। ਮੇਰੀ ਛੂਆ-ਛੂਤ ਇੰਨੀ ਸੂਖ਼ਮ ਅਤੇ ਤੇਜ਼ ਹੁੰਦੀ ਹੈ ਕਿ ਪਤਾ ਹੀ ਨਹੀਂ ਲੱਗਦਾ ਕਦੋਂ, ਕਿੱਥੋਂ ਤੇ ਕਿਸ ਤਰਾਂ ਜਹਾਜ਼ਾਂ ਵਿੱਚ, ਬਿਜ਼ਨੈੱਸ ਤੇ ਇਕਾਨੋਮੀ ਕਲਾਸਾਂ ਰਾਹੀਂ ਸਫ਼ਰ ਕਰ ਵੱਖ ਵੱਖ ਦੇਸ਼ਾਂ ਵਿੱਚ ਜਾ ਪ੍ਰਗਟ ਹੋਇਆ। ਮੈਂ ਪੈਦਲ ਨਹੀਂ ਤੁਰਦਾ। ਪਿਛਲੀਆਂ ਏਡਜ਼ (ਐੱਚ ਆਈ ਵੀ), ਸਪੈਨਿਸ਼ ਫਲੂ, ਓਬੋਲਾ ਆਦਿ ਵਰਗੀਆਂ ਮਹਾਂਮਾਰੀਆਂ ਨੇ ਸਰਕਾਰਾਂ, ਡਾਕਟਰਾਂ, ਵਿਗਿਆਨਕਾਂ ਨੂੰ ਚੱਕਰਾਂ ਵਿੱਚ ਪਾ ਦਿੱਤਾ ਹੈ। ਹੁਣ ਵੀ ਹਰ ਦੇਸ਼ ਵਾਸੀ ਨੂੰ ਮੇਰੇ ਨਾਲ ਜੂਝਣਾ ਪੈ ਰਿਹਾ ਹੈ ਤੇ ਅੱਗੇ ਤੋਂ ਬਚਕੇ ਮੇਰੇ ਨਾਲ ਜਿਊਣਾ ਸਿੱਖਣਾ ਪੈਣਾ ਹੈ। ਕਿਹੜੇ ਸਰਕਾਰੀ ਮਹਿਕਮੇ ਮੇਰੇ ਨਾਲ ਸਫਲਤਾ ਸਹਿਤ ਡਟੇ ਹਨ? ਘੋਖਵੀਂ, ਪੜਚੋਲਵੀਂ ਨਿਗਾਹ ਮਾਰਿਆਂ ਸਪਸ਼ਟ ਦਿਸਣ ਲੱਗ ਪੈਂਦਾ। ਜਨਤਕ ਸਿਹਤ, ਸਿੱਖਿਆ, ਸੰਚਾਰ, ਸੁਰੱਖਿਆ ਅਤੇ ਵੰਡਤੰਤਰ ਹੀ ਮੋਹਰੀ ਹੋ ਕੇ ਮੇਰੇ ਨਾਲ ਦੋ ਹੱਥ ਹੋਏ ਨੇ। ਨਿੱਜੀ ਅਦਾਰੇ, ਪ੍ਰਾਈਵੇਟ ਹਸਪਤਾਲਾਂ ਦੇ ਕਾਰਕੁੰਨ ਪੂਛਾਂ ਦਬਾ ਕੇ ਏਕਾਂਤਵਾਸਾਂ ਵਿੱਚ ਜਾ ਦੁਬਕੇ। ਘਰ ਘਰ, ਗਲੀ ਗਲੀ, ਮੁਹੱਲੇ ਮੁਹੱਲੇ, ਪਿੰਡ ਪਿੰਡ, ਕਸਬਾ ਕਸਬਾ ਜੂਝਣ ਨਾਲ ਮੁਨਾਫ਼ਾ ਕੋਈ ਨਹੀਂ ਸੀ ਹੋਣਾ। ਨਫ਼ੇ ਨੁਕਸਾਨ ਦੇ ਸ਼ਤਰੰਜੀ ਖਿਡਾਰੀ ਕਾਹਨੂੰ ਟਿਕਦੇ ਨੇ। ਰਣ ਤੱਤੇ ਵਿੱਚ ਤਾਂ ਸਮਾਜ ਸੇਵੀ ਸੂਰਮੇ ਹੀ ਡਟਦੇ ਨੇ। ਮੰਨਣਾ ਪਏਗਾ ਕਿ ਜਨਤਕ ਹਸਪਤਾਲਾਂ ਦੇ ਡਾਕਟਰ, ਨਰਸਾਂ, ਪੈਰਾ ਮੈਡੀਕਲ ਅਮਲਾ ਜਿਸ ਤਰਾਂ ਦੇ ਵੀ ਸਾਜ਼ੋਸਾਮਾਨ, ਮਾੜੇ-ਚੰਗੇ, ਅਧੂਰੇ-ਅਧੋਰਾਣੇ ਨਾਲ ਲੈਸ ਸੀ, ਬਹਾਦਰਾਂ ਵਾਂਗ ਲੜਿਐ, ਅਤੇ ਲੜ ਰਹੇ ਹਨ। ਬਿਮਾਰ ਹੋਏ, ਇਕਾਂਤਵਾਸ ਰਹੇ। ਠੀਕ ਹੋ ਕੇ ਫਿਰ ਫਰੰਟ ‘ਤੇ ਆ ਡਟੇ। ਬੇਬਾਕ ਫੱਕਰ ਸ਼ਾਇਰ ਉਸਤਾਦ ਦਮਨ ਸਹੀ ਫਰਮਾਉਂਦਾ ਹੈ: ‘ਵਾਹਗੇ ਨਾਲ ਅਟਾਰੀ ਦੀ ਨਹੀਂ ਟੱਕਰ, ਨਾ ਹੀ ਗੀਤਾ ਨਾਲ ਕੁਰਾਨ ਦੀ ਏ, ਨਹੀਂ ਕੁਫ਼ਰ ਇਸਲਾਮ ਦਾ ਕੋਈ ਝਗੜਾ, ਸਾਰੀ ਗੱਲ ਇਹ ਨਫ਼ੇ ਨੁਕਸਾਨ ਦੀ ਏ‘। ਸਾਫ ਟੱਕਰ ਕਾਰਪੋਰੇਟ ਬਨਾਮ ਕਿਰਤ ਦੀ ਹੈ। ਲਹੂ ਪੀਣੀਆਂ ਜੋਕਾਂ ਬਨਾਮ ਮਿਹਨਤਕਸ਼ਾਂ ਦੀ।

ਇਹ ਵਿਚਾਰ ਕੋਈ ਸ਼ੋਸ਼ਾ, ਗਪੌੜ, ਛੁਰਲੀ ਜਾਂ ਖੰਭਾਂ ਦੀ ਡਾਰ ਨਾ ਸਮਝਿਓ! ਵੀਰਨੋ! ਇਹ ਤਾਂ ਇੱਕ ਦੂਰ ਦ੍ਰਿਸ਼ਟ ਸੰਕਲਨ ਹੈ। ਗੁਲਦਸਤੇ ਵਿੱਚੋਂ ਉਗਮਿਆ ਹੈ। ਐਵੇਂ ਇੱਕ ਭਾਵੁਕ ਹਉਕਾ ਨਹੀਂ। ਭੁੱਲੀਏ ਨਾ, ਯਹੂਦੀਆਂ ਵਾਂਗ ਹੁਣ ਵੀ ਸਾਨੂੰ ਆਪਣੀਆਂ ਪੁਸ਼ਤਾਂ ਨੂੰ ਉਚੇਰੀ ਸਿੱਖਿਆ ਦੇ ਕੇ ਦੇਸ਼ ਹਵਾਲੇ ਕਰਨਾ ਪੈਣਾ ਹੈ। ਮਾਰੂਥਲਾਂ ਵਿੱਚ ਧੱਕੇ ਸੁੱਟਿਆਂ ਨੇ ਸੂਝ, ਸੋਚ, ਸਿਰੜ ਨਾਲ ਰੇਗਿਸਤਾਨ ਵਿੱਚ ਨਖ਼ਲਿਸਤਾਨ ਪੈਦਾ ਕਰ ਵੱਡੀਆਂ ਸ਼ਕਤੀਆਂ ਦੇ ਹਾਣ ਦੇ ਬਣ ਆਪਣੇ ਸਵੈਮਾਨ ਨਾਲ ਜਿਊਣਾ ਸਿੱਖਿਆ ਹੈ। ਇਸ ਸੱਚ ਨੂੰ ਪਛਾਣ ਕੇ ਲੋਕ ਪੱਖੀ ਦੇਸ਼ਾਂ ਦੀਆਂ ਸਰਕਾਰਾਂ ਸਿਹਤ, ਸਿੱਖਿਆ, ਸੰਚਾਰ, ਵੰਡ ਵਰਗੇ ਬੁਨਿਆਦੀ ਤੰਤਰਾਂ ਦਾ ਕੌਮੀਕਰਨ ਕਰ ਦਿੱਤਾ ਹੈ। ਯੂ.ਕੇ., ਅਮਰੀਕਾ, ਯੂਰੋਪ ਦੀਆਂ ਕਈ ਸਰਕਾਰਾਂ ਨੇ ਸਟੇਟ ਕੰਟਰੋਲ ਲਾਗੂ ਕਰ ਰਹੀਆਂ ਹਨ। ਫੋਰਡ ਵਰਗੀ ਕੰਪਨੀ ਨੂੰ ਵੈਂਟੀਲੇਟਰ ਬਣਾਉਣ ਲਾ ਦਿੱਤਾ ਹੈ। ਹੁਣ ਡਾਇਲੈਕਟੀਕਲ ਤੇ ਡਾਇਗਨਲ ਦਾ ਸਵਾਲ ਨਹੀਂ। ਚੋਣ ਹੈ, ‘ਬਰਬਰਵਾਦ ਜਾਂ ਸਾਮਵਾਦ‘। ਮਹਾਨ ਚਿੰਤਕ ਇਨਾਂ ਜਨਤਕ ਸੇਵਾਵਾਂ ਦੇ ਕੌਮੀਕਰਨ ‘ਤੇ ਬੜੀ ਦੇਰ ਤੋਂ ਜ਼ੋਰ ਦਿੰਦੇ ਆ ਰਹੇ ਹਨ, ਤਜਰਬੇ ਸਫ਼ਲ ਵੀ ਹੋਏ ਹਨ, ਉਹ ਤਾਂ ਹੁਣ ਡਬਲਿਯੂ.ਐੱਚ.ਓ. ‘ਤੇ ਜ਼ੋਰ ਪਾਉਂਦੇ ਹਨ ਕਿ ਇਹਨਾਂ ਜ਼ਰੂਰੀ ਮਾਨਵੀ ਸੇਵਾਵਾਂ ਦੀ ਇੱਕ ਧਾਰਾ ਵਿਸ਼ਵ ਪੱਧਰ ‘ਤੇ ਤੋਰਨੀ ਚਾਹੀਦੀ ਹੈ। ਆਲਮ ਭਰ ਵਿੱਚ ਸੰਸਾਰੀਕਰਨ, ਸੰਸਕਾਰਤਾ ਜ਼ਰੂਰੀ ਲੋੜ ਬਣਦੀ ਜਾ ਰਹੀ ਹੈ! ਇਹੋ ਜਿਹੀਆਂ ਪ੍ਰਸਥਿਤੀਆਂ ਆਉਣ ਵਾਲੇ ਸਮਿਆਂ ਵਿੱਚ ਦਰਪੇਸ਼ ਹੁੰਦੀਆਂ ਰਹਿਣੀਆਂ ਨੇ। ਜਿਵੇਂ ਕਿਹਾ ਜਾ ਰਿਹਾ ਹੈ ਕਿ ਅਗਲੀ ਮਹਾਂਮਾਰੀ ਐਮੇਜ਼ਨ ਦੇ ਜੰਗਲਾਂ ਵਿੱਚੋਂ ਆਵੇਗੀ। ਜੋ ਕਿਆਮਤ ਬਣ ਸਕਦੀ ਹੈ। ਪਰ ਇੱਦਾਂ ਦਾ ਆਦਰਸ਼ਕ ਸੁਝਾਅ ਹਾਲੀ ਸ਼ਾਇਦ ਕੌਮੀ ਹੱਦਾਂ ਟੱਪ ਨਾ ਸਕੇ।

ਕੋਰੋਨਾ ਫਿਰ ਯਾਦ ਕਰਾਉਂਦਾ ਹੈ: ਵੇਖੋ! ਮੇਰੇ ਕਹਿਰ ਸਾਹਮਣੇ ਐਟਮੀ ਜੰਗ ਤੇ ਵਾਤਾਵਰਣ ਸੰਕਟ ਦੀ ਕੋਈ ਗੱਲ ਨਹੀਂ ਕਰਦਾ। ਮੈਂ ਫਿਰ ਉਨਾਂ ਤੋਂ ਉੱਪਰ ਹੋਇਆ ਨਾ। ਮੈਂ ਤਾਂ ਸਰਕਾਰਾਂ ਨੂੰ ਤੁਰੰਤ ਤਿੱਖੇ ਤੇ ਦਲੇਰ ਫੈਸਲੇ ਲੈਣ ਦਾ ਮੌਕਾ ਦਿੱਤਾ ਹੈ। ਚਲੰਤ ਕੋਰੋਨਾ ਸੰਕਟੀ ਪ੍ਰਿਜ਼ਮ ਵਿੱਚ ਵੇਖਣ ਵਾਲਿਆਂ ਮਾਹਰਾਂ ਨੂੰ ਵਿਸ਼ਵ ਕਲਿਆਣ ਅਰਥ ਪ੍ਰਬੰਧਨ ਵਿੱਚ ਹੀ ਦਿੱਸਦਾ ਹੈ। ਲੋਕਲ ਆਤਮ ਬਲ, ਆਤਮ ਵਿਸ਼ਵਾਸ, ਸੰਕਟੀ ਮੰਤਰ ਹਨ। ਚੋਣ ਅਸੀਂ, ਤੁਸੀਂ ਅਸਾਂ ਸਭ ਨੇ ਮਿਲਕੇ ਕਰਨੀ ਹੈ। ਨਿੱਤਰਕੇ ਚੋਣ ਬਰਬਰਵਾਦ (ਵਹਿਸ਼ੀ, ਅਸੱਭਿਅਕ ਤੌਰ ਤਰੀਕੇ) ਅਤੇ ਸਾਮਵਾਦ ਵਿੱਚੋਂ ਕਰਨੀ ਪੈਣੀ ਹੈ। ਨਸਲਵਾਦ ਤੇ ਫਿਰਕੂਪੁਣੇ ਦਾ ਝੱਖੜ ਉੱਥੇ ਝੁੱਲਦਾ ਹੈ ਜਿੱਥੇ ਬੇਇਨਸਾਫੀ ਹੋਵੇ। ਸਭ ਕੁਝ ਬਿਹਤਰੀਨ ਪ੍ਰਦਾਨ ਕਰਨ ਲਈ ਸਟੇਟ ਨਿਯੰਤਰਣ ਵਧਾਉਣੇ ਪੈਣੇ ਹਨ। ਇਸ ਮਰਹਲੇ ‘ਤੇ ਕੌਮੀ ਸਰਕਾਰਾਂ ਨੂੰ ਫੌਜਾਂ ਵਾਂਗ ਸਿਹਤ, ਸਿੱਖਿਆ, ਸੰਚਾਰ, ਕਿਰਤ ਵਿਭਾਗਾਂ ਦੇ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਵੇਤਨ ਸਟੇਟ ਕੰਟਰੋਲ ਹੇਠ ਵੱਡੀਆਂ ਯੋਜਨਾਬੰਦੀਆਂ ਕਰਨੀਆਂ ਪੈਣਗੀਆਂ। ਇਨਾਂ ਪ੍ਰਤੀ ਉਦਾਸੀਨਤਾ ਘਾਤਕ ਸਿੱਧ ਹੋਵੇਗੀ। ਕਾਰਪੋਰੇਟੀ ਨਿੱਜੀਕਰਨ ਨੂੰ ਇਨਾਂ ਖੇਤਰਾਂ ਵਿੱਚੋਂ ਹਾਰਿਆ ਗਰਦਾਨਕੇ ਖਾਰਜ ਕਰਨਾ ਪਵੇਗਾ।

ਵਿਗਿਆਨ, ਮੈਡੀਕਲ ਤੇ ਸਿਹਤ ਸਿੱਖਿਆ ਮੁਢਲੀਆਂ ਸ਼੍ਰੇਣੀਆਂ ਤੋਂ ਆਰੰਭ ਹੋ ਜਾਣੀ ਚਾਹੀਦੀ ਹੈ। ਇਹੋ ਜਿਹੀਆਂ ਮਹਾਂਮਾਰੀਆਂ ਦਾ ਗਿਆਨ, ਸਾਵਧਾਨੀਆਂ, ਰੱਖਿਆਵਾਂ, ਇਲਾਜ ਤੇ ਦਵਾਈਆਂ ਦੀ ਜਾਣਕਾਰੀ ਹਰ ਨਾਗਰਿਕ ਨੂੰ ਆਮ ਤੌਰ ਉੱਤੇ ਪਰ ਸਿਹਤ ਪੇਸ਼ੇ ਵਾਲਿਆਂ ਨੂੰ ਵਿਸ਼ੇਸ਼ ਤੌਰ ਉੱਤੇ ਦੇਣੀ ਚਾਹੀਦਾ ਹੈ। ਜਿਵੇਂ ਕਿ ਇਮਿਊਨ ਸਿਸਟਮ ਕੀ ਹੁੰਦਾ ਹੈ? ਇਸਦੀ ਸੁਰੱਖਿਆ ਕਿਵੇਂ ਕਰਨੀ ਹੈ? ਕਿਹੜੇ ਭੋਜਨ ਖਾਣੇ ਚਾਹੀਦੇ ਹਨ, ਆਦਿ ਇਤਆਦਿ। ਸਿੱਖਿਆ, ਸਿਹਤ ਤੇ ਸੁਰੱਖਿਆ ਮਹਿਕਮੇ ਦੇ ਅਮਲੇ ਦੇ ਵੇਤਨ, ਛੁੱਟੀਆਂ, ਸਹੂਲਤਾਂ, ਤਰੱਕੀਆਂ, ਬੀਮੇ, ਰੁਤਬੇ ਆਦਿ ਸਤਿਕਾਰਯੋਗ ਹੋਣੇ ਚਾਹੀਦੇ ਹਨ। ਨਾਲ ਹੀ ਕਿਰਤ ਕਾਨੂੰਨ ਹਰ ਖੇਤਰ ਵਿੱਚ ਬੜੀ ਸਖ਼ਤੀ ਨਾਲ ਲਾਗੂ ਹੋਣੇ ਚਾਹੀਦੇ ਹਨ। ਚੋਣ ਕਿਰਤ ਪੱਖੀ ਮਾਡਲ ਦੀ ਕਰਨੀ ਹੈ ਜਾਂ ਪੂੰਜੀਪਤੀ ਕਾਰਪੋਰੇਟੀ ਦੀ। ਜ਼ਰਾ ਸਮਝੋ! ‘ਪੂੰਜੀ ਮਰੀ ਹੋਈ ਕਿਰਤ ਹੁੰਦੀ ਹੈ, ਜੋ ਲਹੂ ਪੀਣੇ ਭੂਤ ਵਾਂਗ ਜਿਉਂਦੀ ਵੀ ਕਿਰਤ ਦਾ ਖ਼ੂਨ ਚੂਸ ਕੇ ਹੀ ਹੈ, ਅਤੇ ਉਨੀ ਹੀ ਵਧੇਰੇ ਜਿਉਂਦੀ ਹੈ, ਜਿੰਨਾ ਵਧੇਰੇ ਕਿਰਤ ਦਾ ਲਹੂ ਚੂਸਦੀ ਹੈ।‘ ਲਾਭ ਬਨਾਮ ਕਿਰਤ ਕਲਿਆਣ ਵਿੱਚੋਂ ਇੱਕ ਦੀ ਫੈਸਲਾਕੁੰਨ ਚੋਣ ਕਰੋ। ਜ਼ਿੰਦਗੀ ਦਾ ਪ੍ਰਵਾਹ ਨਹੀਂ ਰੁਕਣਾ। ਪੂੰਜੀਪਤੀਓ! ਜੇ ਖੁਦ ਜਿਊਣਾ ਹੈ ਤਾਂ ਦੂਜਿਆਂ ਨੂੰ ਜਿਊਣ ਜੋਗੇ ਰਹਿਣ ਦਿਉ। ਇਸ ਲਈ ਸਰਕਾਰਾਂ ਨੂੰ ਬੇਬਾਕ, ਧੜੱਲੇਦਾਰ ਨਿਰਨੇ ਲੈਣੇ ਪੈਣਗੇ। ਇਨਾਂ ਮਹਿਕਮਿਆਂ ਵਿੱਚ ਕੌਮਾਂਤਰੀ ਨਿਰਦੇਸ਼ਾਂ ਅਨੁਸਾਰ ਦੇਸ਼ ਦੇ ਬਜਟਾਂ ਵਿੱਚ ਘੱਟ ਤੋਂ ਘੱਟ ਕੌਮੀ ਜੀਡੀਪੀ ਦਾ 6 ਪ੍ਰਤੀਸ਼ਤ ਨਿਵੇਸ਼ ਕਰਨਾ ਪੈਣਾ ਹੈ। ਜੇ ਇਸ ਦਸ਼ਾ ਵਿੱਚ ਸਭ ਕੌਮੀ ਸਰਕਾਰਾਂ ਪੂਰੀ ਸੁਹਿਰਦਤਾ, ਦ੍ਰਿੜਤਾ ਨਾਲ ਤੁਰ ਪਈਆਂ ਤਾਂ ਲੋਕਾਈ ਆਲਮੀ ਕੋਹੜ ਗੁਰਬਤ, ਕੁਪੋਸ਼ਨ, ਨਾਬਰਾਬਰੀ, ਬੇਰੁਜ਼ਗਾਰੀ ਦੇ ਸੰਕਟਾਂ ਵਿੱਚੋਂ ਨਿਕਲ ਸਕੇਗੀ। ਫਿਰ ਕੋਰੋਨਾ-19 ਵਰਗੇ ਕਹਿਰਾਂ ਦਾ ਸਫਲ ਟਾਕਰਾ ਹੋ ਸਕੇਗਾ। ਕੋਰੋਨਾ ਪਾਤਰ ਦੇ ਸ਼ਬਦ ਗੁਣਗੁਣਾਉਂਦਾ ਹੈ: ਮੈਂ ਰਾਹਾਂ ‘ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ, ਜੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ, ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਹੈ ਮੇਰਾ ਇਹ ਸੜਦੇ ਪੈਰ, ਸੜਦੇ ਦਿਲ ਮੇਰੇ ਸੱਚ ਦੇ ਗਵਾਹ ਬਣਦੇ।

# ਪਿੱਛੋਕੜੋਂ ਟੁੱਟੇ ਲੋਕ



- ਨਾਜਰ ਸਿੰਘ

ਲੰਘ ਰਹੇ ਵੇਲ਼ੇ ਤੋਂ ਸਾਨੂੰ ਪਿੱਛੋਕੜ ਵਾਲੇ ਅਤੇ ਗੈਰ ਪਿੱਛੋਕੜ ਵਾਲੇ ਲੋਕਾਂ ਦਾ ਪਤਾ ਲਗਦਾ ਹੈ। ਲੋਕਾਂ ਦਾ ਵਤੀਰਾ ਕਿਹੋ ਜਿਹਾ ਸੀ। ਉਨਾ ਨੇ ਬੀਤੇ ਤੋਂ ਕੀ ਸਿੱਖਿਆ ਹੈ? ਉਹਨਾਂ ਦੀਆ ਰੌਸਾਂ ਕਿਹੋ ਜਿਹੀਆਂ ਰਹੀਆਂ? ਉਹਨਾਂ ਨੇ ਇਹ ਰੌਸਾਂ (Traditions) ਕਿੱਥੋਂ-ਕਿੱਥੋਂ ਲਈਆਂ । ਇਹਨਾਂ ਲੋਕਾਂ ਵਿੱਚ ਵੱਖੋ ਵੱਖਰੀਆ ਰੌਸਾਂ (Traditions) ਵਾਲੇ ਲੋਕ ਇੱਕ ਥਾਂ ਰਹਿੰਦੇ ਹਨ। ਇਹਨਾ ਲੋਕਾਂ ਦੀਆਂ ਰੌਸਾਂ (Traditions) ਵੱਖੋ ਵੱਖਰੀਆਂ ਕਿਉਂ ਹਨ ਅਤੇ ਲੋਕ ਇਹਨਾਂ ਰੌਸਾਂ (Traditions) ਵਿੱਚ ਕਿਉਂ ਬੱਝੇ ਹੋਏ ਹਨ? ਇਹਨਾਂ ਗੱਲਾਂ ਨੂੰ ਦੇਖ ਕੇ ਆਪਣੇ ਅੰਦਰ ਵਖਰੇਵੇਂ ਵਾਲੇ ਲੋਕ ਝਾਤੀ ਮਾਰਦੇ ਹਨ ਤਾਂ ਕਿ ਉਹਨਾਂ ਅੰਦਰ ਆਪਣੇ ਇਤਿਹਾਸ ਨੂੰ ਪੜਚੋਲਣ ਦਾ ਚਾਅ ਪੈਦਾ ਹੋ ਜਾਵੇ। ਮਹਿਰੂਮ ਲੋਕਾਂ ਨੂੰ ਜੇ ਕੋਈ ਝਲਕ ਉਪਰੋਤ ਤੋਂ ਮਿਲ ਜਾਵੇ ਤਾਂ ਆਪਣੇ ਤੇ ਭਰੋਸਾ ਅਤੇ ਘਮੰਡ (ਮਾਣ ਅਤੇ ਸਵੈਮਾਣ) ਵੀ ਹੁੰਦਾ ਹੈ।ਇਸ ਨਾਲ ਸਾਨੂੰ ਪਿਛਲੀਆ ਤਲਖੀਆ ਦਾ ਗਿਆਨ ਵੀ ਹੁੰਦਾ ਹੈ, ਜਿਨਾਂ ਕਰਕੇ ਉਹ ਮੌਜੂਦਾ ਸਥਿਤੀਆਂ ਵਿੱਚ ਹਨ।

ਇਤਿਹਾਸ ਵਾਚਣ ਲਈ ਸਾਨੂੰ ਬੜੇ ਵਿਵੇਕ ਦੀ ਲੋੜ ਹੈ ਨਹੀ ਤਾਂ ਅਸੀ ਗਲਤ ਸਿੱਟੇ ਤੇ ਪੁੱਜ ਜਾਂਦੇ ਹਾਂ। ਇਤਿਹਾਸ ਲਿਖਣ ਵਾਲਿਆਂ ਦਾ ਵੀ ਆਪਣਾ ਮਨੋਰਥ ਹੁੰਦਾ ਹੈ ਜਿਸ ਨੂੰ ਸਾਹਮਣੇ ਰੱਖ ਕੇ ਲਿਖਦੇ ਹਨ। ਕਈ ਲਿਖਾਰੀ ਆਪਣੇ ਬੌਸ ਨੂੰ ਖੁਸ਼ ਕਰਨ ਲਈ ਵੀ ਲਿਖਦੇ ਹਨ ਅਤੇ ਕੁੱਝ ਲਿਖਾਰੀ ਪਾਰਖੂ ਵੀ ਹੁੰਦੇ ਹਨ ਅਤੇ ਸੱਚ ਨੂੰ ਜਾਣਨਾ ਚਾਹੁੰਦੇ ਹਨ। ਕੁੱਝ ਲਿਖਾਰੀ ਆਪਣੇ ਲਾਭ ਅਤੇ ਪ੍ਰਸਿੱਧੀ ਲਈ ਵੀ ਲਿਖਦੇ ਹਨ।ਕੁੱਝ ਲੋਕ ਉਹ ਵੀ ਹਨ ਜੋ ਲੋਕਾਂ ਨੂੰ ਜਗਾਉਂਦੇ ਹਨ ਤਾਂ ਕਿ ਆਉਣ ਵਾਲੀ ਪੀੜੀ ਸੱਚ ਨੂੰ ਜਾਣ ਸਕੇ। ਪੁਰਾਣੇ ਵੇਲ਼ੇ ਦੇ ਲੋਕਾਂ ਦਾ ਵਿਚਾਰ ਸੀ ਕਿ ਇਤਿਹਾਸ ਦੋ ਤਰਾਂ ਹੁੰਦਾ ਹੈ-ਇੱਕ ਜੱਗ ਬੀਤੀ ਅਤੇ ਦੂਜੀ ਆਪ ਬੀਤੀ। ਜਿਹੜਾ ਇਤਿਹਾਸ ਲਿਖਿਆ ਮਿਲਦਾ ਹੈ ਇਹ ਸ਼ਬਦ ਨੂੰ ਪ੍ਰਮਾਣ ਮੰਨ ਕੇ ਖੋਜਿਆ ਜਾਂਦਾ ਹੈ। ਕੁੱਝ Oral ਨੂੰ ਸੱਚ ਮੰਨ ਕੇ ਵੀ ਖੋਜ ਕਰਦੇ ਹਨ। ਉਹਦੇ ਵਿੱਚ ਸਾਡੀਆ ਰੌਸਾਂ (Traditions) ਅਤੇ ਲੋਕ ਦਾਸਤਾਂ (Legends) ਵੀ ਹੁੰਦੀਆਂ ਹਨ। ਬੋਲੀ ਦੇ ਇਤਿਹਾਸ ਵਿੱਚ ਡਿਕਸ਼ਨਰੀ, ਗਰੈਮਰ, ਮੁਹਾਵਰੇ ਅਤੇ ਅਖਾਣਾ ਵੀ ਇਤਿਹਾਸ ਦਾ ਪਤਾ ਦੇਂਦੀਆਂ ਹਨ।

ਅੱਜ-ਕੱਲ Archaeology & D.N.A ਤੋਂ ਵੀ ਇਤਿਹਾਸ ਦਾ ਪਤਾ ਲਗਾਇਆ ਜਾਂਦਾ ਹੈ। ਦੁਨੀਆ ਦੀਆਂ ਤਬਾਹ ਹੋਈਆ ਰਹਿਤਲ਼ਾਂ (ਸੱਭਿਆਤਾਵਾਂ) ਦਾ ਵੀ ਉਪਰੋਕਤ ਦੋ ਢੰਗਾਂ ਦੀ ਮਦਦ ਨਾਲ ਸਾਨੂੰ ਪਤਾ ਲਗਦਾ ਹੈ ਕਿ ਤਬਾਹ ਹੋਈਆ ਰਹਿਤਲ਼ਾਂ ਕਿੰਨੀਆ ਮਹਾਨ ਸਨ। ਇਸ ਤੋਂ ਪਹਿਲਾ ਸਾਨੂੰ ਐਂਟੀਕਿਊਟੀ ਤੋਂ ਵੀ ਪਤਾ ਲਗਦਾ ਰਿਹਾ ਕਿ ਜਿਉਂ-ਜਿਉਂ ਸਮਾਂ ਬੀਤਦਾ ਗਿਆ ਤਾਂ ਕਾਢੀਆਂ ਨੇ ਵੀ ਨਵੀਆਂ ਕਾਢਾਂ ਕੱਢੀਆਂ ਜਿਵੇਂ ਧਰਤੀ, ਪੁਲਾੜ, ਸਮੁੰਦਰ, ਅਕਾਸ਼ ਅਤੇ ਨਸਲਾਂ ਬਾਰੇ ਨਵੀਆਂ ਜਾਣਕਾਰੀਆਂ ਦਿੱਤੀਆਂ ਹਨ। ਉੱਪਰ ਦੱਸੀਆਂ ਇਤਿਹਾਸ ਦੀਆਂ ਘਟਨਾਵਾਂ ਨੂੰ ਦੇਖ ਕੇ ਵਿਦਵਾਨਾਂ ਨੇ ਆਪੋ-ਆਪਣੇ ਅੰਦਾਜ਼ੇ ਅਨੁਸਾਰ ਲਿਖਿਆ। ਕਈਆਂ ਨੇ ਸਥਾਪਤੀ ਦੇ ਹੱਕ ਵਿੱਚ ਲਿਖਿਆ ਅਤੇ ਕਈਆ ਨੇ ਗੋਲਮੋਲ ਕਰਕੇ ਲਿਖਿਆ ਅਤੇ ਕਈਆਂ ਨੇ ਸਥਾਪਤੀ ਦੇ ਵਿਰੁੱਧ ਲਿਖਿਆ। Archaeology ਖੋਜੀਆਂ ਰਾਂਹੀ ਭਾਂਤ-ਭਾਤ ਦਾ ਸਮਾਨ ਉੱਪਲੱਬਧ ਹੋਇਆ ਹੈ। ਸੰਸਾਰ ਦੀਆ ਬਹੁਤ ਸਾਰੀਆਂ ਰਹਿਤਲ਼ਾਂ ਤਬਾਹ ਹੋਈਆਂ ਹਨ ਜਾਂ ਕਰ ਦਿੱਤੀਆਂ ਗਈਆਂ ਹਨ। ਤਬਾਹ ਕਰਨ ਵਾਲੀ ਰੁਚੀ ਹੈਰਾਨ ਕਰਨ ਵਾਲੀ ਹੈ, ਜਿਸ ਤੋਂ ਸਾਨੂੰ ਮਨੁੱਖੀ ਸੁਭਾਅ ਦਾ ਪਤਾ ਚਲਦਾ ਹੈ ਕਿ ਆਪਣੇ ਤੋਂ ਵੱਖਰੇ ਕਬੀਲੇ ਨੂੰ ਬਰਦਾਸ਼ਤ ਨਹੀ ਕਰਦਾ ਸੀ ਅਤੇ ਉਸ ਨੂੰ ਤਬਾਹ ਕਰਕੇ ਆਪਣੇ ਕਬੀਲੇ ਨੂੰ ਸਥਾਪਿਤ ਕਰਨਾ ਚਾਹੁੰਦਾ ਰਿਹਾ।

ਇਸ ਤਰਾਂ ਸਥਾਪਿਤ ਧਰਮਾਂ ਅਤੇ ਨਵੇਂ ਆਏ ਟੋਲਿਆਂ ਦੇ ਵਿਚਕਾਰ ਲੜਾਈਆਂ ਝਗੜੇ ਹੁੰਦੇ ਆਏ। ਪੁਰਾਣੇ ਧਾੜਵੀ ਹਾਕਮਾਂ ਦੇ ਤਸੀਹਿਆਂ ਦਾ ਬਦਲਾ ਮੌਜੂਦਾ ਪੀੜੀਆਂ ਤੋਂ ਲਿਆ ਜਾ ਰਿਹਾ ਹੈ ਅਤੇ ਰਾਜਨੀਤੀ ਨਵੇਂ ਹਾਕਮਾਂ ਨੇ ਲੋਕਾਂ ਨੂੰ ਅਜਿਹਾ ਪਲੋਸਿਆ ਕਿ ਲੋਕ ਬਿਨਾ ਲਾਭ ਅਤੇ ਹਾਨੀ ਦੇ ਲੀਡਰਾਂ ਨੂੰ ਵੋਟਾਂ ਪਾ ਦਿੰਦੇ ਹਨ ਅਤੇ ਮਗਰੋਂ ਸੋਚਦੇ ਹਨ ਕਿ ਆਹ ਕੀ ਹੋ ਗਿਆ।ਇਸੇ ਭੱਠੀ ਦੀ ਅੱਗ ਨੇ ਇੰਡੋ-ਪਾਕ ਦੀ ਵੰਡ ਦਾ ਕਹਿਰ ਢਾਇਆ। ਅੱਖੀ ਦੇਖਣ ਵਾਲਿਆਂ ਦਾ ਮੱਤ ਹੈ ਕਿ ਉਸ ਕਹਿਰ ਵਿੱਚ ਪੰਜ ਲੱਖ ਤੋਂ ਦਸ ਲੱਖ ਤੱਕ ਦਾ ਜਾਨੀ ਨੁਕਸਾਨ ਅਤੇ ਖਰਬਾਂ ਦਾ ਮਾਲੀ ਨੁਕਸਾਨ ਹੋਇਆ ਹੈ। ਇਸ ਤਰਾਂ ਬਹੁਤ ਸਾਰੀਆਂ ਔਰਤਾਂ ਬੇ-ਆਬਰੂ ਹੋਈਆਂ, ਜਿਨਾਂ ਵਿੱਚੋਂ ਕਈਆ ਨੇ ਬੇਆਬਰੂ ਹੋਣ ਨਾਲੋਂ ਮਰਨ ਨੂੰ ਤਰਜ਼ੀਹ ਦਿੱਤੀ। ਜਦੋਂ ਇਸ ਬਾਰੇ ਹਾਕਮਾਂ ਨੂੰ ਪੁੱਛਿਆ ਗਿਆ ਤਾਂ ਕਹਿ ਦਿੱਤਾ ਕਿ ਅੰਦਾਜ਼ੇ ਕਾ ਗਲਤੀ ਹੋ ਗਿਆ। ਇਸ ਤਰਾਂ ਇਹ ਸੰਸਾਰ ਦੇ ਲੋਕ ਰਾਜ ਦੀ ਕਹਾਣੀ ਹੈ। ਚਾਹੀਦਾ ਤਾਂ ਇਹ ਸੀ ਕਿ ਹਾਕਮ ਅਤੇ ਸਮਾਜ ਲੋਕਾਂ ਦੀ ਬਾਂਹ ਫੜਦਾ, ਪਰ ਨਾ ਤਾਂ ਹਾਕਮ ਨੇ ਅਤੇ ਨਾ ਤਾਂ ਸਮਾਜ ਨੇ ਪ੍ਰਵਾਹ ਕੀਤੀ।

ਜਦ ਤੋਂ ਅੰਗਰੇਜ਼ ਇੰਡੀਆ ਦੇ ਹਾਕਮ ਬਣੇ ਤਾਂ ਇੰਡੀਆ ਲਈ ਫਿਰਕੂ ਗੌਂਦਾ ਗੁੰਦਦੇ ਰਹੇ ਅਤੇ ਅਜਿਹਾ ਦੇਸੀ ਆਗੂਆਂ ਨੇ ਵੀ ਕੀਤਾ।ਇਸ ਤਰਾਂ ਇਹ ਦੋਵੇਂ ਸਮਾਜ ਨੂੰ ਸਮਾਜ ਨੂੰ ਪਾੜਨ ਵਿੱਚ ਸਫਲ ਰਹੇ ਅਤੇ ਇਸ ਦਾ ਦੋਸ਼ ਦੇਸੀ ਆਗੂ ਅੰਗਰੇਜ਼ਾ ਨੂੰ ਦੇਂਦੇ ਰਹੇ ਅਤੇ ਛੋਟੇ ਮੋਟੇ ਝਗੜਿਆ ਨੂੰ ਲੈ ਕੇ ਅੰਗਰੇਜ਼ਾ ਨੂੰ ਭੰਡਦੇ ਰਹੇ ਅਤੇ ਦੇਸੀ ਆਗੂ ਬਹੁ-ਗਿਣਤੀ ਨੂੰ ਲਾਮ ਬੰਦ ਕਰਦੇ ਰਹੇ। ਜਿਸ ਦਾ ਨਤੀਜਾ 1947 ਵਿੱਚ ਇੰਡੋ-ਪਾਕ ਵੰਡ ਵਿੱਚ ਨਿਕਲਿਆ ਅਤੇ ਪਿੱਛੋਂ ਇੰਡੀਆ ਦੇ ਹਾਕਮਾਂ ਨੇ ਪਾਕ ਦੇ ਟੋਟੇ ਕੀਤੇ ਪਰ ਲੋਕਾਂ ਨੂੰ ਕੀ ਲਾਭ ਹੋਇਆ ਅਤੇ ਹਜ਼ਾਰਾਂ ਫੌਜੀ ਮਾਰੇ ਗਏ। ਇਹਨਾਂ ਹਾਕਮਾਂ ਨੂੰ ਫੌਜੀਆ ਅਤੇ ਉਹਨਾਂ ਦੇ ਮੈਬਰਾਂ ਤੇ ਤਰਸ ਨਾ ਆਇਆ। ਅੱਜ ਦੇ ਯੁੱਗ ਵਿੱਚ ਜੰਗਾਂ ਨਾਲ ਮਸਲੇ ਹਲ ਨਹੀ ਹੁੰਦੇ ਸਗੋਂ ਲੋਕਾਂ ਦੀਆਂ ਔਖਿਆਈਆ ਦੂਰ ਕਰਨੀਆ ਚਾਹੀਦੀਆ ਹਨ।ਹਾਕਮਾਂ ਨੂੰ ਫਿਰਕੂ ਸਫਬੰਦੀ ਨਹੀ ਕਰਨੀ ਚਾਹੀਦੀ। ਸਫਬੰਦੀ ਕਰਨੀ ਲੋਕ ਰਾਜ ਦੇ ਵਿਰੁੱਧ ਹੈ। ਇਤਿਹਾਸ ਗੁਵਾਹ ਹੈ ਕਿ ਇੰਡੀਅਨ ਸਬਕੰਟੀਨੈਂਟ ਵਿੱਚ ਬੀਤੇ ਸਮੇਂ ਦੇ ਹਾਕਮਾਂ ਨੇ ਸਫਬੰਦੀ ਕਰਕੇ ਇੱਥੇ ਦਾ ਜੁਗਰਾਫੀਆ ਬਦਲ ਕੇ ਰੱਖ ਦਿੱਤਾ ਅਤੇ ਇੱਥੇ ਦੇ ਲੋਕਾ ਦਾ ਘਾਣ ਕਰਵਾ ਦਿੱਤਾ।

ਭਾਰਤ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇੱਥੇ ਦੋ ਨਸਲਾਂ ਦੇ ਹਾਕਮਾਂ ਨੇ ਭਾਰਤ ਨੂੰ ਨੁਕਸਾਨ ਪਹੁੰਚਾਇਆ ਜਿਵੇਂ ਇੱਕ ਆਰੀਆ ਨਸਲ ਅਤੇ ਦੂਸਰੀ ਸੈਮਟਿਕ ਨਸਲ। ਆਰੀਆ ਨਸਲ ਦੇ ਹਾਕਮਾਂ ਨੇ ਹੜੱਪਾ ਸੱਭਿਅਤਾ ਨੂੰ ਤਬਾਹ ਕਰ ਕੀਤਾ, ਜਿਸਦਾ ਪਤਾ ਸਾਨੂੰ ਜੌਹਨ ਮਾਰਸ਼ਲ ਦੀ 1927 ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਆਰੀਆ ਤੋਂ ਪਹਿਲਾ ਵੀ ਇੱਥੇ ਸੱਭਿਅਤਾ ਸੀ ਜਿਹੜਾ ਸਮਾਨ ਮੋਇੰਜੋਦੜੋ ਅਤੇ ਹੜੱਪੇ ਤੋ ਮਿਲਿਆ ਉਸ ਨੂੰ ਦੇਖ ਕੇ ਜੋਹਨ ਮਾਰਸ਼ਲ ਨੇ ਅੰਦਾਜ਼ਾ ਲਗਾਇਆ ਹੈ ਕਿ ਜਿੰਨਾਂ ਸਮਾਨ ਮੈ ਚੈੱਕ ਕੀਤਾ ਹੈ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਇਹ ਸੱਭਿਅਤਾ ਲਗਭਗ 3000 B.C ਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਮਨੁੱਖ ਕਿੰਨਾ ਬੇਤਰਸ ਹੈ ਕਿ ਆਪਣੀ ਹੀ ਮਨੁੱਖੀ ਨਸਲ ਨੂੰ ਤਬਾਹ ਕਰਨ ਤੱਕ ਚਲੇ ਜਾਂਦਾ ਹੈ। ਆਪਣੇ ਕਬੀਲੇ ਦੀ ਜਿੱਤ ਨੂੰ ਸੰਸਾਰ ਦੀ ਜਿੱਤ ਦੱਸਣ ਲੱਗ ਜਾਂਦਾ ਹੈ। ਅਜਿਹੀ ਕਬੀਲਾ ਸੋਚ ਨੇ ਦੁਨੀਆਂ ਦੀਆਂ ਉੱਨੀ (19) ਸੱਭਿਅਤਾਵਾਂ ਤਬਾਹ ਕਰ ਦਿੱਤੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਮਨੁੱਖ ਕਿੰਨਾ ਹੈਂਸਿਆਰਾ ਹੈ।

ਅੱਜ ਮਨੁੱਖ ਨੂੰ ਸੋਚ ਸਮਝ ਕੇ ਜਗ ਦੇ ਸਾਰੇ ਮਸਲੇ ਸਾਹਮਣੇ ਰੱਖਣੇ ਚਾਹੀਦੇ ਹਨ। ਅੱਜ ਮਨੁੱਖ ਕਿਤੇ ਧਰਮ ਦੇ ਨਾਂ ਤੇ ਲੜ ਰਿਹਾ ਹੈ, ਕਿਤੇ ਨਿਜ਼ਾਮ ਦੇ ਨਾਂ ਤੇ, ਕਿਤੇ ਰਾਸ਼ਟਰ ਦੇ ਨਾਂ ਤੇ, ਕੋਈ Dominancy ਦੇ ਨਾਂ ਤੇ, ਕੋਈ ਬਹੁ-ਗਿਣਤੀ ਦੇ ਨਾਂ ਤੇ ਘੱਟ ਗਿਣਤੀਆਂ ਦਾ ਘਾਣ ਕਰ ਰਿਹਾ ਹੈ। ਇਸੇ ਤਰਾਂ ਕੋਈ ਲੋਕ ਰਾਜ ਲਈ ਲੜ ਰਿਹਾ ਹੈ। ਜਿਸ ਮਕਸਦ ਲਈ U.N.O ਬਣਾਈ ਗਈ ਸੀ ਕਿ ਸੱਭ ਦੀ ਹੋਂਦ ਬਰਕਰਾਰ ਬਣੀ ਰਹੇ, ਪਰ Dominancy ਵਾਲੇ ਆਪਣੇ ਨਿੱਜੀ ਲਾਭ ਲਈ U.N.O ਦੇ ਮਤਿਆਂ ਦੀ ਪ੍ਰਵਾਹ ਨਹੀ ਕਰਦੇ।

ਸੰਸਾਰ ਦੇ ਆਗੂਆ ਨੇ 1945 ਦੀ ਜੰਗ ਵਿੱਚ ਦੋ ਕਰੋੜ ਚਾਲੀ ਲੱਖ ਲੋਕਾਂ ਦਾ ਘਾਣ ਕਰਵਾਇਆ।ਅਜਿਹਾ ਅਸ਼ੋਕ ਬਾਦਸ਼ਾਹ ਵੇਲ਼ੇ ਵੀ ਹੋਇਆ ਸੀ। ਉਸ ਨੇ ਆਪਣੀ ਜੰਗਜੂ ਨੀਤੀਆ ਨਾਲ ਕਲਿੰਗਾ (ਜੋ ਕਿ ਅੱਜ ਉੜੀਸਾ ਹੈ) ਦੇ ਹਾਕਮ ਦੇ ਜੁਗਰਾਫੀਏ ਤੇ ਕਬਜ਼ਾ ਕਰ ਲਿਆ। ਜਦ ਅਸ਼ੋਕ ਜੰਗ ਦੀ ਹੈਸਿਅਤ ਨਾਲ ਜੰਗ ਦੇ ਮੈਦਾਨ ਵਿਚ ਗਿਆ ਤਾਂ ਉਸ ਨੇ ਫੌਜੀਆ ਦੀ ਕੱਟ-ਵੱਢ ਦੇਖ ਕੇ ਬਹੁਤ ਪਛਤਾਇਆ ਅਤੇ ਪ੍ਰਣ ਕੀਤਾ ਕਿ ਮੈਂ ਅੱਗੇ ਤੋਂ ਵਿਸਤਾਰਵਾਦੀ ਨੀਤੀਆਂ ਲਈ ਜੰਗ ਨਹੀ ਲੜਾਂਗਾ।ਸ਼ੁਕਰਾਤ ਦੀ ਰਾਜਨੀਤੀ ਬਾਰੇ ਕਿਹਾ ਜਾਂਦਾ ਹੈ ਕਿ ਪੜੇ ਲਿਖੇ ਫਿਲਾਸਫਰ ਭਾਵੇਂ ਘੱਟ ਗਿਣਤੀ ਵਿੱਚ ਕਿਉਂ ਨਾ ਹੋਣ, ਉਹਨਾਂ ਕੋਲ ਰਾਜ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਤਾਂ ਕਿ ਰਾਜ-ਕਾਜ ਨੂੰ ਚੰਗੇ ਅਤੇ ਸਿਆਣੇ ਢੰਗ ਨਾਲ ਚਲਾਇਆ ਜਾ ਸਕੇ।

ਸੰਸਾਰ ਦੇ ਬਹੁਤੇ ਦੇਸ਼ਾ ਵਿੱਚ ਲੋਕ ਰਾਜ ਹੈ ਅਤੇ ਕਈ ਦੇਸ਼ਾ ਵਿੱਚ ਬਾਦਸ਼ਾਹਤ ਦੇ ਨਾਂ ਦੇ ਸਰਕਾਰਾਂ ਚਲਦੀਆ ਹਨ, ਕਿਤੇ ਵੋਟ ਰਾਜ ਹੈ ਅਤੇ ਕਿਤੇ-ਕਿਤੇ ਤਾਨਾਸ਼ਾਹੀ ਵੀ ਹੈ। ਜਿੱਥੇ ਤਾਨਾਸ਼ਾਹੀ ਮਰਜ਼ੀ ਨਾਲ ਸਰਕਾਰ ਚਲਾਉਂਦੇ ਹਨ ਉੱਥੇ ਕਿਤੇ ਕਿਤੇ ਜੁਝਾਰੂ ਮੂਮੈਂਟਾ ਵੀ ਚਲਦੀਆ ਹਨ, ਜਿਨਾਂ ਦਾ ਮਨੋਰਥ ਰਾਜ ਨੂੰ ਧਰਮ ਦੇ ਆਧਾਰ ਚਲਾਉਣਾ ਹੁੰਦਾ ਹੈ। ਨਕਸਲਵਾੜੀ ਲਹਿਰ ਵੀ 1967 ਤੋਂ ਇੰਡੀਆ ਵਿੱਚ ਹੁਣ ਤੱਕ ਚਲਦੀ ਰਹੀ। ਪੰਜਾਬ ਵਿੱਚ ਬਲੂ ਸਟਾਰ ਮਗਰੋਂ ਖਾੜਕੂ ਲਹਿਰ ਚੱਲੀ ਜੋ ਕਿ ਘੱਟ ਗਿਣਤੀ ਵਾਲਿਆਂ ਦੀ ਲਹਿਰ ਸੀ ਜਿਸ ਨੂੰ ਸਰਕਾਰ ਨੇ ਪੂਰੀ ਸਖਤੀ ਨਾਲ ਦਬਾਅ ਦਿੱਤਾ ਤਾਂ ਕਿ ਦੱਸਿਆ ਜਾਵੇ ਕਿ ਘੱਟ ਗਿਣਤੀ ਦੀ ਮੂਮੈਂਟ ਬਹੁ-ਗਿਣਤੀ ਲਈ ਖਤਰਾ ਹੈ ਅਤੇ ਬਹੁਗਿਣਤੀ ਵਾਲਿਆਂ ਨੇ ਸਰਕਾਰ ਦਾ ਪੂਰਾ ਸਾਥ ਦਿੱਤਾ। ਹਿੰਦੂ ਰਾਸ਼ਟਰਵਾਦੀਆਂ ਨੇ ਜਿਹੜੀ ਲਹਿਰ ਚਲਾਈ, ਉਸ ਨੂੰ ਹਿੰਦੂਆ ਦਾ ਭਰਪੂਰ ਸਾਥ ਅਤੇ ਸਮਰਥਨ ਮਿਲਿਆ ਕਿਉਂਕਿ ਇਹ ਇਕ ਬਹੁ ਗਿਣਤੀ ਹਿੰਦੂਆ ਦੀ ਲਹਿਰ ਸੀ। ਸੋ ਇਸ ਪ੍ਰਕਾਰ ਲੋਕ ਰਾਜ ਵਿੱਚ ਘੱਟ ਗਿਣਤੀ ਵਾਲਿਆਂ ਦੀਆਂ ਮੂਮੈਂਟਾ ਫੇਲ ਹੋ ਜਾਂਦੀਆਂ ਹਨ। ਦੂਜਾ ਸੁਕਰਾਤ ਦੀ ਗੱਲ ਮੰਨ ਲਈ ਜਾਵੇ ਤਾਂ ਘੱਟ ਗਿਣਤੀ ਨਾਲ ਧੱਕਾ ਨਹੀ ਹੋ ਸਕਦਾ ਹੈ ਅਤੇ ਨਾ ਹੀ ਬਹੁ ਗਿਣਤੀ ਦੇ ਲੋਕਾਂ ਦੇ ਡਰੋਂ ਘੱਟ ਗਿਣਤੀ ਨਾਲ ਧੱਕਾ ਹੁੰਦਾ ਹੈ। ਡਿਊਰੈਂਟ ਦੀ ਕਿਤਾਬ ‘ਦਾ ਸਟੋਰੀ ਆੱਫ ਫਿਲਾਸਫੀ’ ਅਨੁਸਾਰ ਉਲੋਕ ਰਾਜ ਇੱਕ ਅਨਾਰਕੀ (Anarchy) ਹੈ, ਲੋਕ ਰਾਜ ਵਿੱਚ ਭਾਂਤ-ਭਾਂਤ ਦੇ ਲੋਕ ਹੁੰਦੇ ਹਨ ਕੋਈ ਪੜਿਆ ਲਿਖਿਆ, ਕੋਈ ਅਨਪੜ ਅਤੇ ਕੋਈ ਜਾਹਲ’।

ਭਾਰਤੀ ਸਬ-ਕੰਟੀਨੈਂਟ ਵਿੱਚ ਕਈ ਧਾੜਵੀ ਕੌਮਾਂ ਬਾਹਰੋਂ ਆਈਆਂ ਅਤੇ ਉਹਨਾਂ ਨੇ ਆਪਣੀਆਂ ਚਮ ਦੀਆ ਚਲਾਈਆਂ ਭਾਵ ਇੱਥੇ ਦੇ ਲੋਕਾ ਤੇ ਰਾਜ ਕੀਤਾ। ਆਰੀਆ ਨਸਲ ਦੇ ਲੋਕਾਂ ਨੇ ਇੱਥੇ ਅਜਿਹੀ ਛਾਪ ਛੱਡੀ ਕਿ ਇੱਥੇ ਦੇ ਜੱਦੀ ਲੋਕਾਂ ਨੂੰ ਸੱਭ ਕੁੱਝ ਭੁਲਾ ਦਿੱਤਾ। ਇੱਥੇ ਦੇ ਲੋਕਾਂ ਦੀ ਕਰੋਨੋਲੋਜ਼ੀ ਦਾ ਕੋਈ ਪਤਾ ਨਹੀ ਲਗਦਾ ਹੈ। ਇੱਥੇ ਦੇ ਲੋਕਾਂ ਦੀ ਬੋਲੀ, ਲਿਪੀ, ਸੱਭਿਆਚਾਰ, ਸਿਸਟਮ ਅਤੇ ਇਤਿਹਾਸ ਵਗੈਰਾ ਨਹੀ ਛੱਡਿਆ।

1927 ਤੋਂ ਪਹਿਲਾ ਜਿਨਾਂ ਅੰਗਰੇਜ਼ ਵਿਦਵਾਨਾਂ ਨੇ ਲਿਖਿਆ ਹੈ ਕਿ ਇੰਡੀਅਨ ਸਬ-ਕੰਟੀਨੈਂਟ ਜਿਹੜੀਆ ਬੋਲੀਆਂ, ਬੋਲੀਆਂ ਜਾਂਦੀਆ ਹਨ ਉਹ ਆਰੀਆ ਬੋਲੀਆਂ ਹਨ । ਜਦਕਿ ਨਾਲ ਇਹ ਵੀ ਲਿਖਿਆ ਬਾਹਰੋ ਆਏ ਆਰੀਆ ਧਾੜਵੀ ਨਿਗੂਣੀ ਗਿਣਤੀ ਵਿੱਚ ਸਨ। ਆਰੀਆ ਪਿੱਛੋ ਆਉਣ ਵਾਲੀਆ ਕੌਮਾਂ ਇੰਡੀਅਨ ਸਬ-ਕੰਟੀਨੈਂਟ (ਇੰਡੋ-ਪਾਕ ਅਤੇ ਬੰਗਲਾ ਦੇਸ਼) ਵਿੱਚ ਖਪ ਚੁੱਕੀਆਂ ਹਨ। ਉਹ ਆਪਣੀਆ ਬੋਲੀਆਂ ਅਤੇ ਸੱਭਿਆਚਾਰ ਗੁਆ ਚੁੱਕੀਆਂ ਹਨ। ਇਸ ਤਰਾਂ ਆਰੀਆ ਵੀ ਨਿਗੂਣੀ ਗਿਣਤੀ ਵਿੱਚ ਹੋਣ ਕਰਕੇ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਗੁਆ ਚੁੱਕੇ ਹਨ।

ਇਹਨਾਂ ਨੇ ਇੰਡੀਅਨ ਸਬ-ਕੰਟੀਨੈਂਟ ਨੂੰ ਜਿੱਤ ਕੇ ਜਿਹੜਾ ਸਿਸਟਮ ਦਿੱਤਾ, ਉਹਨਾਂ ਨੇ ਇੱਥੇ ਦੇ ਸਮਾਜ ਨੂੰ ਕਦੇ ਵੀ ਇੱਕ ਨਹੀ ਹੋਣ ਦਿੱਤਾ। ਇੱਥੇ ਦੇ ਸ਼ੂਦਰ ਲੋਕ ਜੋ ਕਿ ਬਹੁ ਗਿਣਤੀ ਵਿੱਚ ਸਨ, ਉਹਨਾਂ ਦੇ ਆਗੂਆ ਨੇ ਵੀ ਬਾਹਰੋਂ ਆਏ ਧਾੜਵੀਆਂ ਦੇ ਸਿਸਟਮ ਨੂੰ ਹੀ ਤਰਜ਼ੀਹ ਦਿੱਤੀ। ਅਨੂਸੁਚਿਤ ਜਾਤੀ ਦੇ ਇੱਕ ਉੱਘੇ ਆਗੂ ਨੇ ਸ਼ੂਦਰਾ ਨੂੰ ਖੱਤਰੀ ਦੱਸਿਆ।ਇਹ ਉਕਤ ਸਿਸਟਮ ਦੀ ਹਮਾਇਤ ਹੀ ਹੈ। D.N.A ਅਤੇ Archaeology ਦੀ ਖੋਜ ਨੇ ਦੱਸ ਦਿੱਤਾ ਹੈ ਕਿ ਆਰੀਆ ਦੇ ਲੋਕਾਂ ਦਾ D.N.A ਹੜੱਪਾ ਦੇ ਲੋਕਾਂ ਦੇ D.N.A ਨਾਲੋਂ ਵੱਖ ਹੈ।

ਕੁੱਝ ਹਿੰਦੂ ਵਿਦਵਾਨਾਂ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੈ ਕਿ ਆਰੀਆ ਭਾਰਤ ਵਿੱਚੋਂ ਗਏ ਸਨ ਅਤੇ ਫਿਰ ਵਾਪਿਸ ਆ ਗਏ ਹਨ। ਪਰ ਇਸ ਦਾ ਉਹਨਾਂ ਕੋਲ ਕੋਈ D.N.A ਅਤੇ Archaeology ਦਾ ਸਬੂਤ ਨਹੀ ਹੈ।

ਇੱਕ ਅਨੂਸਚਿਤ ਜਾਤੀ ਦਾ ਟੋਲਾ ਇਹ ਪ੍ਰਚਾਰ ਕਰ ਰਿਹਾ ਹੈ ਕਿ ਸਿੰਧ ਸੱਭਿਅਤਾ ਦੇ ਲੋਕਾਂ ਦਾ ਧਰਮ ਬੁੱਧ ਧਰਮ ਸੀ। ਬੁੱਧ ਦੇ ਜਨਮ ਅਤੇ ਸਿੰਧ ਦੀ ਸੱਭਿਅਤਾ ਦਾ ਅੰਤਰ ਲਗਭਗ 2500 ਵਰੇ ਦਾ ਹੈ। ਸੋ ਇਹ ਇਤਿਹਾਸਿਕ ਤੌਰ ਤੇ ਸਾਬਤ ਨਹੀ ਹੁੰਦਾ ਹੈ। ਇਸੇ ਤਰਾਂ ਹੀ ਪਾਲੀ ਬੋਲੀ ਵਾਲਿਆ ਨੇ ਵੀ ਗਰੈਮਰ ਸੰਸਕ੍ਰਿਤ ਵਾਲਿਆ ਦਾ ਹੀ ਵਰਤਿਆ ਹੈ। ਇਸੇ ਤਰਾਂ ਇੱਕ ਵਿਦਵਾਨ ਨੇ ਆਪਣੀ ਕਿਤਾਬ Ancient Nagas Ruler of India’ ਵਿੱਚ ਪਸਾਚੀ ਨੂੰ ਸੱਭ ਬੋਲੀਆ ਦੀ ਮਾਂ ਦੱਸਿਆ ਹੈ।

ਡਾ. ਗਰੀਅਰਸਨ ਨੇ The Pasacha Launguage’ ਵਿੱਚ ਪਸਾਚੀ ਬੋਲੀ ਦੇ ਨਮੂਨੇ ਦਿੱਤੇ ਹਨ, ਜਿਸ ਵਿੱਚ ਪਸਾਚੀ ਗਰੈਮਰ ਅਤੇ ਪਸਾਚੀ ਬੋਲੀ ਦੇ ਬਣੇ ਬਣਾਏ ਸ਼ਬਦ ਦਿੱਤੇ ਹਨ। ਸਿੰਧ ਅਤੇ ਸਵਾਤ ਦਰਿਆ ਵਿਚਲ਼ਾ ਇੱਕ ਪਸਾਚ ਇਲਾਕਾ ਹੈ, ਇੱਥੇ ਦੇ ਲੋਕਾਂ ਨੂੰ ਬਾਹਰੋਂ ਆਏ ਆਰੀਆ ਨੇ ਸੰਸਕ੍ਰਿਤ ਵਿੱਚ ਪਸਾਚ ਕਿਹਾ ਹੈ।ਪਸਾਚੀ ਅਤੇ ਪੰਜਾਬੀ ਦੀਆਂ ਕਈ ਵੰਨਗੀਆਂ ਪੰਜਾਬੀ ਨਾਲ ਮਿਲਦੀਆਂ ਹਨ। ਇਸ ਦੀ ਸ਼ਬਦ ਬਣਤਰ ਵੀ ਪੰਜਾਬੀ ਦੇ ਸ਼ਬਦ ਬਣਤਰ ਦੇ ਕਾਫੀ ਨੇੜੇ ਹੈ। ਇਸ ਦੇ ਨਮੂਨੇ ਅਸ਼ੋਕ ਬਾਦਸ਼ਾਹ ਦੇ ਸ਼ਾਹਬਾਜ਼ਗੜੀ ਤੋਂ ਮਿਲ਼ੇ ਸਿਲ਼ਾਲੇਖਾ ਨਾਲ ਮਿਲਦੇ ਹਨ। ਪਸਾਚੀ ਅਤੇ ਸੰਸਕ੍ਰਿਤ ਦੀਆਂ ਵਨਗੀਆਂ ਵਰਰੁੱਚੀ ਦੇ ਪ੍ਰਕਿਤ ਗਰੈਮਰ ਵਿੱਚ ਮਿਲਦੀਆ ਹਨ। ਇਸ ਪਿੱਛੋ ਅਚਾਰਿਆਂ ਹੇਮ ਚੰਦਰ ਨੇ ਪ੍ਰਕ੍ਰਿਤ ਗਰੈਮਰ ਵਿੱਚ ਪਸਾਚੀ ਦੇ ਨਮੂਨੇ ਦਿੱਤੇ ਹਨ।

ਬੁੱਧ ਧਰਮ ਨਾਲੋਂ ਜੈਨ ਧਰਮ, ਚਾਰਵਾਕ, ਯੋਗ ਅਤੇ ਦੇਵੀ ਪੰਥ ਕਾਫੀ ਪੁਰਾਣੇ ਹਨ। ਆਰੀਆ ਲੋਕਾਂ ਨੇ ਇੱਥੇ ਦੇ ਲੋਕਾਂ ਦੀਆਂ ਬੋਲੀਆਂ ਦੇ ਸ਼ਬਦ ਵੀ ਲਏ ਹਨ ਜਿਵੇਂ-ਟ, ਠ, ਡ, ਢ, ਣ, ਢ਼, ਫ, ਘ, ਝ, ਧ ਅਤੇ ਭ ਅਦਿ। ਅੰਗਰੇਜ਼ਾਂ ਨੂੰ ਪੰਜਾਬੀ ਬੋਲੀ ਦੇ ‘ੜ’ ਦੀ ਧੁਨੀ ਦੀ ਸਮਝ ਨਹੀ ਆਈ। ਵਿਲੀਅਮ ਕੈਰੀ ਅਤੇ ਜੋਹਨ ਬੀਮ ਅਸ਼ੋਕ ਲਿਪੀ ਵਿੱਚ ‘ਲ਼’ ਨੂੰ ਹੀ ‘ੜ’ ਸਮਝ ਰਹੇ ਹਨ। ਜਦਕਿ Ernest Trumpp ਦੀ ਸਿੰਧੀ ਗਰੈਮਰ ਵਿੱਚ ‘ੜ’ ਦੀ ਧੁਨੀ ਦੇਖ ਸਕਦੇ ਹਾ।

ਕੁੱਝ ਵਿਦਵਾਨ ਸਿੰਧ ਸੱਭਿਅਤਾ ਨੂੰ ਦ੍ਰਾਵਿੜ ਸੱਭਿਅਤਾ ਮੰਨ ਰਹੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਜਿਨਾਂ ਵਿਦਵਾਨਾਂ ਨੇ ਜੋਹਨ ਮਾਰਸ਼ਲ ਦੀ 1927 ਦੀ ਰਿਪੋਰਟ ਤੋਂ ਪਹਿਲਾ ਲਿਖਿਆ ਹੈ, ਉਨਾਂ ਦੇ ਹਵਾਲੇ ਦੇ ਕੇ ਅਸੀਂ ਹੜੱਪੇ ਦੇ ਸ਼ੂਦਰ ਲੋਕਾਂ ਨਾਲ ਇਨਸਾਫ ਨਹੀ ਕਰ ਰਹੇ ਹਾਂ ,ਸਗੋਂ ਝੂਠ ਨੂੰ ਸੱਚ ਬਣਾਉਣ ਵਿੱਚ ਸ਼ਾਮਿਲ ਹੋ ਗਏ ਹਨ। ਸੋ ਇਹ ਇੱਕ ਬੜਾ ਹੀ ਸਿੱਤਮ ਜਾਂ ਦੁਖਾਂਤ ਹੈ ਕਿ ਅਸੀਂ ਲਾਈ-ਲੱਗ ਬਣ ਕੇ ਆਪਣੀ ਸੱਭਿਅਤਾ ਨੂੰ ਛੁੱਟਿਆ ਰਹੇ ਹਾਂ। ਸੋ ਜਿਨਾਂ ਕੌਮਾਂ ਨੇ ਤਰੱਕੀ ਕੀਤੀ ਉਹਨਾਂ ਦੀ ਸੱਭਿਅਤਾ ਨੇ ਵੀ ਤਰੱਕੀ ਕੀਤੀ। ਕਈਆਂ ਸੱਭਿਅਤਾ ਦੇ ਲੋਕ ਅੱਜ ਤੱਕ ਆਪਣੀ ਸੱਭਿਅਤਾ ਦੀ Dominancy ਨੂੰ ਬਚਾਅ ਨਹੀ ਸਕੇ। ਕਈ ਲੋਕ ਆਪਣੀ ਸੱਭਿਅਤਾਵਾਂ ਨੂੰ ਲੋਕ ਰਾਜ ਦੀ ਬਹੁ-ਗਿਣਤੀ ਤੋਂ ਬਚਣ ਦੀ ਤਾਂਘ ਵਿੱਚ ਜੱਦੋ ਜਹਿਦ ਕਰ ਰਹੀਆ ਹਨ।

ਸੰਸਾਰ ਦੀ ਪੁਰਾਣੀ ਹੜੱਪੇ ਦੀ ਸੱਭਿਅਤਾ ਜੋ ਕਿ ਸ਼ੂਦਰਾਂ ਦੀ ਸੱਭਿਅਤਾ ਸੀ, ਨੂੰ ਆਰੀਆ ਨੇ ਅਜਿਹੀ ਵਰਣ ਵੰਡ ਵਿੱਚ ਫਸਾ ਦਿੱਤਾ ਜੋ ਕਿ ਅੱਜ ਤੱਕ ਇਸ ਸੱਭਿਅਤਾ ਦੇ ਲੋਕ ਆਪਣੀ ਸੱਭਿਅਤਾ ਨੂੰ ਪਛਾਣ ਨਹੀ ਸਕੇ। ਆਰੀਆ ਲੋਕ ਘੱਟ ਗਿਣਤੀ ਵਿੱਚ ਸਨ ਜਿਹੜੇ ਆਪਣੇ ਸੱਭਿਆਚਾਰ ਅਤੇ ਬੋਲੀ ਨੂੰ ਬਚਾਅ ਨਹੀ ਸਕੇ। ਇਹ ਕੌਮਾਂ ਘੱਟ ਗਿਣਤੀ ਹੋਣ ਕਰਕੇ ਇੰਡੀਅਨ ਸਬ-ਕੰਟੀਨੈਂਟ ਵਿੱਚ ਖਪ ਗਈਆ।ਜਦਕਿ ਇਸ ਦੇ ਪਿਛਲੱਗੂ ਅੰਗਰੇਜ਼ ਅਤੇ ਦੋਗਲ਼ੇ ਕੂੜ ਪ੍ਰਚਾਰ ਕਰਦੇ ਰਹੇ ਕਿ ਸੰਸਕ੍ਰਿਤ ਵਿੱਚੋਂ ਹੀ ਅੱਜ ਦੀਆਂ ਮਾਡਰਨ ਕਹੀਂਆ ਜਾਣ ਵਾਲੀਆ ਬੋਲੀਆ ਨਿਕਲੀਆ ਹਨ।ਕਦੇ ਕਹਿੰਦੇ ਹਨ ਕਿ ਮਾਡਰਨ ਬੋਲੀਆ ਪ੍ਰਕ੍ਰਿਤਾਂ ਵਿੱਚੋਂ ਨਿਕਲੀਆ ਹਨ।

ਬਾਕੀ ਸਫ਼ਾ 31 ’ਤੇ

# ਨਿਸ਼ਾਨ.. ਚੌਰਾਸੀ ਕਾ.. ਇਹ ਮਿਟ ਨਹੀਂ ਸਕਤਾ



**- ਦਲਵਿੰਦਰ ਸਿੰਘ ਘੁੰਮਣ**

ਸੰਪੂਰਨ ਸਿੰਘ ਜੋ ਫਿਲਮੀ ਨਾਮ ਗੁਲਜਾਰ ਨਾਲ ਪ੍ਰਸਿਧ ਲੇਖਕ, ਕਵੀ ਹਨ ਜਿਸ ਨੇ ਸੰਨ ਚੌਰਾਸੀ ਦੇ ਦੁਖਾਂਤ ਨੂੰ ਛੋਟੀ ਕਵਿਤਾ ਦੇ ਰੂਪ ਵਿਚ ਬਿਰਤਾਂਤ ਕੀਤਾ ਹੈ,

'ਪਾਸਪੋਰਟ ਕਮਿਸ਼ਨਰ ਨੇ ਦਰਖਾਸਤ ਸੇ ਸਿਰ ਉਠਾ ਕਰ ਪੂਛਾ.....
ਕੋਈ ਤਿਲ !...ਕੋਈ ਮੱਸਾ !..
ਕੋਈ ਜਨਮ ਨਿਸ਼ਾਨੀ, ਕੋਈ!..
ਕੋਈ ਨਿਸ਼ਾਨੀ ਜੋ ਮਿਟ ਨਾ ਸਕੇ..
ਚੰਦ ਮਿਨਟ ਕੁਛ ਸੋਚਾ,
ਫਿਰ ਸਰਦਾਰ ਨੇ ਯਕਦਮ ਸ਼ਰਟ ਉਤਾਰੀ...!
'ਜਿਹ ਆਗ ਕਾ ਇਕ ਨਿਸ਼ਾਨ ਹੈ ਸਰ ਜੀ...
ਸੰਨ ਚੌਰਾਸੀ ਕਾ !....
ਇਹ ਮਿਟ ਨਹੀਂ ਸਕਤਾ'।

ਇਸੇ ਤਰਾਂ ਲਹਿੰਦੇ ਪੰਜਾਬ ਦੇ ਕਵੀ, ਲੇਖਕ ਅਫਜ਼ਲ ਅਹਸਨ ਰੰਧਾਵਾ ਵਲੋਂ ਚੌਰਾਸੀ ਵਿਚ ਦਰਬਾਰ ਸਾਹਿਬ ਤੇ ਹਮਲੇ ਸਬੰਧੀ ਲਿਖੀ ਕਵਿਤਾ

'ਅੱਜ ਵੈਰੀ ਕੱਢ ਵਿਖਾਇਆ, ਪੰਜ ਸਦੀਆਂ ਦਾ ਵੈਰ'

ਨੇ ਬਿਪਰਵਾਦ ਦੀ ਅਸਲ ਮੰਨਸ਼ਾ ਨੂੰ ਪੂਰਾ ਨਿਆਂ ਦੇ ਕੇ ਲਿਖਿਆ। ਦੂਜੇ ਪਾਸੇ ਚੜਦੇ ਪੰਜਾਬ ਦੇ ਵੱਡੇ ਵੱਡੇ ਲੇਖਕਾਂ ਦੀ ਕਲਮ ਨੂੰ ਸਿਆਹੀ ਨਹੀਂ ਮਿਲੀ। ਕੁਝ ਐਵਾਰਡਾਂ ਦੀ ਭੁੱਖ ਦਾ ਸ਼ਿਕਾਰ ਹੋ ਗਏ। ਸੱਚ ਬੋਲਣਾ ਹੀ ਸਭ ਤੋਂ ਵੱਡਾ ਡਰ ਬਣ ਗਿਆ।... ਪਰ ਜੇ ਕਲਮ ਵੀ ਭੈਅ ਮੰਨਣ ਲੱਗ ਪਵੇ ਤਾਂ ਲੋਕ ਅਵਾਜ਼ ਦੇ ਦੱਬਣ ਨਾਲ ਵਿਦਰੋਹ ਉੱਠਣ ਦੇ ਅਸਾਰ ਪੈਦਾ ਹੋ ਜਾਂਦੇ ਹਨ ! ਲੇਖਕਾਂ, ਵਿਦਵਾਨਾਂ ਨੇ ਜੋ ਉਠੇ ਸ਼ੰਘਰਸ਼ ਨੂੰ ਵਿਚਾਰਨਾ ਸੀ ਉਸ ਦੀ ਪਾਰਦਰਸ਼ਤਾ ਕਰਨੀ ਸੀ। ਅਸਲ ਮਕਸਦ ਨੂੰ ਸਰਕਾਰਾਂ ਅਤੇ ਸੰਘਰਸ਼ ਦੇ ਸੱਚ ਨੂੰ ਦੁਨੀਆਂ ਸਾਹਮਣੇ ਰੱਖਣਾ ਸੀ ਉਸ ਤੋਂ ਖੁੰਝ ਜਾਣ ਨਾਲ ਉਹ ਸਦਾ ਦੋਸ਼ੀ ਰਹਿਣਗੇ।

ਸੰਨ ਉਨੀ ਸੌ ਚੌਰਾਸੀ ਸਿੱਖਾਂ ਅਤੇ ਪੰਜਾਬ ਦੀ ਭਿਆਨਕ ਤਰਾਸਦੀ ਦਾ ਉਹ ਮੋੜ ਸੀ ਜੋ ਦੁਨੀਆਂ ਵਿਚ ਨਾ-ਮਾਤਰ ਜਨਸੰਖਿਆ ਵਿਚ ਵਿਚਰਦੀ ਸਿੱਖ ਕੌਮ ਲਈ ਅੱਭੁਲ, ਅਕਹਿ ਅਤੇ ਅਸਿਹ ਯਾਦ ਬਣ ਗਈ। ਸਿੱਖਾਂ ਨੂੰ ਨਕਸ਼ੇ ਤੇ ਪਹਿਚਾਣਿਆ ਜਾਣ ਲੱਗਾ। ਦੁਨੀਆਂ ਦੀਆਂ ਸ਼ਬਦ ਕੋਸ਼ਾਂ ਵਿਚ ਸਿੱਖ ਸ਼ਬਦ ਨੂੰ ਉਨੀ ਸੋ ਚੌਰਾਸੀ ਸੰਨ ਨਾਲ ਪਰਭਾਸ਼ਿਤ ਕਰਨ ਲਈ ਵਰਤਿਆ ਜਾਣ ਲੱਗਾ। ਹਰ ਸਾਲ ਚੌਰਾਸੀ ਦਾ ਨਵੀ ਕਿਸਮ ਨਾਲ ਮੁੱਲਾਂਕਣ ਹੁੰਦਾ ਹੈ। ਹਰ ਸਾਲ ਨਵੇ ਤੱਥ ਜੁੜਦੇ ਹਨ। ਇਵੇਂ ਹੀ ਯਹੂਦੀ ਕੌਮ ਦੀ ਵੱਡੀ ਪਹਿਚਾਣ ਉਹਨਾਂ ਨਾਲ ਹੋਇਆ ਵੱਡਾ ਮਨੁੱਖੀ ਘਾਣ ਸੀ । ਵੱਡੇ ਬਿਖੜੇ ਪੈਂਡਿਆਂ ਦੀ ਮੁਹਾਰਤੀ ਰਾਹ ਤੁਰਦੀ ਸਿੱਖ ਕੌਮ ਦੀ ਸਿਧਾਧਕ ਸੋਚ ਨੂੰ ਭਾਵੇ ਵੱਖ ਵੱਖ ਸਮਿਆਂ ਵਿਚ ਹਕੂਮਤਾਂ ਨੇ ਲਤਾੜਿਆ, ਕੋਹਿਆ, ਮਾਰਿਆ ਪਰ ਬਿਨਾਂ ਕਿਸੇ ਰਾਜ ਤੋ ਨਿਰੋਲ ਗੁਰੂ ਆਸਰੇ ਨਾਲ ਮਸਤੀ ਚਾਲੇ ਚੱਲਦੀ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਦਿਆਂ ਅੱਜ ਤੱਕ ਦਾ ਸਫਰ ਤੈਅ ਕੀਤਾ। ਗੁਰੂ ਦਾ ਹੁਕਮ ਜਾਣ ਕੇ ਹਰ ਸਿੱਖ ਨੇ "ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ"। ਦੇ ਦੋਹਰੇ ਪੜਦਿਆਂ ਗੁਰੂ ਆਸ਼ੇ ਅਨੁਸਾਰ ਆਜ਼ਾਦੀ ਦੀ ਤਾਂਘ ਨੂੰ ਕਦੇ ਮਰਨ ਨਹੀਂ ਦਿੱਤਾ। ਗੁਰੂ ਫਲਸਫੇ ਨੇ ਅਣਖ ਗੈਰਤ ਦੀ ਲੜਾਈ ਦੇ ਨਾਲ ਨਾਲ ਸਬਰ, ਸੰਤੋਖ ਦੀ ਵੀ ਮਿਸਾਲ ਕਾਇਮ ਕੀਤੀ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ "ਬਾਬਰ ਤੂੰ ਜ਼ਾਬਰ" ਕਹਿਣ ਤੋ ਲੈ ਕੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ 'ਜ਼ਫਰਨਾਮਾ' ਲਿਖਣ ਤੱਕ ਹੱਕ ਸੱਚ, ਇੰਨਸਾਫ ਲਈ ਪਾਈ ਲਲਕਾਰ ਨੂੰ ਸਿੱਖਾਂ ਨੇ ਹਿੱਕਾਂ ਡਾਹ ਕੇ ਲੜਿਆ। ਗੁਰੂ ਸਿਧਾਂਤਾ ਨੂੰ ਕਦੇ ਮਰਨ ਨਹੀ ਦਿੱਤਾ। ਜ਼ਬਰ ਅੱਗੇ ਸਬਰ ਦੀ ਮਿਸਾਲ ਗੁਰੂ ਪੰਜਵੀਂ ਪਾਤਸ਼ਾਹੀ ਸ਼੍ਰੀ ਗੁਰੁ ਅਰਜਨ ਦੇਵ ਜੀ ਅਤੇ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀਆ ਦੇ ਕੇ 'ਤੇਰਾ ਭਾਣਾ ਮੀਠਾ ਲਾਗੈ' ਦਾ ਮਾਰਗ ਦੱਸਿਆ। ਚੌਰਾਸੀ ਵਿਚ ਜੂਨ ਜਾਂ ਨਵੰਬਰ ਦਾ ਬਣਨਾ ਇਤਫਾਕ ਜਾਂ ਕਿਸੇ ਇਕ ਘਟਨਾਕ੍ਰਮ ਵਿਚੋ ਉਭਰੀ ਕੋਈ ਵਿਵਸਥਾ ਨਹੀਂ ਸੀ। ਸਗੋਂ ਗੁਰੂ ਕਾਲ ਦੇ ਮੁੱਢਲੇ ਸੁਰੂਆਤੀ ਸਮੇਂ ਨੂੰ ਹਕੂਮਤੀ ਜ਼ਬਰ ਵਲੋਂ ਅਸੂਲੀ ਜੰਗ ਨੂੰ ਦੱਬਣ, ਕੁਚਲਣ ਦੀਆਂ ਚਾਲਾਂ ਦਾ ਨਾ ਮੁੱਕਣ ਵਾਲਾ ਕਹਿਰ ਸੀ। ਜੋ ਨਿਰੰਤਰ ਬਦਲਵੇਂ ਰੂਪਾਂ ਵਿਚ ਸਾਮਣੇ ਆਉਂਦਾ ਰਿਹਾ ਹੈ। ਮੌਜੂਦਾ ਹਾਲਾਤਾਂ ਤੱਕ ਤਾਕਤਾਂ ਵਿੱਚ ਵੱਡਾ ਕੋਈ ਫਰਕ ਨਜ਼ਰ ਨਹੀਂ ਆਉਂਦਾ। ਭਾਰਤ ਦੀ ਆਜ਼ਾਦੀ ਵਿਚ ਨਿਭਾਈਆਂ ਵਫਾਦਾਰੀਆਂ ਨੇ ਸੰਤਾਲੀ ਦੀ ਬਾਂਦਰ ਵੰਡ ਦੀ ਚਾਣਕਿਆ ਨੀਤੀ ਨੇ ਸਿੱਖਾਂ ਵਿਚ ਬੇ-ਵਿਸ਼ਵਾਸੀ ਦਾ ਮੁੱਢ ਬੰਨਿਆ। ਕੇਂਦਰੀ ਸਿਆਸਤ ਨੇ ਸਿੱਖਾਂ ਨੂੰ ਬਣੇ ਬਣਾਏ ਲੀਡਰਾਂ ਦੀ ਸਪਲਾਈ ਸੁਰੂ ਕੀਤੀ। ਪੰਜਾਬ ਵਿੱਚ ਉਸ ਲੀਡਰ ਨੂੰ ਉਭਾਰਿਆ ਜਾਣ ਲੱਗਾ ਜਾਂ ਸਿਆਸੀ ਵਾਂਗਡੋਰ ਦਿੱਤੀ ਜਾਣ ਲੱਗੀ ਜੋ ਪੰਜਾਬ ਦੇ ਹੱਕਾਂ ਨੂੰ ਪਿੱਠ ਦੇ ਕੇ ਦਿੱਲੀ ਦੀ ਜੀ ਹਜ਼ੂਰੀ ਕਬੂਲਦਾ ਹੋਵੇ। ਲੀਡਰਾਂ ਦੀ ਉੱਚ ਪੱਧਰੀ ਸੋਚ ਨਾ ਹੋਣਾ, ਚੰਗੀ ਰਣਨੀਤੀ ਤੋ ਸੱਖਣੇ ਫੈਸਲੇ ਕੌਮ ਲਈ, ਪੰਜਾਬ ਲਈ ਕੋਈ ਲੰਮੀ ਛਾਲ ਨਾ ਮਾਰ ਸਕੇ।

ਚਲਾਕ ਸਿਆਸੀ ਨੀਤੀਆਂ ਸਾਹਮਣੇ ਸਿੱਖਾਂ ਲੀਡਰਾਂ ਦਾ ਖਸੀਆਰੇ ਬਣੇ ਵੇਖ ਇਕ ਜੁਝਾਰੂ ਆਗੂ ਦੀ ਤਪਸ਼ ਵਧਣੀ ਸੁਰੂ ਹੋਈ। ਇਕ ਨਵੀਂ ਸਿੱਖ ਸਿਆਸਤ ਦੀ ਸੁਰੂਆਤ ਹੋਈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕੌਮ ਨਾਲ ਹੋ ਰਹੀਆਂ ਦੁਸ਼ਵਾਰੀਆਂ ਲਈ ਅੱਗੇ ਲੱਗ ਕੇ ਹਕੂਮਤ ਨਾਲ ਸਿੱਧੀ ਲੜਾਈ ਦੇ ਸੰਕੇਤ ਦਿੱਤੇ। ਉਹਨਾਂ ਦੀਆਂ ਟਕਸਾਲ ਦੇ ਮੁੱਖੀ ਦੇ ਰੂਪ ਵਿਚ ਪਹਿਲੇ ਹੀ ਦਿਨ ਬਾਗੀ ਸੁਰਾਂ ਦਿੱਸਣ ਲੱਗ ਪਈਆਂ ਸਨ। ਧਾਰਮਿਕ ਅਤੇ ਰਾਜਨੀਤੀ ਵਿਚ ਪੱਕੀ ਅਤੇ ਦ੍ਰਿੜ ਪਕੜ ਸੀ। ਸੰਤਾ ਦੀ ਸਚਾਈ ਨਾਲ ਕਹੀ ਹਰ ਗੱਲ ਸਿੱਖਾਂ ਵਿਚ ਪ੍ਰਵਾਨ ਹੋਣ ਲੱਗੀ। ਹਰ ਵਰਗ ਦੇ ਲੋਕਾਂ ਵਿਚ ਇਕ ਆਕਰਸ਼ਕ ਖਿੱਚ ਵਧਣੀ ਸੁਰੂ ਹੋਈ। ਜਿਸ ਦੇ ਨਾਲ ਨਾਲ ਵਕਤੀ ਸਿੱਖ ਲੀਡਰਸ਼ਿਪ ਸਿਆਸਤ ਵਿੱਚੋ ਦਿਨੋਂ ਦਿਨ ਬੋਣੀ ਹੁੰਦੀ ਗਈ। ਸਿੱਖਾ ਵਿੱਚ ਆਪਣੀ ਸਾਖ ਗੁਆ ਚੁੱਕੇ ਲੀਡਰਾਂ ਦੀਆਂ ਕੌਮ ਵਿਰੋਧੀ ਚਾਲਾਂ ਕੇਂਦਰ ਵਿਚ ਸਰਕਾਰਾਂ ਅੱਗੇ ਡੰਡੋਤ ਕਰਨ ਲੱਗੀਆਂ। ਸੱਤਾ ਪ੍ਰਾਪਤੀ ਲਈ ਦਿੱਲੀ ਵਿੱਚ ਆਪਣੀ ਵਿਲੱਖਣਤਾ ਨੂੰ ਗੁਆ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਰਿਸ ਆਖਿਰ ਪਰਿਵਾਰਾਂ ਤੱਕ ਸੀਮਿਤ ਹੋ ਗਏ। ਮੂਲੋਂ ਭੁੱਲ ਗਏ ਕਿ ਜੋ ਅਸੀ ਨਹੀਂ ਕਰ ਸਕੇ ਉਹ ਸੰਤਾਂ ਦਾ ਸਾਥ ਦੇ ਕੇ ਆਪਣੀ ਆਜ਼ਾਦ ਹਸਤੀ ਨਾਲ ਮਾਣ ਸਨਮਾਨ ਨਾਲ ਜਿਉਣ ਦਾ ਰੁਤਬਾ ਹਾਸਲ ਕਰਨ ਵਿਚ ਸਾਥ ਦਈਏ।

ਸੰਤਾਂ ਪਾਰਖੂ ਨਜ਼ਰ ਅਤੇ ਸੋਚ ਨੇ ਲੋਕਾਂ ਵਿਚ ਇਹ ਚੇਤਨਾ ਨੂੰ ਜਗਾ ਦਿੱਤਾ ਕਿ ਰਾਜ ਤੋ ਬਿਨਾਂ ਕੌਮ ਦਾ ਜਿਉਣਾ ਦੁੱਭਰ ਹੈ। ਇਸ ਲਈ " ਕੋਈ ਕਿਸੀ ਕੋ ਰਾਜ ਨਾ ਦੇਹ ਹੈ, ਜੋ ਲੇ ਹੇ ਨਿੱਜ ਬਲ ਸੇ ਲੇ ਹੈ " ਦੇ ਧਾਰਨੀ ਹੋ ਅਜ਼ਾਦ ਰਾਜ ਦੀ ਨੀਂਹ ਰੱਖਣ ਦੀ ਲੋੜ ਤੇ ਜੋਰ ਦਿੱਤਾ। ਚੌਰਾਸੀ ਵਿੱਚ ਦਰਬਾਰ ਸਾਹਿਬ ਉਪਰ ਹਮਲੇ ਨੇ ਸਿੱਖਾ ਵਿੱਚ ਰਾਜ ਲਈ ਪ੍ਰਬਲ ਇੱਛਾ ਪੈਦਾ ਕੀਤੀ। ਹਜਾਰਾਂ ਮਰਜੀਵੜੇ ਆਪਣੀ ਆਹੂਤੀ ਦੇਣ ਲਈ ਤਿਆਰ ਹੋ ਗਏ।

ਇਹ ਗੱਲ ਪੱਕੀ ਹੈ ਸੰਤਾਂ ਨੇ ਜੋ ਪਿਛਲੇ ਸਾਰੇ ਇਤਿਹਾਸ ਨੂੰ ਸਾਹਮਣੇ ਰੱਖ ਕੇ ਇਕ ਇਨਕਲਾਬੀ ਲਹਿਰ ਪੈਦਾ ਕੀਤੀ ਉਹ ਕੋਈ ਅਚੰਭੇ ਤੋ ਘੱਟ ਨਹੀਂ। ਗੌਰਵਮਈ ਸਿੱਖ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਆਪਣੇ ਬੋਲਾਂ ਉੱਤੇ ਪੂਰੇ ਉਤਰੇ। ਹਮਲੇ ਲਈ ਜੂਨ ਦੇ ਪਹਿਲੇ ਹਫਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਹਾੜੇ ਨੂੰ ਚੁਣਨਾ ਮੰਨੂਵਾਦ ਦਾ ਸਿੱਖਾ ਉਪਰ ਵੱਡਾ ਕਹਿਰ ਸੀ। ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਨੂੰ ਭਾਰੀ ਨੁਕਸਾਨ ਨਾਲ ਨਾਲ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਲੁੱਟਣਾ ਅਤੇ ਸਾੜਨਾਂ ਇਤਿਹਾਸ ਨੂੰ ਖਤਮ ਕਰਨ ਸੀ। ਅਸਲ ਇਤਿਹਾਸ ਨੂੰ ਗਾਇਬ ਕਰਕੇ ਨਵਾਂ ਇਤਿਹਾਸ, ਸਭਿਆਚਾਰ ਦੀ ਸਿਰਜਣਾ ਕਰਕੇ ਮੂਲ ਨਾਲੋ ਤੋੜਨ ਦੀ ਸਾਜਿਸ਼ ਸੀ। ਅੱਜ ਦੇ ਹਾਲਾਤਾਂ ਦੀਆਂ ਕੁਝ ਗੁੰਝਲਾਂ ਇਸੇ ਬਿਰਤਾਂਤ ਦਾ ਹਿੱਸਾ ਹਨ।

ਆਜ਼ਾਦ ਭਾਰਤ ਵਿਚ ਪਹਿਲੀ ਵਾਰ ਸਰਬੱਤ ਖਾਲਸਾ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨਾਂ ਨੂੰ ਪਰਮਾਣਤਾ ਦਿੰਦਿਆਂ ਆਪਣੇ ਖਾਲਸਾ ਰਾਜ ਦੀ ਪ੍ਰਾਪਤੀ ਦਾ ਐਲਾਨਨਾਮੇ ਕੀਤਾ ਗਿਆ। ਸਿੱਖਾ ਵਿਚ ਖਾਲਸਾ ਰਾਜ ਖੁਸੇ ਹੋਣ ਕਾਰਨ ਉਸ ਦੀ ਪ੍ਰਾਪਤੀ ਦੀ ਚੀਸ, ਦਰਦ ਕਦੇ ਮਰਿਆ ਨਹੀਂ। ਪਹਿਲਾਂ ਨਾਲੋਂ ਵੱਧ ਪ੍ਰਵਾਨ ਹੋ ਚੁੱਕੀ ਲਹਿਰ ਦਾ ਵਿਦੇਸ਼ਾ ਵਿਚ ਪੱਕੇ ਪੈਰੀਂ ਹੋਣਾ ਇਸ ਗੱਲ ਵੱਲ ਸੰਕੇਤ ਹੈ ਕਿ ਇਹ ਵਿਦੇਸ਼ੀ ਸਰਕਾਰਾਂ ਨੂੰ ਦੱਸਣ ਦੇ ਕਾਬਲ ਬਣ ਰਹੇ ਹਨ। ਮੰਤਰੀ, ਐਮ ਪੀਜ, ਐਮ ਐਲ ਏ, ਮੇਅਰ, ਕੌਂਸਲਰ, ਸਰਕਾਰਾ ਦੇ ਵੱਖ ਵੱਖ ਅਹੁਦਿਆਂ ਰਾਹੀਂ ਰਾਜਨੀਤਿਕ ਦਬਾਅ ਵੱਧਣਾ ਸੁਰੂ ਹੋਇਆ ਹੈ।

ਜੂਨ ਚੌਰਾਸੀ ਦੇ ਭੁੱਲਣ ਦੀਆਂ ਜਿੰਨੀਆਂ ਵੀ ਆਵਾਜ਼ਾਂ ਦਿੱਤੀਆਂ ਜਾ ਰਹੀਆਂ ਹਨ ਉਹ ਇਹ ਨਹੀਂ ਜਾਣਦੇ ਕਿ ਕੌਮ ਦੇ ਇਸ ਸਾਕੇ ਨੂੰ ਭੁੱਲਣ ਵਿਚ ਹੀ ਕੌਮ ਦੀ ਬਰਬਾਦੀ ਹੈ। ਹਾਂ, ਇਹ ਦਿਨ ਹੁਣ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿੱਚ ਲਿਖੇ ਗਏ ਹਨ। ਅੱਜ ਨੌਜਵਾਨਾਂ ਵਿਚ ਇਸ ਨੂੰ ਜਾਨਣ ਪ੍ਰਤੀ ਚੇਤਨਾ ਵਧੀ ਹੈ। ਇਸ ਉਪਰ ਹਰ ਪੱਖੋਂ ਲਿਖਿਆ, ਬੋਲਿਆ, ਸੁਣਿਆ ਜਾ ਰਿਹਾ ਹੈ। ਹਿਟਲਰ ਦੇ ਰਾਜ ਨਾਲ ਤੁਲਨਾਤਮਕ ਭਾਰਤ ਦੀ ਲੋਕਤੰਤਰੀ ਢਾਂਚੇ ਦੀ ਅਸਲ ਦਸ਼ਾ ਨੂੰ ਸਹੀ ਦਿਸ਼ਾ ਦੀ ਜਰੂਰਤ ਹੈ।

# ਜਿਊਣ ਜੋਗਿਓ ! ਨਸ਼ਿਆਂ ਦੀ ਖਾਤਰ ਕਿਉਂ ਮੜੀਆਂ ਦੇ ਰਾਹ ਪੈ ਗਏ ਹੋ



**- ਦਲੀਪ ਕੌਰ ਟਿਵਾਣਾ**

ਇਕ ਦਿਨ ਮੇਰੇ ਕੋਲ ਕੁਝ ਨੌਜਵਾਨ ਮੁੰਡੇ ਆਏ। ਬੜੇ ਚਿੰਤਾਤੁਰ ਹੋ ਕੇ ਆਖਣ ਲੱਗੇ, "ਮੈਡਮ, ਸਾਰਾ ਹੀ ਪੰਜਾਬ ਨਸ਼ਿਆਂ ਵਿਚ ਗਰਕ ਹੁੰਦਾ ਜਾ ਰਿਹਾ ਤੁਸੀਂ ਕੁਝ ਸੋਚੋ, ਕੁਝ ਕਰੋ।"

ਮੈਂ ਉਨਾਂ ਨੂੰ ਆਖਿਆ, "ਜਦੋਂ ਤਕ ਸਾਡੇ ਲੀਡਰ ਤੇ ਪੁਲੀਸ ਇਸ ਨੂੰ ਕਮਾਈ ਦਾ ਵੱਡਾ ਧੰਦਾ ਬਣਾਈ ਰੱਖਣਗੇ ਉਦੋਂ ਤਕ ਇਸ ਦਾ ਇਲਾਜ ਔਖੈ।" ਹੁਣ ਕਿਉਂਕਿ ਲੋਕ ਜ਼ਿੰਦਗੀ ਲਈ ਅਤਿ ਜ਼ਰੂਰੀ ਦੋ ਚੀਜ਼ਾਂ ਰੱਬ ਅਤੇ ਮੌਤ ਨੂੰ ਭੁੱਲ ਗਏ ਹਨ, ਇਸ ਲਈ ਕਿਸੇ ਵੀ ਗੱਲ ਦੇ ਕੋਈ ਅਰਥ ਨਹੀਂ ਰਹਿ ਗਏ। ਇਸ ਬਾਰੇ ਸੋਚਦੀ ਤਾਂ ਮੈਂ ਬਹੁਤ ਆਂ। ਇਕ ਵਾਰੀ ਮੈਂ ਨਵੇਂ ਸ਼ਹਿਰ ਕੋਲ ਢਾਹਾਂ ਕਲੇਰਾਂ ਪਿੰਡ ਦੇ ਬੜੇ ਵੱਡੇ ਹਸਪਤਾਲ ਵਿਚ ਗਈ ਜਿੱਥੇ ਨਸ਼ਾ ਛੁਡਾਊ ਕੇਂਦਰ ਹੈ। ਉੱਥੇ ਅਮੀਰਾਂ ਲਈ ਪੰਜ ਸੌ ਰੁਪਏ ਰੋਜ਼ਾਨਾ 'ਤੇ ਕਮਰਾ, ਵਿਚੇ ਖਾਣਾ, ਦਵਾਈਆਂ ਤੇ ਇਲਾਜ। ਦੂਸਰਾ ਆਮ ਲੋਕਾਂ ਲਈ ਸੌ ਰੁਪਏ ਰੋਜ਼ਾਨਾ 'ਤੇ ਕਮਰਾ ਹੈ। ਤੀਸਰਾ ਗਰੀਬ ਲੋਕਾਂ ਲਈ ਮੁਫ਼ਤ ਵਾਰਡ ਜਿੱਥੇ ਡਾਕਟਰੀ ਸਹਾਇਤਾ, ਦਵਾਈਆਂ ਤੇ ਰੋਟੀ ਸਭ ਮੁਫ਼ਤ ਹਨ। ਸਭ ਲਈ ਰੋਟੀ ਇੱਕੋ ਜਿਹੀ ਗੁਰਦੁਆਰਿਓਂ ਬਣ ਕੇ ਆਉਂਦੀ ਹੈ। ਯੋਗ ਤੇ ਵਰਜਿਸ਼ ਵੀ ਕਰਵਾਈ ਜਾਂਦੀ ਹੈ। ਆਥਣ ਸਵੇਰ ਗੁਰਦੁਆਰੇ ਵੀ ਲੈ ਕੇ ਜਾਂਦੇ ਨੇ ਤੇ ਮਨੋਵਿਗਿਆਨੀ ਵੀ ਸਮਝਾਉਂਦੇ ਹਨ। ਮੈਂ ਬੇਨਤੀ ਕੀਤੀ "ਬਾਬਾ ਜੀ ਜ਼ਮੀਨ ਅਸੀਂ ਦੇ ਦਿਆਂਗੇ ਸਾਡੇ ਪਿੰਡ ਵੀ ਨਸ਼ਾ ਛੁਡਾਊ ਕੇਂਦਰ ਖੋਲ ਦੇਵੋ।" ਉਹ ਆਖਣ ਲੱਗੇ, "ਬੀਬੀ ਇਹ ਵੱਡਾ ਕੰਮ ਹੈ ਜਿਹੜਾ ਵੀ ਤੁਹਾਡੇ ਪਿੰਡ ਦਾ ਬੰਦਾ ਤੁਹਾਡਾ ਨਾਂ ਲੈ ਕੇ ਆਏਗਾ ਅਸੀਂ ਪੂਰੀ ਮਦਦ ਕਰਾਂਗੇ।"

ਸਾਨੂੰ ਚਾਹੀਦਾ ਹੈ ਕਿ ਸਰਕਾਰ 'ਤੇ ਦਬਾਅ ਪਾ ਕੇ ਅਜਿਹੇ ਨਸ਼ਾ ਛੁਡਾਊ ਕੇਂਦਰ ਖੁੱਲਵਾਏ ਜਾਣ, ਨਸ਼ੇ ਦੇ ਕਾਰਨ ਸਮਝ ਕੇ ਉਹ ਹੱਲ ਕੀਤੇ ਜਾਣ। ਆਲਾ-ਦੁਆਲਾ ਤੇ ਘਰ ਦੇ ਨਸ਼ੱਈ ਨੂੰ ਝਿੜਕਣ ਦੀ ਥਾਂ ਉਸ ਨੂੰ ਇਕ ਰੋਗੀ ਸਮਝ ਕੇ ਉਸ ਦੀ ਸਹਾਇਤਾ ਕੀਤੀ ਜਾਵੇ। ਸੂਬੇ ਅੰਦਰ ਨਸ਼ਿਆਂ ਦੇ ਦਾਖਲੇ ਉੱਤੇ ਚੌਕਸੀ ਵਧਾਈ ਜਾਵੇ ਤੇ ਸਾਰੇ ਲੋਕ ਇਸ ਪੱਖੋਂ ਚੇਤੰਨ ਹੋਣ ਖਾਸ ਕਰ ਨੌਜਵਾਨ ਪੀੜੀ। ਉਨਾਂ ਨੂੰ ਮਨੁੱਖੀ ਜ਼ਿੰਦਗੀ ਦੀ ਅਹਿਮੀਅਤ ਸਮਝਾਈ ਜਾਵੇ ਫੇਰ ਹੀ ਕੁਝ ਹੋ ਸਕਦੈ। ਮੇਰੇ ਕੋਲ ਆਏ ਨੌਜਵਾਨ ਮੈਨੂੰ ਆਖਣ ਲੱਗੇ, "ਤੁਸੀਂ ਇਕ ਸੁਨੇਹਾ ਸਾਨੂੰ ਲਿਖ ਕੇ ਦੇ ਦਿਓ ਜਿਹੜਾ ਅਸੀਂ ਪਿੰਡ-ਪਿੰਡ ਪਹੁੰਚਾ ਦੇਈਏ। ਇਸ ਤਰਾਂ ਵੱਖਰੇ-ਵੱਖਰੇ ਵੱਡੇ ਲੋਕਾਂ ਤੋਂ ਮਿਲੇ ਸੁਨੇਹੇ ਸ਼ਾਇਦ ਦੋਸ਼ੀ ਕਰਤੇ ਧਰਤਿਆਂ ਦੀ ਪਾਪੀ ਆਤਮਾ ਨੂੰ ਹਲੂਣ ਸਕਣ ਤੇ ਨੌਜਵਾਨਾਂ ਨੂੰ ਕੋਈ ਸੇਧ ਦੇ ਸਕਣ।

ਨਸ਼ਿਆਂ ਦੀ ਗ੍ਰਿਫਤ 'ਚ ਆਏ ਉਨਾਂ ਲੜਕਿਆਂ ਨੂੰ ਮੈਂ ਸੁਨੇਹਾ ਦੇਣਾ ਚਾਹੁੰਦੀ ਹਾਂ: "ਜਿਊਣ ਜੋਗਿਓ ! ਨਸ਼ਿਆਂ ਦੀ ਖਾਤਰ ਕਿਉਂ ਮੜੀਆਂ ਦੇ ਰਾਹ ਪੈ ਗਏ ਹੋ।" ਕੁਦਰਤ ਦੀਆਂ ਕਿੱਡੀਆਂ ਵੱਡੀਆਂ-ਵੱਡੀਆਂ ਸ਼ਕਤੀਆਂ ਧਰਤੀ, ਸੂਰਜ, ਹਵਾ, ਪਾਣੀ ਤੁਹਾਨੂੰ ਜਿਊਂਦਿਆਂ ਰੱਖਣ ਲਈ ਆਹਰੇ ਲੱਗੀਆਂ ਹੋਈਆਂ ਨੇ। ਦੇਹ ਨੂੰ ਨਸ਼ਿਆਂ 'ਚ ਗਾਲ਼ ਕੇ ਉਨਾਂ ਦਾ ਕਰਜ਼ਾ ਕਦੋਂ ਉਤਾਰੋਗੇ ? ਸਰਾਧਾਂ ਦੇ ਦਿਨਾਂ ਵਿਚ ਪਿੱਤਰ ਆਪਣੇ ਆਪਣੇ ਘਰਾਂ ਨੂੰ ਮੁੜਦੇ ਨੇ, ਆਪਣੇ ਵਾਰਸਾਂ ਅਤੇ ਕੁਲ ਦੇ ਦੀਵਿਆਂ ਨੂੰ ਦੇਖਣ ਲਈ। ਤੁਹਾਨੂੰ ਨਸ਼ੇ ਵਿਚ ਧੁੱਤ ਦੇਖ ਕੇ ਉਹ ਕਿੱਡੇ ਉਦਾਸ ਮੁੜਦੇ ਹੋਣਗੇ। ਸਾਹ, ਸਾਹ ਨਾਲ ਸੁੱਖ ਮਨਾਉਂਦੇ ਮਾਪਿਆਂ ਦੇ ਬੈਠਿਆਂ ਜਦੋਂ ਪੁੱਤਰ ਤੁਰ ਜਾਣ ਤਾਂ ਉਹ ਨਾ ਮਰਿਆਂ 'ਚ ਤੇ ਨਾ ਜਿਊਂਦਿਆਂ 'ਚ ਰਹਿ ਜਾਂਦੇ ਨੇ। ਭੈਣਾਂ ਦੀ ਤਾਂ ਤਾਕਤ ਹੀ ਭਰਾ ਹੁੰਦੇ ਨੇ। ਜਦੋਂ ਮੇਰਾ ਭਰਾ ਮਰਿਆ ਸੀ ਤਾਂ ਮੈਂ ਰੋ-ਰੋ ਕੇ ਹਾਕਾਂ ਮਾਰੀਆਂ ਸੀ ਕਿ "ਮੈਨੂੰ ਮਰੀ ਪਈ ਨੂੰ ਆਜੂ ਦੁਪਹਿਰਾ, ਵੇ ਭੁੱਲਗੇ ਜੇ ਚੇਤੇ ਵਾਲਿਆ" ਕਿਉਂਕਿ ਭਰਾ ਦੇ ਕਫ਼ਨ ਲਿਆਉਣ ਤੋਂ ਮਗਰੋਂ ਹੀ ਭੈਣ ਦੀ ਅਰਥੀ ਉੱਠਦੀ ਹੈ। ਉਨਾਂ ਮਛੋਹਰਾਂ ਨੂੰ ਕੌਣ ਗਲ ਲਾਊ, ਕੌਣ ਅੱਥਰੂ ਪੂੰਝੂ ਜਿਨਾਂ ਦੇ ਪਿਓ ਨਸ਼ੇ ਨੇ ਖਾ ਲਏ। ਨਸ਼ੇ ਛੱਡਣਾ ਔਖਾ ਕੰਮ ਨਹੀਂ। ਅਨੇਕਾਂ ਨਸ਼ਾ ਛੁਡਾਊ ਕੇਂਦਰ ਤੁਹਾਡੀ ਮਦਦ ਕਰ ਸਕਦੇ ਨੇ। ਉੱਥੇ ਜਾਣਾ ਸ਼ਰਮ ਦੀ ਗੱਲ ਨਹੀਂ, ਸਿਆਣਪ ਦੀ ਗੱਲ ਹੈ। ਖੁਸ਼ਕਿਸਮਤ ਨੇ ਉਹ ਮਾਪੇ ਜਿਨਾਂ ਦੇ ਪੁੱਤ ਨਸ਼ਿਆਂ ਦੀ ਭਿਆਨਕਤਾ ਤੋਂ ਬਚੇ ਹੋਏ ਨੇ।



ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ

- ਪ੍ਰੋ. ਕਿਸ਼ਨ ਸਿੰਘ

ਗੁਰਬਾਣੀ ਦੀ ਬੋਲੀ ਵਿਚ ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ ਰੱਬ ਦੀ ਪੂਜਾ ਕਰ ਰਹੀ ਹੈ। ਸਮਾਜਿਕ ਮਨੁੱਖੀ ਬੋਲੀ ਵਿਚ ਇਹ ਆਰਤੀ ਕਿਸ ਦੀ ਹੋ ਰਹੀ ਹੈ? ਰੱਬ ਵਾਲਿਆਂ ਦੀ।

"ਸੰਤਾ ਕਉ ਮਤਿ ਕੋਈ ਨਿੰਦਹੁ, ਸੰਤ ਰਾਮੁ ਹੈ ਏਕੋੁ (ਕਬੀਰ ਸੂਹੀ ਲਲਿਤ)। ਇਹ ਆਰਤੀ ਹੋ ਰਹੀ ਹੈ ਸਤਿਗੁਰੂ ਦੀ,

ਬ੍ਰਹਮ ਗਿਆਨੀ ਦੀ, ਸਾਧ ਦੀ, ਸੰਤ ਦੀ, ਭਗਤ ਦੀ, ਗੁਰਮੁਖ ਦੀ। ਇਹ ਮਨਮੁਖ ਦੀ, ਸਾਕਤ ਦੀ ਨਹੀਂ ਹੋ ਰਹੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**
**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ॥ਰਹਾਉ॥**
**ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥**
**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤੀ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥**
**ਹਰ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥**

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, "ਹੇ ਰੱਬਾ! ਮੰਦਰਾਂ ਵਿਚ ਹੋ ਰਹੀਆਂ ਆਰਤੀਆਂ ਕੀ ਹਨ? ਸਾਰੀ ਸ੍ਰਿਸ਼ਟੀ ਸਾਰੀ ਕੁਦਰਤ ਆਪਣੇ ਆਪ ਤੇਰੀ ਆਰਤੀ ਕਰ ਰਹੀ ਹੈ। ਸਾਰਾ ਅਸਮਾਨ ਥਾਲ ਬਣਿਆ ਹੋਇਆ ਹੈ। ਚੰਦ ਤੇ ਸੂਰਜ ਇਸ ਥਾਲ ਵਿਚ ਦੀਵੇ ਬਣੇ ਹੋਏ ਹਨ। ਤਾਰਿਆਂ ਦੇ ਸਮੂਹ ਵਿਚ ਥਾਲ ਵਿਚ ਜਿਵੇਂ ਮੋਤੀ ਸਜਾਏ ਹੋਏ ਹੋਣ। ਮਲਯ ਪਹਾੜ ਵੱਲੋਂ ਆ ਰਹੀ ਹਵਾ ਚੰਦਨ ਚੱਟ ਕੇ ਖੁਸ਼ਬੂ ਲਿਆ ਰਹੀ ਹੈ। ਉਹ ਧੂਫ ਧੁਖਾ ਰਹੀ ਹੈ। ਵਗ ਰਹੀ ਹਵਾ ਸਿਰਫ ਵਗ ਹੀ ਨਹੀਂ ਰਹੀ, ਉਹ ਚੌਰ ਕਰ ਰਹੀ ਹੈ। ਸਾਰੀ ਬਨਸਪਤੀ, ਸਾਰੀ ਹਰਿਆਵਲ ਤੇਰੀ ਪੂਜਾ ਵਾਸਤੇ ਫੁੱਲ ਹਨ। ਸਭ ਜੀਵਾਂ ਵਿਚ ਜੋ ਜੀਵਨ ਰੌ ਵਿਚਰ ਰਹੀ ਹੈ, ਉਹ ਅਨਹਤ ਸ਼ਬਦ ਹੈ। ਉਹ ਸ਼ਬਦ ਬਿਨਾਂ ਵਜਾਏ ਵੱਜਦਾ ਹੈ। ਕੰਨਾਂ ਨੂੰ ਨਹੀਂ ਸੁਣਦਾ, ਉਸ ਦਾ ਅਨੁਭਵ ਆਤਮਾ ਦੇ ਅੰਦਰ ਹੋ ਰਿਹਾ ਹੈ। ਉਹ ਅਨਹਤ ਸ਼ਬਦ ਤੇਰੀ ਪੂਜਾ ਵਾਸਤੇ ਨਗਾਰਾ ਵਜਾ ਰਿਹਾ ਹੈ। ਹੇ ਭਵਖੰਡਨਾ, ਹੇ ਜੀਵਾਂ ਦੇ ਜਨਮ ਮਰਨ ਦੀ ਫਾਂਸੀ ਕੱਟਣ ਵਾਲੇ, ਇਹ ਹੋ ਰਹੀ ਤੇਰੀ ਆਰਤੀ ਕੈਸੀ ਖੂਬ, ਕੈਸੀ ਬੇਮਿਸਾਲ, ਕੈਸੀ ਦੰਗ ਕਰਨ ਵਾਲੀ ਆਰਤੀ ਹੈ।

ਇਹ ਆਰਤੀ ਹੋ ਕਿਸਦੀ ਰਹੀ ਹੈ? ਭਵਖੰਡਨਾ ਦੀ, ਜੋ ਜਨਮ ਮਰਨ ਦਾ ਕਿੱਸਾ ਹੀ ਖ਼ਤਮ ਕਰ ਦਿੰਦਾ ਹੈ। ਇਸ ਜਨਮ ਮਰਨ ਦੇ ਚੱਕਰ ਵਿਚ, ਇਸ ਭਉਜਲ ਵਿਚ ਪੈਂਦਾ ਕੌਣ ਹੈ? ਜੋ ਕਾਲ ਦੀ ਸਾਮੀ ਹੈ-ਸਾਕਤ, ਮਨਮੁੱਖ, ਮਾਇਆਧਾਰੀ। ਜੋ ਗੁਰੂ ਸਾਹਿਬ ਦੇ ਰੱਬ ਦਾ ਹੋ ਤੁਰੇ, ਉਹ ਕਾਲ ਦੀ ਸਾਮੀ ਨਹੀਂ ਰਹਿੰਦਾ। ਉਹ ਇਸ ਚੰਡਾਲ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। "ਜਿਉ ਅਗਨਿ ਮਰੈ ਜਲ ਪਾਇਐ ਤਿਉ ਤ੍ਰਿਸ਼ਨਾ ਦਾਸਨਿ ਦਾਸ। ਜਮ ਜੰਦਾਰੁ ਨਾ ਲਗਈ ਇਉ ਭਉਜਲੁ ਤਰੈ ਤਰਾਸਿ?" (ਗੁਰੂ ਨਾਨਕ, ਸਫਾ 22)।

ਇਹ ਭਉਜਲ, ਇਹ ਜਨਮ ਮਰਨ ਦਾ ਚੱਕਰ, ਇਹ ਜਮ ਦਾ ਜਾਲ ਸਮਾਜਿਕ ਮਨੁੱਖੀ ਬੋਲੀ ਵਿਚ ਹੈ ਕੀ? ਤ੍ਰਿਸ਼ਨਾ ਦੀ ਬੰਦੇ ਉੱਤੇ ਸਰਦਾਰੀ। ਹਉਮੈ ਦੀ, ਕਾਮ, ਕ੍ਰੋਧ, ਲੋਭ ਮੋਹ ਹੰਕਾਰ ਦੀ ਬੰਦੇ 'ਤੇ ਕਾਠੀ। ਮਾਇਆ ਦੇ ਮੋਹ ਦੀ ਬੰਦੇ ਦੇ ਮੂੰਹ ਵਿਚ ਲਗਾਮ। ਮਾਇਆ ਦਾ ਬੰਦੇ 'ਤੇ ਬੰਧਨ। ਪੈਸੇ ਅੱਗੇ ਬੰਦੇ ਦੀ ਅਧੀਨਗੀ, ਬੰਦੇ ਦੀ ਗੁਲਾਮੀ। ਸੋ ਇਹ ਆਰਤੀ ਹੋ ਕਿਸ ਦੀ ਰਹੀ ਹੈ? ਉਸ ਦੀ ਜੋ ਬੰਦੇ ਦੇ ਦਵਾਲਿਉਂ ਮਾਇਆ ਦਾ ਬੰਧਨ ਕੱਟਦਾ ਹੈ, ਜੋ ਬੰਦੇ ਦੇ ਅੰਦਰੋਂ ਹਉਮੈ ਨੂੰ ਸਾੜਦਾ ਹੈ, ਜੋ ਉਸ ਦੇ ਅੰਦਰੋਂ ਖ਼ੁਦਗਰਜ਼ੀ ਲਾਲਚ ਆਦਿ ਨੂੰ ਖ਼ਤਮ ਕਰਦਾ ਹੈ, ਜੋ ਬੰਦੇ ਨੂੰ ਆਜ਼ਾਦ ਕਰਾਉਂਦਾ ਹੈ।

ਹੋਰ ਨੁਕਤੇ ਤੋਂ ਵੇਖਿਆ ਇਹ ਸਾਰੀ ਕੁਦਰਤ ਕਿਸ ਦੀ ਆਰਤੀ ਕਰ ਰਹੀ ਹੈ? ਉਸ ਦੀ ਜੋ ਹਰ ਇਕ ਵਿਚ ਵਿਆਪਕ ਹੈ, ਜੋ ਹਰ ਇਕ ਦੇ ਅੰਦਰ ਵਸਦਾ ਹੈ। ਜਿਨਾਂ ਨੂੰ ਮਾਇਆ ਨੇ ਲਲਚਾ ਲਿਆ ਹੁੰਦਾ ਹੈ ਉਨਾਂ ਨੂੰ ਆਪਣੇ ਅੰਦਰ ਉਹ ਦਿੱਸਦਾ ਨਹੀਂ। ਪਰ ਗੁਰਬਾਣੀ ਅਨੁਸਾਰ ਪੰਜ ਤੱਤ ਤੇ ਪੁਤਲੇ ਵਿਚ ਆਪਣੀ ਜੋਤ ਟਿਕਾ ਕੇ ਰੱਬ ਨੇ ਬੰਦੇ ਨੂੰ ਬਣਾਇਆ ਹੈ। ਸੋ ਇਕ ਨੁਕਤੇ ਤੋਂ ਹਰ ਬਣਿਆ ਸਰੀਰ, ਹਰ ਸਿਰਜੀ ਸ਼ਕਲ ਰੱਬ ਦਾ ਸਰੀਰ ਤੇ ਸ਼ਕਲ ਹਨ। ਹਰ ਅੱਖ ਉਸ ਦੀ ਅੱਖ ਹੈ। ਸਭ ਪੈਰ ਉਸ ਦੇ ਪੈਰ ਹਨ, ਨਾਸਾਂ ਜੋ ਖੁਸ਼ਬੋ ਲੈਂਦੀਆਂ ਹਨ, ਉਹ ਸਭ ਉਸ ਦੀਆਂ ਹਨ। ਪਰ ਦੂਸਰੇ ਨੁਕਤੇ ਤੋਂ ਵੇਖਿਆਂ ਗੁਰਬਾਣੀ ਦੇ ਮੁਤਾਬਿਕ ਰੱਬ ਸਾਕਾਰ ਹਸਤੀ ਨਹੀਂ ਹੈ। ਉਸ ਦਾ ਨਾ ਕੋਈ ਸਰੀਰ ਹੈ, ਨਾ ਕੋਈ ਸਰੀਰਿਕ ਅੰਗ। ਗੁਰੂ ਸਾਹਿਬ ਕਹਿੰਦੇ ਹਨ, ਹੇ ਰੱਬਾ! ਤੇਰੀਆਂ ਇਹ ਹੈਰਾਨ ਕਰਨ ਵਾਲੀਆਂ ਗੱਲਾਂ ਵੇਖ ਕੇ ਮੈਂ ਦੰਗ ਹਾ, ਮੋਹੀ ਗਈ ਹਾਂ।

ਸਭ ਜੀਵਾਂ ਵਿਚ ਇਕ ਰੱਬ ਦੀ ਜੋਤ ਹੀ ਵਰਤ ਰਹੀ ਹੈ। ਜੋ ਹੋ ਰਿਹਾ ਹੈ ਉਸ ਦਾ ਕਰਾਇਆ ਹੀ ਹੋ ਰਿਹਾ ਹੈ, ਪਰ ਇਹ ਜੋਤ ਜੋ ਹਰ ਇਕ ਵਿਚ ਕੰਮ ਕਰ ਰਹੀ ਹੈ। ਉਸ ਨੂੰ ਹਰ ਆਦਮੀ ਆਪਣੇ ਆਪ ਨਹੀਂ ਵੇਖ ਸਕਦਾ। ਕਿਉਂ ਨਹੀਂ ਵੇਖ ਸਕਦਾ? ਕਿਉਂਕਿ ਕਾਬਜ਼ ਨਿਜ਼ਾਮ ਮਾਇਆ ਹੈ। ਮਾਇਆ ਨੇ ਉਸ ਦਾ ਮਨ ਮੋਹਿਆ ਹੋਇਆ ਹੈ, ਕੁਮੱਤ ਨੂੰ ਉਸ ਦੀ ਮੱਤ ਬਣਾਇਆ ਹੋਇਆ ਹੈ। ਜਹਿਰ ਨੂੰ ਉਹ ਅੰਮ੍ਰਿਤ ਸਮਝ ਕੇ ਪੀ ਰਿਹਾ ਹੈ। ਸੋ ਮਾਇਆ ਵਿਚ ਵਿਰੜੇ ਹੋਏ ਬੰਦੇ ਨੂੰ ਆਪਣੇ ਅੰਦਰਲੀ ਰੱਬ ਦੀ ਜੋਤ ਤਾਂ ਹੀ ਦਿਸਦੀ ਹੈ ਜੇ ਗੁਰੂ ਵਿਖਾਵੇ। ਜੇ ਬੰਦੇ ਦੇ ਅੰਦਰ ਨਾਮ ਗ੍ਰਹਿਣ ਹੋਵੇ ਤੇ ਉਹ ਅੰਦਰੋਂ ਹਉਮੈ ਨੂੰ ਸਾੜੇ। ਸਾਡੀ ਬੋਲੀ ਵਿਚਲੀ ਇਨਕਲਾਬੀ ਚੇਤਨਤਾ ਅੰਦਰ ਗ੍ਰਹਿਣ ਹੋਵੇ ਤੇ ਉਹ ਕਾਬਜ਼ ਜਮਾਤੀ ਨਿਜ਼ਾਮ ਦੇ ਹਿੱਤੀ ਚੇਤਨਾ ਨੂੰ ਅੰਦਰੋਂ ਖ਼ਤਮ ਕਰੇ। ਜੇ ਅੰਦਰ ਇਨਸਾਨੀਅਤ ਦਾ ਬੀਜ ਪੁੰਗਰੇ, ਸਰਬੱਤ ਦਾ ਪਿਆਰ ਮੌਲੇ ਤੇ ਮਾਇਆ ਦੇ ਮੋਹ ਨੂੰ ਸੋਕੜਾ ਪਵੇ। ਜਦੋਂ ਬੰਦਾ ਆਪਣੇ ਅੰਦਰ ਤੇ ਹੋਰ ਸਭ ਵਿਚ ਉਹ ਹੀ, ਇਕੋ ਹੀ ਰੱਬ ਵੇਖਦਾ ਹੈ ਤਾਂ ਸਹੀ ਚਾਨਣਾ ਉਸਦੇ ਅੰਦਰ ਤਾਂ ਹੀ ਹੁੰਦਾ ਹੈ। ਸਰਬੱਤ ਦੀ ਆਜ਼ਾਦੀ ਦਾ ਸੱਚ ਪ੍ਰਵੇਸ਼ ਕਰੇ ਤੇ ਅੰਦਰ ਚਾਨਣਾ ਤਾਂ ਹੀ ਹੁੰਦਾ ਹੈ। ਮਾਇਆ ਦੇ ਨਿਜ਼ਾਮ ਦੀ, ਜਮਾਤੀ ਸਮਾਜ ਦੀ ਹਿੱਤੀ ਚੇਤਨਤਾ ਬੰਦੇ ਅੰਦਰ ਹਨੇਰਾ ਹੀ ਪਾਈ ਰੱਖਦੀ ਹੈ।

ਆਰਤੀ ਹੋ ਕਿਉਂ ਰਹੀ ਹੈ? ਇਸ ਲਈ ਕਿ ਰੱਬ ਸੁਮੱਤ ਬਖ਼ਸ਼ੇ। ਆਪਣੇ ਰਾਹੇ ਪਾਵੇ। ਮਾਇਆ ਦੇ ਬੰਧਨ ਦੇ ਨਰਕ ਵਿਚੋਂ ਜਮ ਦੀ ਫਾਹੀ ਵਿਚੋਂ ਕੱਢੇ। ਕੁਦਰਤ ਵੱਲੋਂ ਹੋ ਰਹੀ ਆਰਤੀ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਗੱਲ ਲਿਆਏ ਕਿੱਥੇ ਹਨ? ਕਿ ਸਤਿਗੁਰੂ ਕੋਲੋਂ ਸੱਚ ਦਾ ਚਾਨਣ ਲੈ ਕੇ ਨਾ ਸਿਰਫ ਆਪਣੇ ਅੰਦਰ ਹੀ ਰੱਬ ਵੇਖੋ ਬਲਕਿ ਉਸ ਨੂੰ ਹਰ ਇਕ ਦੇ ਅੰਦਰ ਵੇਖੋ। ਇਉਂ ਦੇਖਿਆਂ ਹਰ ਬੰਦੇ ਦਾ ਸਰੀਰ, ਹਰ ਸਰੀਰ ਦਾ ਅੰਗ-ਹਜਾਰਾਂ, ਲੱਖਾਂ ਅੱਖਾਂ, ਹਜਾਰਾਂ ਲੱਖਾਂ ਸ਼ਕਲਾਂ, ਹਜਾਰਾਂ ਲੱਖਾਂ ਕਰੋੜਾਂ ਪੈਰ, ਲੱਖਾਂ ਦੀਆਂ ਸੁੰਘਦੀਆਂ ਨਾਸਾਂ ਆਪਣੇ ਅੰਦਰ ਰੱਬ ਦੀ ਜੋਤ ਲਈ ਬੈਠੀਆਂ ਹੀ ਲੱਗਣਗੀਆਂ। ਐਸੀ ਦਸ਼ਾ ਵਿਚ ਹਉਮੈ, ਤ੍ਰਿਸ਼ਨਾ ਆਦਿ ਵਾਸਤੇ ਤੁਹਾਡੇ ਮਨ ਵਿਚ ਕੋਈ ਜਗਾ ਹੀ ਨਹੀਂ ਰਹਿ ਜਾਵੇਗੀ। ਤੁਸੀਂ ਸਭ ਦੇ ਪਿਆਰ ਦੀ ਲੜੀ ਵਿਚ ਪਰੋਤੇ ਜਾਉਗੇ। ਬਤੌਰ ਮਨੁੱਖ ਤੁਹਾਡੀ ਕਿਸਮ ਬਦਲੇਗੀ। ਐਸ ਵੇਲੇ ਤੁਸੀਂ ਮਾਇਆ ਦੇ, ਪੈਸੇ ਦੇ ਗੁਲਾਮ ਹੋ। ਜਦੋਂ ਸਰਬੱਤ ਦੇ ਪਿਆਰ ਦੀ ਲੜੀ ਵਿਚ ਪਰੋਤੇ ਜਾਉਗੇ, ਗੁਲਾਮੀ ਦਾ ਸੰਗਲ ਤੁਹਾਡੇ ਦਵਾਲਿਉਂ ਟੁੱਟ ਜਾਵੇਗਾ ਤੇ ਤੁਸੀਂ ਆਜ਼ਾਦ ਹੋ ਜਾਵੋਗੇ। ਤੁਹਾਡੇ ਅੰਦਰ ਮਾਇਆ ਦੀ ਪਾਈ ਵਹਿਸ਼ਤ ਖ਼ਤਮ ਹੋ ਜਾਵੇਗੀ ਅਤੇ ਤੁਸੀਂ ਮਨੁੱਖਤਾ ਦੇ ਸਰੂਪ ਹੋ ਜਾਉਗੇ।

ਗੁਰੂ ਸਾਹਿਬ ਆਰਤੀ ਦਾ ਮੂਲ ਕੀ ਦੱਸਦੇ ਹਨ? "ਜੋ ਤਿਸੁ ਭਾਵੈ ਸੋ ਆਰਤੀ ਹੋਇ।" ਇਸ ਦਾ ਅਰਥ ਇਹ ਨਹੀਂ ਹੈ ਕਿ ਜੋ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ ਉਹ ਸਾਨੂੰ ਚੰਗਾ ਲੱਗੇ। ਬਿਲਕੁਲ ਨਹੀਂ। ਰੱਬ ਦੇ ਹੁਕਮ ਤੋਂ ਤਾਂ ਕੁਝ ਵੀ ਬਾਹਰ ਨਹੀਂ। ਨੇਕੀ ਵੀ ਉਸ ਦੀ ਰਜਾ ਵਿਚ ਹੈ, ਬਦੀ ਵੀ ਉਸ ਦੀ ਰਜਾ ਵਿਚ ਹੈ। ਤ੍ਰਿਸ਼ਨਾ ਦੀ ਅੱਗ ਵੀ ਉਸ ਦੀ ਰਜ਼ਾ ਵਿਚ ਹੈ। ਖੁਦਗਰਜ਼ੀ, ਲਾਲਚ, ਮਾਇਆ ਦੇ ਮੋਹ ਦੀ ਵਹਿਸ਼ਤ ਵੀ ਉਸ ਦੀ ਰਜ਼ਾ ਵਿਚ ਹੈ। ਸਮਾਜਿਕ ਵੇਗ ਦੇ ਸਮਾਜਿਕ ਉਸਾਰੀ ਦੇ ਕਾਨੂੰਨ ਤੋਂ ਬਾਹਰ ਤਾਂ ਕੁਝ ਵੀ ਨਹੀਂ ਹੋ ਰਿਹਾ, ਨਾ ਹੋ ਹੀ ਸਕਦਾ ਹੈ। ਮਾਇਆ ਤੇ ਹਉਮੈ ਵੀ ਰੱਬ ਦੇ ਹੁਕਮ ਵਿਚ ਹੀ ਪੈਦਾ ਹੋਏ ਹਨ ਅਤੇ ਉਸ ਦੀ ਰਜ਼ਾ ਨਾਲ ਮਨੁੱਖੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਰਹੀਆਂ ਹਨ।

ਗੁਰੂ ਸਾਹਿਬ ਮੁਤਾਬਕ ਰੱਬ ਦੀ ਸਹੀ ਆਰਤੀ ਕੀ ਹੈ? ਥਾਲਾਂ ਵਿਚ ਦੀਵੇ ਜਗਾਉਣਾ ਨਹੀਂ, ਉਸ ਦੀ ਖ਼ਲਕਤ ਦੇ ਲਹੂ ਨਾਲ ਰੰਗੇ ਹੱਥਾਂ ਨਾਲ ਉਸ ਨੂੰ ਫੁੱਲ ਚੜ੍ਹਾਉਣਾ, ਉਸ ਨੂੰ ਧੂਫ ਦੇਣਾ ਨਹੀਂ। ਬਲਕਿ ਸਮਾਜਿਕ ਮਨੁੱਖੀ ਜ਼ਿੰਦਗੀ ਨੂੰ ਉਸ ਰਾਹੇ ਪਾਉਣਾ ਜਿਹੜਾ ਉਸ ਨੂੰ ਭਾਉਂਦਾ ਹੈ। ਉਸ ਨੂੰ ਤ੍ਰਿਸ਼ਨਾ ਦੀ ਅੱਗ ਨਹੀਂ ਭਾਉਂਦੀ। ਉਸ ਨੂੰ ਹਉਮੈ ਦੀ ਬੰਦੇ ਦੇ ਮਨ 'ਤੇ ਸਰਦਾਰੀ ਨਹੀਂ ਪੁੱਗਦੀ। ਉਸ ਨੂੰ ਬੰਦੇ 'ਤੇ ਮਾਇਆ ਦਾ ਬੰਧਨ ਸਮਾਜ ਵਿਚ ਪੈਸੇ ਤੇ ਪਦਾਰਥਾਂ ਦੀ ਸਰਦਾਰੀ ਨਹੀਂ ਸੁਖਾਂਦੀ। ਇੱਥੇ 'ਜੋ ਤਿਸੁ ਭਾਵੈ ਸੁ ਆਰਤੀ ਹੋਇ' ਅਰਥ-ਭਰਪੂਰ ਹੈ। ਮਤਲਬ ਇਹ ਹੈ ਕਿ ਰੱਬ ਆਰਤੀ ਉਸ ਨੂੰ ਮੰਨਦਾ ਹੈ ਜਦੋਂ ਉਹ ਕੁਝ ਹੋਵੇ, ਜੋ ਉਸ ਨੂੰ ਚੰਗਾ ਲੱਗਦਾ ਹੈ, ਜੋ ਉਸ ਨੂੰ ਪ੍ਰਵਾਨ ਹੈ। ਇਸ ਤੋਂ ਦੋ ਗੱਲਾਂ ਬਿਲਕੁਲ ਸਪੱਸ਼ਟ ਹਨ। ਇਸ ਦੇ ਅਰਥ ਇਹ ਕਰਨਾ ਕਿ ਜੋ ਕੁਝ ਰੱਬ ਦੇ ਹੁਕਮ ਵਿਚ ਹੋ ਰਿਹਾ ਹੈ, ਉਹ ਬੰਦੇ ਨੂੰ ਚੰਗਾ ਲੱਗੇ, ਇਹ ਆਰਤੀ ਹੈ, ਬਿਲਕੁਲ ਗਲਤ ਹੈ।

ਜਿਸ ਤਰਾਂ ਮੁੜ-ਮੁੜ ਸਪੱਸ਼ਟ ਕੀਤਾ ਗਿਆ ਹੈ ਕਿ ਮਾਇਆ, ਹਉਮੈ, ਸਮਾਜਿਕ ਮਨੁੱਖੀ ਜ਼ਿੰਦਗੀ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦਾ ਪ੍ਰਵੇਸ਼ ਸਭ ਵਹਿਸ਼ਤ, ਬਦੀ ਰੱਬ ਦੇ ਹੁਕਮ ਵਿਚ ਹੋ ਰਹੀ ਹੈ। ਉਸ ਦੀ ਸਮਾਜਿਕ ਵੇਗ ਦੀ, ਸਮਾਜਿਕ ਉਸਾਰੀ ਦੇ ਕਾਨੂੰਨ ਦੀ ਆਪਣੀ ਕੀਤੀ ਸਿਰਜਣਾ ਹੈ। ਗੁਰਬਾਣੀ ਦੀ ਬੋਲੀ ਵਿਚ ਕਲਯੁੱਗ ਤੇ ਕਲੀ ਅੰਦਰ ਜੋ ਹੋ ਰਿਹਾ ਹੈ, ਜਿਸ ਤਰਾਂ ਦਾ ਵਹਿਸ਼ੀ ਬੰਦਾ ਬਣ ਰਿਹਾ ਹੈ ਤੇ ਵਹਿਸ਼ਤ ਖਿਲਾਰ ਰਿਹਾ ਹੈ, ਉਹ ਉਸ ਦੇ ਹੁਕਮ ਵਿਚ ਹੈ। "ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ। ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ। ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।" ਉਸ ਦੇ ਹੁਕਮ ਤੋਂ ਬਾਹਰ ਨਹੀਂ। ਸਿਰਫ ਏਥੇ ਹੀ ਬਸ ਨਹੀਂ। "ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।" ਜਿਸ ਨੂੰ ਉਸ ਨੇ ਆਪ ਖੁਆਰ ਕਰਨਾ ਹੁੰਦਾ ਹੈ, ਉਸ ਕੋਲੋਂ ਆਪ ਨੇਕੀ ਖੋਹ ਲੈਂਦਾ ਹੈ। ਕਿਸੇ ਚੀਜ਼ ਦਾ ਰੱਬ ਦੇ ਹੁਕਮ ਅਨੁਸਾਰ ਉਸ ਦੇ ਹੁਕਮ ਅੰਦਰ ਹੋਣਾ ਇਕ ਗੱਲ ਹੈ ਅਤੇ ਰੱਬ ਨੂੰ ਭਾਉਣਾ ਬਿਲਕੁਲ ਦੂਸਰੀ। ਰੱਬ ਨੂੰ ਭਾਉਂਦਾ ਸੰਤ ਹੈ, ਭਗਤ ਹੈ, ਗੁਰਮੁਖ ਹੈ, ਸਰਬੱਤ ਦਾ ਪਿਆਰ ਹੈ, ਸਰਬੱਤ ਦੇ ਪਿਆਰ 'ਤੇ ਆਧਾਰਿਤ ਸਮਾਜਿਕ ਮਨੁੱਖੀ ਜ਼ਿੰਦਗੀ ਹੈ। ਇਹ ਰੱਬ ਦੇ ਹੁਕਮ ਦੀ ਡਾਇਲੈੱਕਟ੍ਰਿਕ ਹੈ। ਰੱਬ ਨੂੰ ਭਾਉਣ ਦੀ ਬਾਬਤ ਦੂਸਰਾ ਨੁਕਤਾ ਇੱਥੇ ਇਹ ਹੈ ਕਿ ਰੱਬ ਨੂੰ ਥਾਲ ਵਿਚ ਦੀਵੇ ਜਗਾਉਣੇ, ਫੁੱਲ ਚੜ੍ਹਾਉਣੇ ਆਰਤੀ ਨਹੀਂ ਲੱਗਦੀ। ਉਸ ਦੀਆਂ ਅੱਖਾਂ ਵਿਚ ਆਰਤੀ ਦਾ ਅਰਥ ਕੀ ਹੈ? ਜ਼ੁਬਾਨੀ ਜਮਾਂ ਖਰਚ ਨਾਲ ਉਸ ਦੀ ਪੂਜਾ ਨਹੀਂ, ਬਲਕਿ ਸਮਾਜਿਕ ਮਨੁੱਖੀ ਜ਼ਿੰਦਗੀ ਦੀ ਕਾਇਆ ਪਲਟੀ। ਕਲਯੁੱਗ ਵਾਲੀ ਤਰਜ਼ੇ ਜ਼ਿੰਦਗੀ ਨੂੰ ਖ਼ਤਮ ਕਰਕੇ ਉਹ ਤਰਜ਼ੇ ਜ਼ਿੰਦਗੀ ਰਾਇਜ ਕਰਨੀ ਜੋ ਸਰਬੱਤ ਦੇ ਪਿਆਰ 'ਤੇ ਆਧਾਰਿਤ ਹੈ। ਗੁਰੂ ਸਾਹਿਬ ਦਾ ਰੱਬ ਗੱਲੀਂ-ਬਾਤੀਂ ਨਹੀਂ ਰੀਝਦਾ। ਉਹ ਸਮਾਜਿਕ ਮਨੁੱਖੀ ਜ਼ਿੰਦਗੀ ਵਿਚ ਇਨਕਲਾਬ ਹੋਇਆ ਲੋੜਦਾ ਹੈ। ਇਨਕਲਾਬ ਦੀ ਕੀਮਤ ਮੰਗਦਾ ਹੈ। ਅਗਲੀ ਤੁਕ ਵਿਚ 'ਮਕਰੰਦ' ਅਰਥ ਭਰਪੂਰ ਹੈ। ਫੁੱਲ ਸਾਰਾ ਹੀ ਸੋਹਣਾ ਹੁੰਦਾ ਹੈ, ਪਰ ਉਸ ਵਿਚ ਸਭ ਨਾਲੋਂ ਮਿੱਠੀ ਤੇ ਕੀਮਤੀ ਚੀਜ ਉਹ ਹੁੰਦੀ ਹੈ ਜਿਸ ਲਈ ਸ਼ਹਿਦ ਦੀ ਮੱਖੀ ਫੁੱਲ 'ਤੇ ਆਉਂਦੀ ਹੈ। ਉਹ ਆਪ ਸ਼ਹਿਦ ਲਿਜਾਂਦੀ ਹੈ, ਪਰ ਸ਼ਹਿਦ ਲਿਜਾਂਦੀ ਹੋਈ ਉਹ ਫੁੱਲਾਂ ਦੇ ਨਰ ਮਦੀਨ ਦਾ ਸੰਜੋਗ ਕਰਾਉਂਦੀ ਹੈ ਅਤੇ ਫੁੱਲ ਦੀ ਫਲ ਵਿਚ ਸਫਲਤਾ ਦਾ ਮੁੱਢ ਬੰਨਦੀ ਹੈ।

ਗੁਰੂ ਸਾਹਿਬ ਕਹਿੰਦੇ ਹਨ, "ਹੇ ਰੱਬਾ! ਮੈਨੂੰ ਇਹੋ ਹੀ ਲਲਚਾ ਹੈ ਤੇਰੇ ਚਰਨ-ਕਮਲਾਂ ਦੇ ਮਕਰੰਦ ਦਾ, ਅੰਮ੍ਰਿਤ-ਰਸ ਦਾ। ਮੈਨੂੰ ਹਮੇਸ਼ਾਂ ਉਸ ਦੀ, ਨਾਮ ਦੀ ਹੀ ਪਿਆਸ ਲੱਗੀ ਰਹਿੰਦੀ ਹੈ। ਅੰਤ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ ਸਾਰਿੰਗ ਦੀ, ਪਪੀਹੇ ਦੀ ਸ਼ਕਲ ਵਿਚ ਪੇਸ਼ ਕਰਦੇ ਹਨ ਅਤੇ ਰੱਬ ਨੂੰ ਕਹਿੰਦੇ ਹਨ ਕਿ ਮੇਰੇ ਉੱਪਰ ਕ੍ਰਿਪਾ ਕਰ। ਮੈਨੂੰ ਉਹ ਜਲ ਦੇ ਜਿਸ ਨਾਲ ਮੇਰਾ ਵਾਸਾ ਤੇਰੇ ਨਾਮ ਵਿਚ ਹੋਵੇ। ਮੈਂ ਤੇਰੇ ਨਾਮ ਦਾ ਸਰੂਪ ਹੋ ਜਾਵਾਂ। ਸੋ ਗੁਰੂ ਸਾਹਿਬ ਦੇ ਮੁਤਾਬਕ ਆਰਤੀ ਕੀ ਹੈ? ਬੰਦੇ ਦਾ ਅਮਲੀ ਤੌਰ 'ਤੇ ਨਾਮ ਵਿਚ ਵਾਸਾ।ਗੁਰਬਾਣੀ ਦੀ ਬੋਲੀ ਵਿਚ ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ ਰੱਬ ਦੀ ਪੂਜਾ ਕਰ ਰਹੀ ਹੈ। ਸਮਾਜਿਕ ਮਨੁੱਖੀ ਬੋਲੀ ਵਿਚ ਇਹ ਆਰਤੀ ਕਿਸ ਦੀ ਹੋ ਰਹੀ ਹੈ? ਰੱਬ ਵਾਲਿਆਂ ਦੀ। "ਸੰਤਾ ਕਉ ਮਤਿ ਕੋਈ ਨਿੰਦਹੁ, ਸੰਤ ਰਾਮੁ ਹੈ ਏਕੋੁ (ਕਬੀਰ ਸੂਹੀ ਲਲਿਤ)। ਇਹ ਆਰਤੀ ਹੋ ਰਹੀ ਹੈ ਸਤਿਗੁਰੂ ਦੀ, ਬ੍ਰਹਮ ਗਿਆਨੀ ਦੀ, ਸਾਧ ਦੀ, ਸੰਤ ਦੀ, ਭਗਤ ਦੀ, ਗੁਰਮੁਖ ਦੀ। ਇਹ ਮਨਮੁਖ ਦੀ, ਸਾਕਤ ਦੀ ਨਹੀਂ ਹੋ ਰਹੀ। ਕਿਉਂ? ਕਿਉਂਕਿ ਉਹ ਸਹੀ ਅਰਥਾਂ ਵਿਚ ਗੁਰਬਾਣੀ ਦੇ ਰੱਬ ਨੂੰ ਪ੍ਰਵਾਨ ਬੰਦਾ ਹੀ ਨਹੀਂ ਹੈ। ਉਹ ਵਹਿਸ਼ੀ ਹੈ। ਉਹ ਤਾਂ ਬੰਦੇ ਦੀ ਜਾਤ ਨੂੰ ਵੱਟਾ ਹੈ। ਉਸ ਨੂੰ ਬਦਨਾਮ ਕਰ ਰਿਹਾ ਹੈ। ਉਸ ਦੀ ਖੁਨਾਮੀ ਕੀ ਹੈ? ਉਹ ਪੈਸੇ ਦੇ ਅਧੀਨ ਹੈ।

ਮਾਇਆ ਦੇ ਬੰਧਨ ਵਿਚ ਹੈ। ਹਉਮੈ ਦਾ ਪੁਤਲਾ ਹੈ।

ਇਹ ਆਰਤੀ ਰੱਬ ਵਾਲਿਆਂ ਦੇ, ਪੰਜ ਤੱਤ ਦੇ ਪੁਤਲੇ ਲਈ ਨਹੀਂ ਹੋ ਰਹੀ, ਉਨਾਂ ਦੀ ਪ੍ਰਾਪਤੀ ਲਈ ਹੋ ਰਹੀ ਹੈ। ਉਨਾਂ ਨੇ ਸ਼ਬਦ ਨਾਲ ਹਉਮੈ ਜਲਾਈ, ਉਸ ਲਈ ਹੋ ਰਹੀ ਹੈ। ਉਨਾਂ ਨਾਮ ਨੂੰ ਗ੍ਰਹਿਣ ਕਰਕੇ ਮਾਇਆ ਦੇ ਬੰਧਨ ਨੂੰ ਤੋੜਿਆ, ਉਸ ਲਈ ਹੋ ਰਹੀ ਹੈ। ਉਨਾਂ ਦੇ ਮਨੁੱਖੀ ਅਸਲੇ ਲਈ, ਸਰਬੱਤ ਦੇ ਪਿਆਰ ਲਈ, ਮਨੁੱਖਤਾ ਲਈ ਹੋ ਰਹੀ ਹੈ। ਆਜ਼ਾਦ ਮਨੁੱਖ ਲਈ ਹੋ ਰਹੀ ਹੈ। ਬੰਦੇ ਦੀ ਆਜ਼ਾਦੀ ਲਈ ਸਰਬੱਤ ਦੀ ਆਜ਼ਾਦੀ ਲਈ ਹੋ ਰਹੀ ਹੈ। ਸਮਾਜਿਕ ਮਨੁੱਖੀ ਜ਼ਿੰਦਗੀ ਵਿਚ ਬੰਦੇ ਦੇ ਸਹੀ ਸਥਾਨ ਲਈ ਹੋ ਰਹੀ ਹੈ। "ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿਕਦਾਰੀ। ਸੁਇਨਾ ਰੂਪਾ ਤੁਝ ਪਹਿ ਦਾਮ। ਸੀਲੁ ਬਿਗਾਰਿਓ ਤੇਰਾ ਕਾਮ।"

ਇਸ ਆਰਤੀ ਰਾਹੀਂ ਬੰਦੇ ਨੂੰ ਕਿਹਾ ਕੀ ਜਾ ਰਿਹਾ ਹੈ? ਕਿਹਾ ਇਹ ਜਾ ਰਿਹਾ ਹੈ ਕਿ ਹੇ ਬੰਦੇ! ਤੂੰ ਸਾਰੀ ਕੁਦਰਤ ਦਾ ਸਰਦਾਰ ਹੈ। ਉਹ ਤੇਰੇ 'ਤੇ ਚੌਰ ਕਰ ਰਹੀ ਹੈ। ਤੇਰੇ ਲਈ ਇਹ ਧਰਤੀ ਸਵਰਗ ਹੋਣੀ ਚਾਹੀਦੀ ਹੈ। ਪਿਆ ਤੂੰ ਨਰਕ ਵਿਚ ਹੈ। ਇਹ ਧਰਤੀ ਸੰਤਾਂ, ਭਗਤਾਂ ਲਈ ਬਣੀ ਸੀ। ਤੇਰੀ ਆਜ਼ਾਦੀ ਲਈ, ਸਰਬੱਤ ਦੀ ਆਜ਼ਾਦੀ ਲਈ ਬਣੀ ਸੀ। ਤੇਰੀ ਗੁਲਾਮੀ ਲਈ ਸੀਧਾ ਤਿਆਰ ਹੈ। ਸਤਿਗੁਰੂ ਪ੍ਰਗਟਿਆ ਹੈ। ਉਹ ਨਾਮ ਦਿੰਦਾ ਹੈ। ਉਸ ਦਾ ਸਰੂਪ ਹੈ। ਆਪਣੇ ਦਵਾਲਿਉਂ ਮਾਇਆ ਦਾ ਬੰਧਨ ਤੋੜ ਸੁਰਖਰੂ ਹੋ। ਆਪਣੇ ਸਹੀ ਸਥਾਨ 'ਤੇ ਪਹੁੰਚ। ਆਪਣੀ ਮਹਾਨਤਾ, ਸਫਲਤਾ, ਖੂਬਸੂਰਤੀ ਦਾ ਮੂੰਹ ਵੇਖੋ।

ਇਹ ਆਜ਼ਾਦੀ ਦੀ ਦਸ਼ਾ ਵੱਲ ਨੂੰ ਪ੍ਰੇਰਨਾ ਹੈ। ਉਸ ਲਈ ਮਨ ਮੋਹਿਆ ਜਾ ਰਿਹਾ ਹੈ। ਕਿਤੇ ਸਾਰਾ ਅਸਮਾਨ ਚੰਦ, ਸੂਰਜ, ਸਭ ਤਾਰੇ, ਕੁਲ ਬਨਸਪਤੀ ਪ੍ਰਣਾਮ ਕਰਨ ਤੇ ਕਿਤੇ ਹੱਥਾਂ ਦੀ ਮੈਲ, ਨਿਗੂਣੇ ਛਿੱਲੜ ਲਗਾਮ ਪਾਈ ਫਿਰਨ, ਖੁਆਰ ਕਰਨ, ਜਲੀਲ ਕਰਨ, ਜੂਨ ਵਿਗਾੜਨ। ਇੱਥੇ ਗੁਲਾਮ ਬਣੇ ਬੰਦੇ ਦੀ ਖੁਦਦਾਰੀ ਜਗਾਈ ਜਾ ਰਹੀ ਹੈ। ਉਸ ਨੂੰ ਤਰਕਾਂ ਦਿੱਤੀਆਂ ਜਾ ਰਹੀਆਂ ਹਨ। ਲਗਾਮ ਪਵਾਈ, ਧੂਹੀ ਦੇ ਫਿਰਦੇ ਨੂੰ, ਐਵਿਉ ਸਾਵੇਂ ਵਿਕਦੇ ਨੂੰ ਉਸ ਦੀ ਅਥਾਹ ਹੋਣੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 19**

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਪੁਲੀਸ ਵਿਆਹ ਵਾਲੇ ਕਾਰਡ ਤੋਂ ਪਤਾ ਪੜਕੇ ਚੰਡੀਗੜ੍ਹ ਵੱਜੀ!

'ਬੰਦ ਕਰੋ ਓਏ ਲੁੱਚ ਪਓ ਨੂੰ' ਜਿਪਸੀ ਵਿੱਚੋਂ ਉੱਤਰਦੇ ਹੀ ਠਾਂਣੇਦਾਰ ਨੇ ਦਬਕਾ ਮਾਰਿਆ। ਸਾਰੇ ਸਾਜ ਵਾਜ ਬੰਦ ਹੋ ਗਏ! ਕੋਠੀ ਵਿੱਚ ਮੌਤ ਵਾਂਗ ਸੰਨਾਟਾ ਛਾ ਗਿਆ। ਮਾਮੀ ਭੱਜੀ ਭੱਜੀ ਬਾਹਰ ਆਈ।

'ਕੀ ਗੱਲ ਹੋਗੀ ਬਾਈ ਜੀ' ਮਾਮੀ ਨੇ ਹੱਥ ਬੰਨਕੇ ਕਿਹਾ।

'ਭਗੌੜੇ ਫੌਜੀ ਨੂੰ ਬਾਹਰ ਕੱਢੋ' ਹੌਲਦਾਰ ਨੇ ਸ਼ਾਹੀ ਫੁਰਮਾਨ ਕੀਤਾ। ਮਾਮੀ ਸੁਣਕੇ ਹੈਰਾਨ ਹੋ ਗਈ ਕਿ ਉਸਦਾ ਅੱਜ ਵਿਆਹ ਤੇ ਵਿਆਹ ਵਾਲੇ ਦਿਨ ਹੀ ਪੁਲੀਸ ਅਸੀਂ ਤਾਂ ਕਦੇ ਠਾਂਣੇ ਅੱਗੋਂ ਦੀ ਨਹੀਂ ਲੰਘੇ ਤੇ ਸਾਡੇ ਘਰ ਪੁਲੀਸ?

'ਉਦਾ ਤਾ ਜੀ ਅੱਜ ਵਿਆਹ ਜੰਨ ਲੈਕੇ ਔਂਦਾ ਹੀ ਹੋਣਾ, ਜੇ ਕੋਈ ਗੱਲ ਕਰਨੀ ਤਾਂ ਵਿਆਹ ਤੋਂ ਬਾਦ ਕਰ ਲਿਓ' ਮਾਮੀ ਨੇ ਕਿਹਾ।

'ਜੇ ਓ ਐਥੇ ਆਊ ਤਾਂ ਵਿਆਹ ਹੋਊ' ਠਾਣੇਦਾਰ ਨੇ ਆਵਦੇ ਬੂਟਾਂ ਤੇ ਡੰਡਾ ਮਾਰਦੇ ਹੋਏ ਕਿਹਾ।

'ਕੀ ਗੱਲ ਉਸ ਨੂੰ ਕੁਸ਼ ਹੋ ਗਿਆ' ਮਾਮੀ ਨੇ ਪੁੱਛਿਆ ਅਤ ਸੋਚਿਆ ਕਿ ਰੱਬਾ ਜਿਊਂਦਾ ਹੋਵੇ।

'ਅਜੇ ਤਾਂ ਪਤਾ ਨੀ ਪਰ ਹੁਣ ਉਦੀ ਖੈਰ ਨੀ ਸਾਨੂੰ ਦੇਖਕੇ ਘਰੋਂ ਭੱਜ ਗਿਆ'

'ਹੈਂ! ਹੁਣ ਕੀ ਹੋਊ ਮੇਰੀ ਭਾਣਜੀ ਦੇ ਵਿਆਹ ਦਾ ਕੀ ਬਣੂੰ?

'ਤੂੰ ਦੱਸ ਬੀਬੀ ਕਿ ਓ ਕਿੱਥੇ ਆ?'

'ਬਾਈ ਜੀ ਸਾਨੂੰ ਕੀ ਪਤਾ'

'ਤਲਾਸ਼ੀ ਲਵੋ' ਠਾਂਣੇਦਾਰ ਨੇ ਡੰਡਾ ਘੁੰਮਾ ਕੇ ਕਿਹਾ ਤਾਂ ਸਾਰੀ ਪੁਲੀਸ ਪਾਰਟੀ ਅੰਦਰ ਤਲਾਸ਼ੀ ਲੈਣ ਵੜ ਗਈ ਸਭ ਕੁਛ ਛਾਣ ਮਾਰਿਆ, ਜੇ ਕੇਵਲ ਹੋਵੇ ਤਾਂ ਲੱਭੇ ਪੁਲੀਸ ਵਾਲੇ ਖਾਲੀ ਹੱਥ ਆ ਗਏ!

'ਹੁਣ ਤਾਂ ਬਚ ਗਿਆ ਪਰ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਊ ਅਸੀਂ ਚੱਲੇ ਆਂ ਫਿਰ ਛਾਪਾ ਮਾਰਾਂਗੇ' ਆਖਕੇ ਠਾਣੇਦਾਰ ਵਾਪਸ ਚਲਾ ਗਿਆ! ਸੀਤਲ ਤੇ ਭਿੰਦਾ ਵੀ ਆ ਗਏ।

'ਕੀ ਗੱਲ ਹੋਗੀ ਮਾਮੀ ਜੀ' ਸੀਤਲ ਨੇ ਪੁੱਛਿਆ।

'ਬਹਿਜੇ ਲੋਕਾਂ ਦੀ ਬੇੜੀ! ਕਿਵੇਂ ਵਿਆਹ ਸਾਹੇ ਤੇ ਪੁਲਸ ਭੇਜੀ' ਮਾਮੀ ਰੋ ਰੋ ਕੇ ਕਮਲੀ ਹੋ ਰਹੀ ਸੀ।

ਸਪੀਕਰ ਵਿੱਚ ਬੋਲ ਦਿੱਤਾ ਵਿਆਂਦੜ ਦਾ ਐਕਸੀਡੈਂਟ ਹੋ ਗਿਆ ਵਿਆਹ ਕੈਂਸਲ ਸਾਰੇ ਘਰੋ ਘਰੀ ਚਲੇ ਗਏ! ਸੀਤਲ,ਮਾਮੀ ਤੇ ਭਿੰਦਾ ਰੋਈ ਜਾ ਰਹੇ ਸਨ ਕੋਈ ਚੁੱਪ ਕਰਵਾਉਣ ਵਾਲਾ ਨਹੀਂ ਸੀ। ਆਂਢੀ ਗੁਆਂਢੀ ਪੁਲੀਸ ਦੇ ਡਰੋਂ ਸਾਰੇ ਖਿਸਕ ਗਏ! ਆੜ੍ਹਤੀਆਂ ਦੇ ਬੈਠਾ ਕੇਵਲ ਬੇ-ਤਾਬ ਸੀ ਕਿ ਪੁਲੀਸ ਕਿਓਂ ਆਈ ਕੇਵਲ ਦੇ ਬੁੱਲ ਸੁੱਕ ਗਏ ਸਨ ਬਾਰ ਬਾਰ ਬੁੱਲਾਂ ਤੇ ਜੀਭ ਫੇਰ ਰਿਹਾ ਸੀ ਅਤੇ ਬਾਹਰ ਵੱਲ ਨਿਗ੍ਹਾ ਸੀ ਕਿ ਪੁਲੀਸ ਕਿਤੇ ਐਥੇ ਵੀ ਨਾ ਆ ਜਾਵੇ! ਆਖਰ ਫੂਨ ਖੜਕਿਆ ਫੂਨ ਤੇ ਮਾਮਾ ਸਰਦੂਲ ਬੋਲ ਰਿਹਾ ਸੀ, ਆੜ੍ਹਤੀਏ ਨੇ ਫੂਨ ਚੱਕਕੇ ਕਿਹਾ-

'ਕੋਈ ਸਰਦੂਲ' ਕੇਵਲ ਦੀ ਜਾਨ ਵਿੱਚ ਜਾਨ ਆ ਗਈ।

'ਲਿਆਓ ਲਿਆਓ ਮੇਰਾ ਮਾਮਾ' ਕੇਵਲ ਨੇ ਆਖ ਕੇ ਫੂਨ ਫੜ ਲਿਆ।

'ਸਾਸਰੀਕਾਲ ਮਾਮਾ'

'ਸਾਸਰੀਕਾਲ ਫੌਜੀਆ ਕੀ ਹਾਲ ਆ ?

'ਹਾਲ ਦਾ ਤੈਨੂੰ ਪਤਾ ਏਹ ਫੇਰੇ ਦੇਣੇ ਪੁਲਸ ਵਾਲੇ ਕਿਉਂ ਆਏ ਸੀ?'

'ਓਹ ਕ੍ਹੈਂਦੇ ਸੀ ਕਿ ਕੇਵਲ ਅੱਤਬਾਦੀਆਂ ਨੂੰ ਬੰਦੂਖਾਂ ਚਲੌਣੀਆਂ ਸਖੌਂਦਾ ਪੇਸ਼ ਕਰੋ'

'ਫਿਰ ਤੁਸੀਂ ਕੀ ਕਿਹਾ?'

'ਅਸੀਂ ਕਿਹਾ ਜਿੱਥੇ ਹੈਗਾ ਫੜਲੋ'

'ਫਿਰ?'

'ਫਿਰ ਬਾਈ ਕਰਨੈਲ ਸਿੰਹੋਂ ਨੂੰ ਲਿਜਾਂਦੇ ਪਰ ਸਰਪੈਂਚ ਨੇ ਨੀ ਜਾਣ ਦਿੱਤਾ'

'ਹੁਣ ਕੀ ਕਰੀਏ?'

'ਕਿਸੇ ਮੰਤਰੀ ਸੰਤਰੀ ਦੀ ਜਾਂ ਜੱਥੇਦਾਰ ਦੀ ਸਪਾਰਸ ਪਾ ਐਵੇਂ ਪਿੱਛਾ ਨੀ ਛੁੱਟਣਾਂ'

'ਪੈਸੇ ਪੂਸੇ ਦੇ ਕੇ ਵੀ ਨੀ?'

'ਨਈਂ ਭਾਣਜੇ ਪੈਸੇ ਨਾਲ ਗੱਲ ਨੀ ਬਨਣੀ ਏਹ ਠਾਣੇਦਾਰ ਪੈਸੇ ਲੈ ਕੇ ਤਿੱਤਰ ਹੋ ਜੂ ਤੇ ਖੂਹ ਦੀਆਂ ਟਿੰਡਾਂ ਵਾਂਗੂੰ ਦੂਜਾ ਆਜੂ, ਕੋਈ ਮੰਤਰੀ ਦੀ ਸਫਾਰਸ ਚੱਲੂ'

'ਤੈਨੂੰ ਕੋਈ ਜਾਣਦਾ?'

'ਮੈਨੂੰ ਤਾਂ ਭਾਂਣਜੇ ਕੋਈ ਚਪਾਹੀ ਵੀ ਜਾਣਦਾ ਮੰਤਰੀ ਕਿੱਥੋਂ?'

'ਮੈਂ ਇਓਂ ਕਰਦਾਂ ਮਾਨਸੇ ਜਾਨਾ'

'ਓਥੇ ਕੌਣ ਆ?'

'ਓਥੇ ਮੇਰੇ ਯਾਰ ਬੇਲੀ ਆ ਮੇਰੇ ਨਾਲ ਈ ਬੈਰਕਾਂ ਛੱਡੀਆਂ ਸੀ'

'ਓਹ ਤਾਂ ਖੇਤ ਗਿਐ'

'ਕਦੋਂ ਆਊਗਾ?'

'ਰਾਤ ਨੂੰ, ਜੇ ਛੇਤੀ ਆ ਤਾਂ ਸੱਦ ਲੈਨੇ ਆਂ'

'ਨਈਂ ਬਾਬਾ ਜੀ ਮੈਂ ਖੇਤ ਜਾ ਕੇ ਗੱਲ ਬਾਤ ਕਰਲੂੰਗਾ'

'ਠੀਕ ਆ ਖੇਤ ਵੀ ਨਾਲ ਈ ਆ' ਬਾਬੇ ਨੇ ਕਿਹਾ ਏਨੇ ਨੂੰ ਚਾਹ ਆ ਗਈ। ਕੇਵਲ ਚਾਹ ਪੀ ਕੇ ਖੇਤ ਚਲਾ ਗਿਆ। ਛੱਤਾ ਕਣਕ ਨੂੰ ਪਾਣੀ ਲਾ ਰਿਹਾ ਸੀ। ਪਹਿਲਾਂ ਤਾਂ ਕੇਵਲ ਤੋਂ ਪਛਾਣਿਆਂ ਨਾ ਗਿਆ ਪਰ ਨੇੜੇ ਆਏ ਤੋਂ ਉਸ ਨੇ ਜੱਫੀ ਪਾ ਲਈ।




'ਕੌਣ ਸੀ?'

'ਸਾਰੇ ਨਾਂ ਤਾਂ ਮੈਨੂੰ ਭੁੱਲਗੇ ਪਰ ਸ਼ੈਦ ਨਛੱਤਰ ਤੇ ਲਛਮਣ ਸਿੰਘ ਸੀ ਉਨਾਂ ਕੋਲ ਜਾਨਾ ਜੇ ਬਚਗੇ ਹੋਏ ਪਰ ਹੈ ਮੁਸ਼ਕਲ ਲਗਦਾ ਗਰੀਬੀ ਦੀ ਮਾਰ ਹੇਠ ਆ ਕੇ ਮਰ ਮੁੱਕ ਗਏ ਹੋਣਗੇ!' ਕੇਵਲ ਨੇ ਕਿਹਾ ਅਤੇ ਮਾਨਸੇ ਚਲਾ ਗਿਆ

'ਬਾਈ ਮੈਂ ਨਛੱਤਰ ਸਿੰਹੋਂ ਦੇ ਘਰ ਜਾਣਾ' ਇੱਕ ਬੰਦੇ ਨੂੰ ਕੇਵਲ ਨੇ ਪੁੱਛਿਆ ਜੋ ਕਿ ਬੱਸ ਅੱਡੇ ਤੇ ਕਿਸੇ ਦੇ ਆਉਣ ਦੀ ਉਡੀਕ ਵਿੱਚ ਖੜਾ ਸੀ।

'ਬਾਈ ਇੱਥੇ ਛੀ-ਸੱਤ ਨਛੱਤਰ ਆ ਕ੍ਹੇੜੇ ਨਛੱਤਰ ਦੇ?'

'ਬਾਈ ਜੀ ਧਰਮੀ ਫੌਜੀ ਦੇ'

'ਉਦਾ ਘਰ ਤਾਂ ਬਾਈ ਪਿੰਡੋਂ ਬਾਹਰ ਵਾਰ ਆ ਸਿੱਧਾ ਚਲਿਆ ਜਾ, ਗੁਰਦਵਾਰੇ ਦੇ ਕੋਲ ਘਰ ਅੱਗੇ ਨਿੰਮ ਦਾ ਦ੍ਰਖਤ ਆ ਨਾਂ ਛੱਤਾ' ਉਸ ਬੰਦੇ ਨੇ ਇਸ਼ਾਰੇ ਨਾਲ ਸਮਝਾ ਦਿੱਤਾ। ਕੇਵਲ ਵਾਹੋ ਦਾਹ ਛੱਤੇ ਦੇ ਘਰ ਚਲਾ ਗਿਆ।

'ਬਾਬਾ ਜੀ ਨਛੱਤਰ ਸਿੰਘ ਦਾ ਘਰ ਏਹ ਆ?'

'ਹਾਂ ਏਹੇ ਈ ਆ, ਆਜਾ ਭਾਈ' ਬਾਬੇ ਨੇ ਕਿਹਾ ਕੇਵਲ ਅੰਦਰ ਚਲਾ ਗਿਆ। ਜਨਾਨੀ ਨੇ ਮੰਜਾ ਡਾਹ ਦਿੱਤਾ ਕੇਵਲ ਬੈਠ ਗਿਆ ਜਨਾਨੀ ਪਾਣੀ ਦਾ ਗਲਾਸ ਦੇ ਕੇ ਚਾਹ ਧਰ ਦਿੱਤੀ।

'ਕੀ ਨਾਂ ਆਪਣਾ' ਬਾਬੇ ਨੇ ਕਿਹਾ।

'ਮੇਰਾ ਨਾਂ ਜੀ ਕੇਵਲ ਆ ਮੈਂ ਨਛੱਤਰ ਸਿੰਘ ਨੂੰ ਮਿਲਣ ਵਾਸਤੇ ਆਇਆਂ'

'ਤੂੰ ਤਾਂ ਯਾਰ ਸੁਫ਼ਨਾ ਈ ਹੋ ਗਿਆ' ਛੱਤੇ ਨੇ ਮੰਜੇ ਤੇ ਬਿਠਾਉਂਦੇ ਹੋਏ ਕਿਹਾ।

'ਹੁਣ ਤੂੰ ਦੱਸ ਕਿਵੇਂ ਦਰਸ਼ਨ ਦਿੱਤੇ?'

'ਕੀ ਦੱਸਾਂ ਯਾਰ ਪੁਲਸ ਪਿੱਛਾ ਨੀ ਛਡਦੀ'

'ਮੇਰੇ ਘਰ ਵੀ ਪੁਲਸ ਆਈ ਸੀ ਮੈਂ ਲੈ ਦੇ ਕੇ ਠਾਣੇਦਾਰ ਨੂੰ ਮੋੜ ਤਾ, ਫਿਰ ਦੋ ਕੁ ਮ੍ਹੀਨੇ ਬਾਦ ਫਿਰ ਹੋਰ ਠਾਣੇਦਾਰ ਆਇਆ ਓਹ ਪੈਸੇ ਲੈ ਕੇ ਤਿੱਤਰ ਹੋਇਆ, ਪਰ ਇਓਂ ਕਿੰਨਾ ਕੁ ਚਿਰ ਚੱਲੂ?'

'ਉਦਾ ਮਤਲਬ ਸਾਰੇ ਫੌਜੀਆਂ ਦੇ ਘਰ ਗਏ ਹੋਣਗੇ?'

'ਜਰੂਰ!'

'ਆਪਾਂ ਕੱਠੇ ਹੋ ਕੇ ਮੰਤਰੀ ਕੋਲ ਚੱਲੀਏ'

'ਜਿਹੋ ਜਿਹੀ ਆਪਾਂ ਨੂੰ ਪੈਲੀ ਦੇ ਤੀ ਉਹੋ ਜਿਹੀ ਹੁਣ ਫਰਿਆਦ ਸੁਣੂ' ਛੱਤੇ ਨੇ ਕਿਹਾ।

'ਆਪਾਂ ਚੱਲੀਏ ਇੱਕ ਵਾਰ, ਫਿਰ ਵੀ ਕਾਲੀ ਆ ਕਾਲੀਆਂ ਦੀ ਸਰਕਾਰ ਆ ਜੇ ਮੁੱਲਾਂ ਸਬਕ ਨਾ ਦੇਊ ਤਾਂ ਘਰ ਵੀ ਨਾ ਔਂਣ ਦੇਊ?'

'ਚੱਲ ਫਿਰ ਆਪਾਂ ਅਖਬਾਰਾਂ 'ਚ' ਖਬਰ ਦਿੰਨੇ ਆਂ ਕਿ ਅਗਲੇ ਸੋਮਵਾਰ ਚੰਡੀਗੜ ਵੱਡੇ ਮੰਤਰੀ ਦੇ ਦਫਤਰ ਅੱਗੇ ਕੱਠੇ ਹੋਵੋ' ਛੱਤੇ ਨੇ ਕਿਹਾ।

'ਕੇੜ੍ਹਾ ਅਖਵਾਰ ਆਪਣੀ ਗਰੀਬਾਂ ਦੀ ਖਬਰ ਲਾਊ ਸਾਰੇ ਅਖਬਾਰਾਂ ਵਾਲੇ ਪੈਸੇ ਦੇ ਯਾਰ ਆ, ਤੇ ਪੈਸੇ ਆਪਣੇ ਕੋਲ ਹੈਨੀ' ਕੇਵਲ ਨੇ ਕਿਹਾ।

'ਹਾਂ ਯਾਰ ਸਾਰੇ ਅਖਵਾਰਾਂ ਵਾਲੇ ਪੈਸੇ ਤੋਂ ਬਗੈਰ ਗੱਲ ਨੀ ਕਰਦੇ'

'ਹਾਂ ਹੈਗਾ ਇੱਕ ਅਖਬਾਰ ਗਰੀਬਾਂ ਦਾ ਮਸੀਹਾ 'ਸਪੋਕਸਮੈਨ' ਓਹ ਆਪਣੀ ਬਾਂਹ ਫੜੂ' ਛੱਤੇ ਨੇ ਸੋਚਕੇ ਕਿਹਾ ਅਤੇ 'ਸਪੋਕਸਮੈਨ' ਅਖਬਾਰ ਨੂੰ ਖਬਰ ਭੇਜਣ ਵਾਸਤੇ ਤਿਆਰ ਹੋ ਗਏ।

'ਯਾਰ ਬਾਈ ਲੱਛੂ ਕਿੱਥੇ ਆ?' ਕੇਵਲ ਨੇ ਪੁੱਛਿਆ। ਇਹਨਾ ਨਾਲ ਇੱਕ ਹੌਲਦਾਰ ਲਛਮਣ ਸਿੰਘ ਵੀ ਇਸੇ ਪਿੰਡ ਦਾ ਸੀ ਜਿਸ ਨੇ ਸੂਬੇਦਾਰ ਬਨਣਾ ਸੀ।

'ਹੌਲਦਾਰ ਲਛਮਣ ਉਰਫ ਲੱਛੂ'

'ਹਾਂ'

'ਚੱਲ ਆਪਾਂ ਬੱਸ ਅੱਡੇ ਚਲਦੇ ਆਂ'

'ਉਦਾ ਘਰ ਬੱਸ ਅੱਡੇ ਕੋਲ ਆ'

'. . . .' ਛੱਤਾ ਚੁੱਪ ਚਾਪ ਤੁਰਿਆ ਜਾ ਰਿਹਾ ਸੀ। ਪਿੱਛੇ ਪਿੱਛੇ ਬੱਚਿਆਂ ਵਾਂਗੂੰ ਕੇਵਲ ਆ ਰਿਹਾ ਸੀ। ਬੱਸ ਅੱਡਾ ਨੇੜੇ ਹੀ ਸੀ ਉੱਥੇ ਦੋ ਰਿਕਸ਼ਿਆਂ ਵਾਲੇ ਕੁੱਕੜਾਂ ਵਾਂਗੂੰ ਲੜ ਰਹੇ ਸਨ। ਇੱਕ ਦੇ ਕਮੀਜ਼ ਪਜਾਮਾ ਪਾਇਆ ਦੂਜੇ ਦੇ ਲਾਂਗੜ ਕੱਸਿਆ ਸੀ ਲਾਂਗੜ ਵਾਲਾ ਵੱਧ ਰੌਲਾ ਪਾ ਰਿਹਾ ਸੀ ਜਦੋਂ ਕਿ ਪਜਾਮੇਂ ਵਾਲਾ ਘੱਟ!

'ਏਥੇ ਰੋਅਬ ਰਾਬ ਨੀ ਚੱਲਣਾ ਏਹ ਸਵਾਰੀਆਂ ਮੇਰੀਆਂ ਜਦੋਂ ਹੋਰ ਔਂਣਗੀਆਂ ਓਹ ਤੇਰੀਆਂ' ਲਾਂਗੜ ਵਾਲੇ ਨੇ ਦੋ ਸਵਾਰੀਆਂ ਆਵਦੇ ਰਿਕਸ਼ੇ ਤੇ ਬਿਠਾਉਂਦੇ ਹੋਏ ਨੇ ਕਿਹਾ।

'ਵਾਰੀ ਮੇਰੀ ਸੀ' ਪਜਾਮੇ ਵਾਲੇ ਨੇ ਕਿਹਾ।

'ਨਾ ਪਾਣੀ ਪੀਣ ਜਾਂਦਾ?'

'ਕਿਉਂ ਨਾ ਜਾਂਦਾ, ਉ੍ਹਦਾ ਮਤਲਬ ਏਹ ਨੀ ਤੂੰ ਮੇਰੀਆਂ ਸਵਾਰੀਆਂ ਢੋਵੇਂ'

'ਅੱਜ ਚਾਹੇ ਕੁਸ਼ ਵੀ ਹੋਜੇ ਏਹ ਸਵਾਰੀਆਂ ਮੈਂ ਹੀ ਲੈ ਕੇ ਜਾਊਂਗਾ' ਪਜਾਮੇ ਵਾਲੇ ਨੇ ਕਿਹਾ ਅਤੇ ਲਾਂਗੜ ਵਾਲੇ ਦੇ ਰਿਕਸ਼ੇ ਕੋਲ ਚਲਾ ਗਿਆ ਤੇ ਸਵਾਰੀਆਂ ਨੂੰ ਕਹਿਣ ਲੱਗਾ-

'ਚਲੋ ਬਾਈ ਜੀ ਮੇਰੇ ਰਕਸ਼ੇ ਤੇ ਬੈਠੋ'

'ਤੂੰ ਏਂਵੇਂ ਨੀ ਕਰ ਸਕਦਾ ਮੈਂ ਆਵਦੀਆਂ ਸਵਾਰੀਆਂ ਇਓਂ ਨੀ ਤੈਨੂੰ ਦੇਣੀਆਂ' ਲਾਂਗੜ ਵਾਲੇ ਕਿਹਾ ਤੇ ਰਿਕਸ਼ੇ ਤੇ ਬੈਠ ਗਿਆ ਤੇ ਪੈਡਲ ਦੱਬ ਦਿੱਤਾ। ਉੱਧਰੋਂ ਇੱਕ ਚੜਦੀ ਉਮਰ ਦਾ ਮੁੰਡਾ ਟ੍ਰੈਕਟਰ ਤੇ ਟੇਪ ਲਾਈ ਟਰਾਲੀ ਵਾਲਾ ਆ ਗਿਆ। ਉਸ ਨੇ ਰਿਕਸ਼ੇ ਕੋਲ ਟ੍ਰੈਕਟਰ ਰੋਕ ਲਿਆ।

'ਚਲੋ ਚਾਚਾ ਟ੍ਰੈਕਟਰ ਤੇ ਬੈਠੋ ਛੱਡੋ ਰਕਸ਼ੇ ਰੁਕਸ਼ੇ ਨੂੰ' ਮੁੰਡੇ ਨੇ ਰਿਕਸ਼ੇ ਤੋਂ ਸਮਾਨ ਆਪ ਲਾਹ ਕੇ ਟਰਾਲੀ ਵਿੱਚ ਰੱਖ ਕੇ ਮਿੰਟ ਵਿੱਚ ਓਹ ਗਿਆ। ਦੋਵੇਂ ਆਪਸ ਵਿੱਚ ਦੀ ਲੜਦੇ ਰਹਿ ਗਏ! ਸਵਾਰੀ ਕਿਸੇ ਦੇ ਰਿਕਸ਼ੇ ਤੇ ਨਾ ਬੈਠੀ! ਪਜਾਮੇ ਵਾਲਾ ਰਿਕਸ਼ੇ ਦੀ ਪਿਛਲੀ ਸੀਟ ਤੇ ਬੈਠ ਕੇ ਕੇਲਾ ਖਾਣ ਲੱਗ ਪਿਆ। ਕਿਉਂਕਿ ਰੋਟੀ ਤਾਂ ਜੁੜਦੀ ਨਹੀਂ ਸੀ ਐਧਰੋਂ ਓਧਰੋਂ ਕੁਛ ਖਾਕੇ ਢਿੱਡ ਦੀਆਂ ਆਂਦਰਾਂ ਨੂੰ ਸ਼ਾਂਤ ਕਰ ਲੈਂਦਾ ਸੀ! ਇਸਦਾ ਮੂੰਹ ਦੂਜੇ ਪਾਸੇ ਸੀ। ਪਿੱਛੋਂ ਦੀ ਆ ਕੇ ਛੱਤੇ ਨੇ ਪਜਾਮੇ ਵਾਲੇ ਦੇ ਮੋਢੇ ਤੇ ਹੱਥ ਰੱਖਿਆ ਤੇ ਕਿਹਾ-

'ਕੀ ਹਾਲ ਆ ਸਾਬ੍ਹ ਲਛਮਣ ਸਿੰਘ ਜੀ' ਜਦੋਂ ਕੇਵਲ ਨੇ ਸੁਣਿਆਂ ਤਾਂ ਇਉਂ ਲੱਗਾ ਜਿਵੇਂ ਬਿਜਲੀ ਦਾ ਕਰੰਟ ਲੱਗਾ ਹੋਵੇ। ਕੇਵਲ ਦਿਲ ਵਿੱਚ ਸੋਚਣ ਲੱਗਾ ਰੱਬਾ ਤੇਰੀ ਕਿਸਮਤ ਇੱਕ ਬੰਦਾ ਸੂਬੇਦਾਰ ਬਨਣ ਵਾਲਾ ਜਿਸ ਦੇ ਸਾਰਟੀਫੀਕੇਟ ਤੇ ਰਾਸ਼ਟਰਪਤੀ ਦਸਤਖਤ ਕਰਦਾ ਹੈ! ਅੱਜ ਉਹ ਆਦਮੀ ਰਿਕਸ਼ਾ ਚਾਲਕ! ਉਸ ਨੇ ਫਟਾ ਫਟ ਭੌਂ ਕੇ ਪਿੱਛੇ ਦੇਖਿਆ ਕੇਵਲ ਨੇ ਪਹਿਚਾਣ ਲਿਆ।

'ਆ ਵਈ ਕੇਵਲਾ ਸੁੱਖ ਆ' ਲੱਛਮਣ ਨੇ ਰਿਕਸ਼ੇ ਤੋਂ ਉੱਤਰ ਕੇ ਜੱਫੀ ਪਾ ਲਈ। ਉਸ ਦੇ ਸਾਰੇ ਕੱਪੜੇ ਘਸੇ ਹੋਏ ਅਤੇ ਪਾਟੇ ਥਾਵਾਂ ਤੋਂ ਸੂਈ ਨਾਲ ਸਿਉਂਤੇ ਹੋਏ ਸਨ। ਅੱਖਾਂ ਅੰਦਰ ਧਸੀਆਂ ਬਾਹਵਾਂ ਦੀਆਂ ਨਾੜਾਂ ਸਾਫ ਦਿਸ ਰਹੀਆਂ ਸਨ। ਫ਼ਿਕਰ ਨਾਲ ਨੁੱਚੜ ਕੇ ਸਰੀਰ ਪਤਲਾ! ਲੱਛੂ ਫੌਜ ਵਿੱਚ ਭਲਵਾਨ ਹੁੰਦਾ ਸੀ ਅਤੇ ਹਰ ਵਾਰ ਜਿੱਤਦਾ ਹੁੰਦਾ ਸੀ।

ਤਕੜਾ ਹੋਣ ਕਰਕੇ ਅਫਸਰ ਵੀ ਡਰਦੇ ਸਨ ਪਰ ਅੱਜ ਇੱਕ ਰਿਕਸ਼ੇ ਵਾਲਾ ਬਣਿਆ ਸੀ ਅਤੇ ਲੱਲੀ ਬੁੱਚੀ ਇਸਨੂੰ ਦੱਬਕੇ ਮਾਰਦੇ ਸਨ। ਜਿਹੜਾ ਕਦੇ ਨੱਕ ਤੇ ਮੱਖੀ ਨਹੀਂ ਸੀ ਬੈਠਣ ਦਿੰਦਾ ਅੱਜ ਗੌਰਮਿੰਟ ਨੇ ਧਾਰਮਿਕ ਅਸਥਾਂਨ ਤੇ ਫੌਜ ਤੋਂ ਹਮਲਾ ਕਰਵਾਕੇ ਮੱਖੀਆਂ ਉੱਤੇ ਨੱਕ ਧਰਵਾ ਦਿੱਤਾ! ਅਤੇ ਕਿਸੇ ਨੇ ਬਾਤ ਨੀ ਪੁੱਛੀ!

# ਪੰਜਾਬੀ ਸਾਹਿਤ ਨੂੰ ਬਾਬੂ ਰਜਬ ਅਲੀ ਦੀ ਦੇਣ

**- ਅਜਮੇਰ ਸਿੰਘ**

ਬਾਬੂ ਰਜਬ ਅਲੀ ਦਾ ਕਵੀਸ਼ਰੀ ਸਿਰਜਣ ਕਾਲ 63 ਵਰ੍ਹਿਆਂ (1916-1979 ਈ.) ਦਾ ਹੈ। ਇਸ ਵਿਚ ਉਸ ਨੇ ਛੋਟੀਆਂ-ਵੱਡੀਆਂ 81 ਰਚਨਾਵਾਂ ਸਿਰਜੀਆਂ। ਇਨ੍ਹਾਂ ਰਚਨਾਵਾਂ ਵਿਚ 56 ਘੱਟੋ-ਘੱਟ ਇਕ ਅਖਾੜੇ ਜੋਗੀਆਂ ਤੇ 25 ਲਘੂ ਆਕਾਰ ਦੀਆਂ ਰਚਨਾਵਾਂ ਹਨ। ਬਾਬੂ ਜੀ ਨੇ ਆਪਣੀ ਪਹਿਲੀ ਰਚਨਾ ਹੀਰ 1916 ਈ. ਵਿਚ ਲਿਖੀ ਅਤੇ ਅੰਤਲੀ ਕਵਿਤਾ 'ਰਜਬ ਅਲੀ ਤੂੰ ਰੋਜ਼ ਉਡੀਕ ਰੱਖੀਂ, ਤੈਨੂੰ ਆਵਣੀ ਮੌਤ ਦੀ ਤਾਰ ਬੀਬਾ', ਆਪਣੀ ਮੌਤ ਤੋਂ ਕੇਵਲ ਪੰਜ ਦਿਨ ਪਹਿਲਾਂ ਲਿਖੀ। ਬਾਬੂ ਜੀ ਨੇ ਆਪਣਾ ਸਾਰਾ ਜੀਵਨ ਕਵੀਸ਼ਰੀ ਸਿਰਜਣਾ ਨੂੰ ਅਰਪਿਤ ਕੀਤਾ। ਜਦੋਂ ਉਹ ਨਹਿਰ ਦੇ ਮਹਿਕਮੇ ਵਿਚ ਓਵਰਸੀਅਰ ਸੀ ਤਾਂ ਵੀ ਉਸ ਦਾ ਸਾਰਾ ਧਿਆਨ ਕਵੀਸ਼ਰੀ ਨਾਲ ਹੀ ਜੁੜਿਆ ਰਿਹਾ। ਨੌਕਰੀ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਪਿਛਲੇ 35 ਸਾਲ ਉਸ ਨੇ ਕਾਵਿ-ਸਿਰਜਣਾ ਨੂੰ ਅਰਪਿਤ ਕੀਤੇ। ਉਸ ਨੇ ਕਈ ਰਚਨਾਵਾਂ ਨੂੰ ਛੰਦ ਬਦਲ ਕੇ ਦੋ, ਤਿੰਨ, ਚਾਰ, ਪੰਜ ਵਾਰ ਲਿਖਿਆ, ਜਿਵੇਂ 'ਸੀਤਾ ਦੀ ਭਾਲ' ਪੰਜ ਵੇਰ; 'ਵਿਰਾਟ-ਪਰਬ', 'ਜਾਨੀ ਚੋਰ' ਚਾਰ ਵੇਰ, 'ਸਾਕਾ ਸਰਹੰਦ', 'ਕੌਲਾਂ' ਤਿੰਨ ਵੇਰ, ਨਲ-ਦਮਯੰਤੀ', 'ਸੰਮਣ ਮੂਸਣ', 'ਬਿਧੀ ਚੰਦ ਦੇ ਘੋੜੇ', 'ਬਿਧੀ ਚੰਦ ਦੇ ਦਸਾਲੇ', 'ਸ਼ਹੀਦੀ ਬਾਬਾ ਦੀਪ ਸਿੰਘ', 'ਦੌਰਾ ਗੁਰੂ ਗੋਬਿੰਦ ਸਿੰਘ', 'ਹਸਨ ਹੁਸੈਨ' ਤੇ 'ਦੁੱਲਾ ਭੱਟੀ' ਨੂੰ ਦੋ ਵੇਰ ਲਿਖਿਆ। ਬਾਬੂ ਰਜਬ ਅਲੀ ਦਾ ਸਿਰਜਣ ਪ੍ਰਵਾਹ ਸਤਲੁਜ ਦਰਿਆ ਵਾਂਗ ਅਰੁਕ, ਅਡੋਲ ਤੇ ਸਹਿਜ ਸੁਭਾਅ ਚਲਦਾ ਰਿਹਾ ਹੈ ਅਤੇ ਬਾਬੂ ਜੀ ਦੀ ਕਵੀਸ਼ਰੀ ਸਿਰਜਣ ਕਾਲ ਵੀ ਸਤਲੁਜ ਦੇ ਵਹਿਣ ਵਾਂਗ ਹਿੰਦੋਸਤਾਨ ਤੇ ਪਾਕਿਸਤਾਨ ਵਿਚ ਹੁਸੈਨੀਵਾਲਾ 'ਤੇ ਵੰਡਿਆ ਹੈ: 31 ਵਰ੍ਹੇ (1916-1947 ਈ.) ਹਿੰਦੋਸਤਾਨ ਵਿਚ ਅਤੇ 32 ਵਰ੍ਹੇ (1947-1979 ਈ.) ਪਾਕਿਸਤਾਨ ਵਿਚ।

ਰਜਬ ਅਲੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸ ਨੇ ਘੱਟੋ-ਘੱਟ ਪੰਜ ਰਚਨਾਵਾਂ 'ਦੌਰਾ ਗੁਰੂ ਗੋਬਿੰਦ ਸਿੰਘ' (ਕਲੀਆਂ ਵਿਚ) 'ਹਰਨਾਮ ਕੌਰ ਦੀ ਬਹਾਦਰੀ', 'ਗੁਰਨਾਮ ਸਿੰਘ ਰਾਊਕੇ', 'ਸ਼ਹੀਦ ਭਗਤ ਸਿੰਘ' ਤੇ 'ਭੂੜ ਬਹਾਦਰ' ਪਹਿਲੀ ਵੇਰ ਰਚ ਕੇ ਪੰਜਾਬੀ ਮਾਂ ਦੀ ਝੋਲੀ ਨੂੰ ਭਰਪੂਰ ਕੀਤਾ।

ਆਕਾਰ ਦੇ ਪੱਖੋਂ ਰਜਬ ਅਲੀ ਦੀ ਰਚਨਾ ਬਹੁਤ ਵਿਸ਼ਾਲ ਤੇ ਮਿਆਰ ਦੇ ਪੱਖੋਂ ਉਚੇਰੀ ਹੈ। 63 ਵਰ੍ਹਿਆਂ ਦੀ ਕਠਨ ਸਾਧਨਾ ਨਾਲ ਬਾਬੂ ਜੀ ਨੇ 2,000 ਤੋਂ ਵਧੇਰੇ ਛੰਦਾਂ ਦੀ ਘਾੜਤ ਕੀਤੀ, ਜਿਸ ਨਾਲ ਸ਼ਬਦਾਂ ਦਾ ਸਮੁੰਦਰ ਇਕੱਤਰ ਹੋਇਆ ਹੈ। ਕਵੀਸ਼ਰੀ ਦੇ ਮਾਪ ਦੰਡ ਤੋਂ ਬਾਬੂ ਜੀ ਦੀ ਰਚਨਾ ਸਫ਼ਲ ਤੇ ਉੱਚ ਪਾਏ ਦੀ ਸਿੱਧ ਹੁੰਦੀ ਹੈ। ਉਸ ਦੀ ਕਵੀਸ਼ਰੀ ਸੈਂਕੜੇ ਵਾਰ ਅਖਾੜਿਆਂ ਵਿਚ ਗਾਈ ਜਾ ਚੁੱਕੀ ਹੈ।

ਬਾਬੂ ਰਜਬ ਨੇ ਪਹਿਲੀ ਵੇਰ ਪੰਜਾਬੀ ਸਾਹਿਤ ਨੂੰ 'ਬਾਬੂ-ਚਾਲ' ਤੇ 'ਬਹੱਤਰ-ਕਲਾ' ਵਰਗੇ ਛੰਦ ਇਜ਼ਾਦ ਕਰਕੇ ਦਿੱਤੇ। ਬਾਬੂ ਜੀ ਪਿੰਗਲ ਦਾ ਧੰਨੀ ਤੇ ਛੰਦ ਦਾ ਉਸਤਾਦ ਸੀ। ਉਸ ਨੇ ਆਪ ਵੀ ਪਿੰਗਲ ਰਚਿਆ। ਬਾਬੂ ਜੀ ਹਜ਼ਰਤ-ਵਾਂਗ ਲੋਹੇ ਵਰਗੇ ਸ਼ਬਦਾਂ ਨੂੰ ਆਪਣੇ ਖਿਆਲਾਂ ਦੀ ਛੋਹ ਨਾਲ ਮੋਮ ਵਾਂਗ ਢਾਲ ਕੇ ਛੰਦ ਤੇ ਨਵੀਆਂ ਤਰਜ਼ਾਂ ਵਿਚ ਢਾਲ ਲੈਂਦੇ ਸਨ। ਬਾਬੂ ਰਜਬ ਅਲੀ ਤੇ ਉਸ ਦੇ ਕਲਾਮ ਦੀ ਇੱਕ ਬਹੁਤ ਵੱਡੀ ਖ਼ੂਬੀ ਇਹ ਹੈ ਕਿ ਉਹ ਧਾਰਮਿਕ ਸੰਕੀਰਣਤਾ ਤੋਂ ਬੇਲਾਗ ਅਤੇ ਬਹੁਤ ਉਚੇਰਾ ਹੈ। ਬਾਬੂ ਸ਼ਾਇਰ ਹੈ। ਬਾਬੂ ਆਰਿਫ ਹੈ। ਸ਼ਾਇਰਾਂ ਤੇ ਆਰਿਫਾਂ ਦਾ ਕੋਈ ਧਰਮ ਨਹੀਂ ਹੁੰਦਾ, ਉਹ ਕੇਵਲ ਇਨਸਾਨੀਅਤ ਨੂੰ ਮੰਨਦੇ ਹਨ।

ਬਾਬੂ ਲਿਖਦਾ ਹੈ:

**ਜੁਦਾ ਕੌਮਾਂ ਸਿੱਖ ਤੇ ਮੁਸਲਮਾਨ ਜੀ।**
**ਪਰ ਆਰਿਫਾਂ ਦਾ ਇੱਕੋ ਹੁੰਦਾ ਦੀਨ ਜੀ।**
**(ਸ਼ਹੀਦੀ- ਗੁਰੂ ਅਰਜਨ ਦੇਵ)**

ਬਾਬੂ ਤਿੰਨ ਕੌਮਾਂ ਦਾ ਸਾਂਝਾ ਸ਼ਾਇਰ ਹੈ।

'ਸਿਆਣੇ ਸਮਝਣ ਉਹਨੂੰ ਅੱਛਾ, ਜਿਹੜਾ ਸ਼ਾਇਰ ਨਜ਼ਮ ਬਣਾਏ ਸਾਂਝੀ, ਸੁਣਨ ਤਿੰਨ ਕੌਮਾਂ। ਜੇ ਲੋਕ ਭਟਕ ਜਾਣ ਤਾਂ ਉਹ ਕਵੀਸ਼ਰ ਦਾ ਇਹ ਫਰਜ਼ ਸਮਝਦਾ ਹੈ ਕਿ ਉਨ੍ਹਾਂ ਨੂੰ ਸਿੱਧੇ ਰਾਹ ਮੋੜੇ, 'ਫਿਰ ਫ਼ਰਜ਼ ਕਵੀਸ਼ਰ ਦਾ, ਭੁੱਲੇ ਜਾਣ ਲੋਕ ਸਿੱਧੇ ਰਾਹ ਮੋੜੇ'। ਬਾਬੂ ਜੀ ਦੇ ਚੇਲੇ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਸਨ। ਬਾਬੂ ਜੀ ਦਾ ਉਸਤਾਦ ਸਿੱਖ-ਕਵੀਸ਼ਰ ਮਾਨ ਸਿੰਘ ਸੀ। ਬਾਬੂ ਜੀ ਨੇ ਪਾਕਿਸਤਾਨ ਵਿਚ ਬੈਠ ਕੇ ਸਿੱਖ-ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਉੱਭਰਵੀਆਂ ਰਚਨਾਵਾਂ ਲਿਖੀਆਂ, ਵਗਦੀ ਹਨੇਰੀ ਸਾਹਮਣੇ ਆਪਣੀ ਵਿਚਾਰਧਾਰਾ ਤੇ ਪ੍ਰੇਮ ਦਾ ਦੀਵਾ ਬਾਲਣਾ ਕੋਈ ਆਸਾਨ ਕੰਮ ਨਹੀਂ, ਪਰ ਬਾਬੂ ਜੀ ਨੇ ਆਪਣੇ ਜਿਗਰ ਦੇ ਖ਼ੂਨ ਨਾਲ ਇਸ ਦੀਵੇ ਨੂੰ ਜਗਦਾ ਰੱਖਿਆ ਹੈ। ਬਾਬੂ ਜੀ ਨੇ ਕੇਵਲ ਚਾਰ ਇਸਲਾਮੀ ਪ੍ਰਸੰਗ ਲਿਖੇ ਹਨ। ਬਾਬੂ ਰਜਬ ਅਲੀ ਨੇ ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਰਚਨਾਵਾਂ ਨੂੰ ਪੂਰੀ ਨਿਸ਼ਠਾ ਤੇ ਪ੍ਰੇਮ ਨਾਲ ਲਿਖਿਆ ਹੈ। ਉਸ ਨੇ ਗੁਰੂ ਸਾਹਿਬਾਨ ਤੇ ਸੁਰਸਤੀ ਦੇ ਮੰਗਲ ਗਾਏ ਹਨ। ਬਾਬੂ



ਜੀ ਦੀਆਂ ਸਭ ਤੋਂ ਕਲਾਤਮਿਕ ਤੇ ਪੱਕੀਆਂ ਰਸੀਲੀਆਂ ਰਚਨਾਵਾਂ ਸਿੱਖ-ਇਤਿਹਾਸ ਜਾਂ ਹਿੰਦੂ-ਮਿਥਿਹਾਸ ਨਾਲ ਸਬੰਧਤ ਹਨ। ਇੱਥੇ ਇਹ ਗੱਲ ਕਰਨੀ ਵਿਸ਼ੇਸ਼ ਤੌਰ 'ਤੇ ਜ਼ਰੂਰੀ ਹੈ ਕਿ ਬਾਬੂ ਜੀ ਨੇ ਸਿੱਖ-ਇਤਿਹਾਸ ਤੇ ਹਿੰਦੂ-ਮਿਥਿਹਾਸ ਦੀਆਂ ਵਧੇਰੇ ਰਚਨਾਵਾਂ ਪਾਕਿਸਤਾਨ ਵਿਚ ਬੈਠ ਕੇ ਲਿਖੀਆਂ।

ਬਾਬੂ ਰਜਬ ਅਲੀ ਹਿੰਦੋਸਤਾਨ ਦੀ ਫਿਰਕੂ ਵੰਡ ਦਾ ਵਿਰੋਧੀ ਹੈ। ਉਹ ਇਸ ਨੂੰ ਅੰਗਰੇਜ਼ ਦੀ ਚਾਲ ਆਖਦਾ ਹੈ। ਉਸ ਦਾ ਦਿਲ ਪਾਟਦਾ ਹੈ ਕਿ ਹਿੰਦੋਸਤਾਨ ਤੇ ਪਾਕਿਸਤਾਨ ਦੇ ਸਿਆਸੀ ਆਗੂ ਅੰਗਰੇਜ਼ ਦੀ ਸਿਆਸਤ ਦਾ ਸਹੀ ਉੱਤਰ ਨਹੀਂ ਦੇ ਸਕੇ, ਜਿਸ ਕਰਕੇ ਇਸ ਸਿਆਸਤ ਨਾਲ ਆਮ ਮਨੁੱਖ ਦਾ ਕਤਲੇਆਮ ਹੋਇਆ ਤੇ ਧੀਆਂ-ਭੈਣਾਂ ਦੀ ਬੇਇੱਜ਼ਤੀ ਹੋਈ। ਬਾਬੂ ਜੀ 'ਭੂੜ ਬਹਾਦਰ' ਵਿਚ ਉਨ੍ਹਾਂ ਸਰਦਾਰਾਂ (ਰੂਪ ਸਿੰਘ ਆਦਿ) ਦੀ ਨਾਇਕ ਦੇ ਤੌਰ 'ਤੇ ਉਸਤਤ ਕਰਦਾ ਹੈ, ਜਿਨ੍ਹਾਂ ਨੇ ਮੁਸਲਮਾਨ ਲੜਕੀ ਨੂੰ ਇਕ ਲੁਟੇਰੇ ਤੋਂ ਛੁਡਾਇਆ ਅਤੇ ਉਸ ਨੂੰ ਭੈਣ ਬਣਾ ਕੇ ਸਹੀ-ਸਲਾਮਤ ਪਾਕਿਸਤਾਨ ਵਿਚ ਪਹੁੰਚਾਇਆ।

**ਸਬਜ਼ ਸ਼ਹਿਰੋਂ ਜਾ ਕੇ ਲੱਭ ਲੀ ਸ਼ਾਹ ਬਹਿਰਾਮ ਨੇ,**
**ਇਹ ਤੇ ਹੁਸਨਬਾਨੋ ਜਾਣੀ ਸਕੀਆਂ ਭੈਣਾਂ।**
**ਕਮਲੀ ਸੇਜ ਉੱਤੇ ਛਿੜਕਿਆ ਅਤਰ ਸ਼ੁਕੀਨਣ ਨੇ,**
**ਨਾਜ਼ੁਕ ਫੁੱਲ ਦੀਆਂ ਪੱਤੀਆਂ ਜੀ ਸਿੱਟ ਕੇ ਨਿੱਤ ਪੈਣਾਂ।**
**ਮਦ ਦੀ ਬੋਤਲ ਨਹਿਣਾ ਭਰ ਕੇ ਧਰ ਲੀ ਸੇਜ ਤੇ,**
**ਬਾਬੂ ਦਾਰੂ ਪੀ ਲਾ ਬਹਿ ਫੌਜੀ ਲਫਟਾਇਣਾਂ।**
**ਕਲੀ ਦਾ ਛੰਦ ਦਰਦ ਦੇ ਅਹਿਸਾਸ ਦੇ ਪ੍ਰਗਟਾਵੇ ਲਈ ਢੁਕਵਾਂ ਹੈ। ਹੀਰ ਆਪਣਾ ਦੁਖੜਾ ਇਸ ਤਰ੍ਹਾਂ ਰੋਂਦੀ ਹੈ:**
**ਹੀਰ ਸੱਦ ਕੇ ਕੋਲੇ ਅਰਜ਼ਾਂ ਕਰਦੀ ਚਾਕ ਦੀਆਂ,**
**ਇੰਙਾਂ ਗਿਰ ਕੇ ਲਗੀਆਂ ਸੀ ਕੁੜਤੀ ਪਰ ਪਾਲਾਂ।**
**ਮੈਂ ਨਾ ਬਚਦੀ ਮੈਨੂੰ ਚੱਕ ਵੱਢ-ਵੱਢ ਖਾਣ ਗੀਆਂ,**
**ਖੇੜੀਂ ਰਹਿਣ ਰਾਝਿਆਂ ਵੇ ਭੁੱਖੀਆਂ ਸਰਾਲਾਂ।**

'ਕਲੀਆਂ ਵਾਲੀ ਹੀਰ' ਰਜਬ ਅਲੀ ਦੀ ਇਕ ਪ੍ਰਤੀਨਿਧ ਰਚਨਾ ਹੈ, ਜੋ ਉਸ ਦੇ ਕਾਵਿ-ਗੁਣਾਂ ਨੂੰ ਪ੍ਰਗਟ ਕਰਦੀ ਹੈ। ਸਿੱਖ-ਧਰਮ ਦੇ ਪਹਿਲੇ ਸ਼ਹੀਦ ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਬਿਰਤਾਂਤ ਬਾਬੂ ਰਜਬ ਅਲੀ ਨੇ ਸਿੱਖ ਇਤਿਹਾਸ ਦੀ ਭਾਵਨਾ ਨਾਲ ਇਕਸੁਰ ਹੋ ਕੇ ਕੀਤਾ ਹੈ। ਇਹ ਰਚਨਾ ਅਜੇ ਤੱਕ ਅਣਛਪੀ ਹੈ ਅਤੇ ਇਹ ਕਵੀ ਨੇ ਪਾਕਿਸਤਾਨ ਵਿਚ ਰੋਜ਼ਿਆਂ ਦੇ ਦਿਨਾਂ ਵਿਚ ਲਿਖੀ। ਇਸ ਵਿਚ ਦੋਹਿਰਾ, ਮਨੋਹਰ ਭਵਾਨੀ, ਮੁਕੰਦ, ਤਰਜ਼ ਆਦਿ ਛੰਦ ਵਰਤੇ ਹਨ। ਇਸ ਪ੍ਰਸੰਗ ਦੇ ਕੁੱਲ 15 ਦੇ ਕਰੀਬ ਛੰਦ ਹਨ। ਰਜਬ ਅਲੀ ਇਸ ਨੂੰ ਧਰਮ ਤੇ ਪਾਪ ਦਾ ਯੁੱਧ ਆਖਦਾ ਹੈ:

**ਐਸੀ ਚਾਹੀਏ ਗੁਰ ਸਿੱਖੀ,**
**ਪਾਤੀ ਸੇਵਕਾਂ ਦੀ ਲਿਖੀ, ਤਲਵਾਰਾਂ ਤੋਂ ਵੀ ਤਿੱਖੀ,**
**ਚੰਦੂ ਕੱਢੇ ਖੁੰਦਰ ਨੂੰ।**
**ਛਾਲ ਮਾਰੀ ਵੇਖ ਅੱਗ ਦੇ ਸਮੁੰਦਰ ਨੂੰ।**
**ਆ ਕੇ ਜਮਰਾਜ ਲੱਥੇ, ਕੱਢੇ ਤੀਰ ਖੋਲ੍ਹ ਭੱਥੇ, ਰਜਬ ਅਲੀ ਉਵੇਂ ਮੱਥੇ,**
**ਤੇ ਦਿਸਣ ਜ਼ੌਹਰ ਪਏ। ਪਾਪ ਤੇ ਧਰਮ ਲੜਨ ਲਾਹੌਰ ਪਏ।**
**ਗੁਰੂ ਮਾਝਿਆਂ ਦੇ ਸਾਥੀ, ਮਿੱਠਾ ਖੰਡ ਤੋਂ ਸੁਭਾਅ ਸੀ, ਝੂਲਦੇ ਖੜ੍ਹੋਤੇ ਹਾਥੀ,**
**ਤੇ ਵਛੇਰੇ ਨੱਚਦੇ। ਵਿਚੇ ਰੱਬ ਸੁਰਗ ਬਣਾਏ ਸੱਚ ਦੇ।**

---

# ਮਨੋਰੰਜਨ ਉਦਯੋਗ 'ਤੇ ਕੋਰੋਨਾ ਦਾ ਪ੍ਰਭਾਵ, ਕਈ ਸੀਰੀਅਲ ਹੋਏ ਬੰਦ

## ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਫ਼ਿਲਮ ਉਦਯੋਗ ਨੂੰ 2500 ਕਰੋੜ ਰੁਪਏ ਦਾ ਨੁਕਸਾਨ ਉਠਾਉਣਾ ਪਵੇਗਾ, ਪੰਜਾਬੀ ਫ਼ਿਲਮ ਉਦਯੋਗ ਨੂੰ ਵੀ ਆਰਥਿਕ ਤੌਰ 'ਤੇ ਵੱਡੀ ਸੱਟ ਵੱਜੀ

**ਜਲੰਧਰ/ਏ.ਟੀ.ਨਿਊਜ਼:** ਕੋਰੋਨਾ ਕਾਰਨ ਮਨੋਰੰਜਨ ਉਦਯੋਗ ਵਿਚ ਵੱਡੀ ਉਥਲ-ਪੁਥਲ ਮਚੀ ਹੋਈ ਹੈ। ਰੋਜ਼ਾਨਾ ਪ੍ਰਸਾਰਿਤ ਹੋਣ ਵਾਲੇ ਬਹੁਤ ਸਾਰੇ ਸੀਰੀਅਲ ਬੰਦ ਹੋ ਗਏ ਹਨ। 20 ਮਾਰਚ ਤੋਂ ਬਾਅਦ ਉਨਾਂ ਦੀਆਂ ਨਵੀਆਂ ਕੜੀਆਂ ਦੀ ਸ਼ੂਟਿੰਗ ਨਹੀਂ ਹੋਈ ਹੈ। ਇਨਾਂ ਵਿਚ ਪਟਿਆਲਾ ਬੇਬਸ, ਬੇਹੱਦ-2, ਇਸ਼ਾਰੋਂ ਇਸ਼ਾਰੋਂ ਮੇਂ, ਦਿਲ ਜੈਸੇ ਧੜਕੇ ਧੜਕਨੇ ਦੋ ਆਦਿ ਸ਼ਾਮਿਲ ਹਨ। ਕਈ ਚਰਚਿਤ ਟੈਲੀਵਿਜ਼ਨ ਸ਼ੋਅ ਪੁਰਾਣੀਆਂ ਕੜੀਆਂ ਪ੍ਰਸਾਰਿਤ ਕਰਕੇ ਕੰਮ ਚਲਾ ਰਹੇ ਹਨ। ਕਪਿਲ ਸ਼ਰਮਾ ਸ਼ੋਅ ਵੀ ਇਸੇ ਸੂਚੀ ਵਿਚ ਸ਼ਾਮਿਲ ਹੈ। ਭਾਵੇਂ ਸਰਕਾਰ ਨੇ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਦੀ ਸ਼ੂਟਿੰਗ ਲਈ ਹਦਾਇਤਾਂ ਜਾਰੀ ਕੀਤੀਆਂ ਹਨ, ਪ੍ਰੰਤੂ ਇਨਾਂ ਖੇਤਰਾਂ ਨਾਲ ਸਬੰਧਿਤ ਮਾਹਿਰ ਮੰਨਦੇ ਹਨ ਕਿ ਆਉਣ ਵਾਲੇ ਤਿੰਨ ਮਹੀਨਿਆਂ ਤੱਕ ਸੀਰੀਅਲਾਂ ਅਤੇ ਫ਼ਿਲਮਾਂ ਦੀ ਸ਼ੂਟਿੰਗ ਸ਼ੁਰੂ ਨਹੀਂ ਹੋ ਸਕੇਗੀ। ਕੁਝ ਸੀਰੀਅਲ ਅਤੇ ਸ਼ੋਅ ਲਾਕਡਾਊਨ ਖੁੱਲਣ'ਤੇ ਵੀ ਬੰਦ ਹੀ ਰਹਿਣਗੇ ਕਿਉਂਕਿ ਏਨੇ ਮਹੀਨਿਆਂ ਬਾਅਦ ਕਹਾਣੀ ਦਾ ਤਾਲਮੇਲ ਬਿਠਾਉਣਾ ਅਤੇ ਦਰਸ਼ਕਾਂ ਨੂੰ ਮੁੜ ਸੀਰੀਅਲ ਨਾਲ ਜੋੜਨਾ ਸੰਭਵ ਨਹੀਂ ਹੋਵੇਗਾ। ਸਥਿਤੀਆਂ ਬਦਲ ਗਈਆਂ ਹਨ। ਹੁਣ ਸੀਰੀਅਲ ਲੋਕਾਂ ਦੀ ਤਰਜੀਹ ਨਹੀਂ ਰਹੇ। ਉਹ ਦਰਪੇਸ਼ ਸਮੱਸਿਆਵਾਂ ਤੇ ਚੁਣੌਤੀਆਂ ਦੇ ਹੱਲ ਪ੍ਰਤੀ ਚਿੰਤਤ ਹਨ। ਇਸ਼ਕ ਸੁਭਾਨ ਅੱਲਾ, ਮਨਮੋਹਨੀ ਤੇ ਨਜ਼ਰ-2 ਵੀ ਬੰਦ ਹੋਣ ਵਾਲੇ ਸੀਰੀਅਲਾਂ ਵਿਚ ਸ਼ਾਮਿਲ ਹਨ। ਫ਼ਿਲਮ ਉਦਯੋਗ ਨੂੰ ਲਾਕਡਾਊਨ ਕਾਰਨ ਵੱਡੀ ਸੱਟ ਵੱਜੀ ਹੈ। ਇਕ ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਫ਼ਿਲਮ ਉਦਯੋਗ ਨੂੰ 2500 ਕਰੋੜ ਰੁਪਏ ਦਾ ਨੁਕਸਾਨ ਉਠਾਉਣਾ ਪਵੇਗਾ। ਸੀ.ਐਨ. ਐਨ. ਦੀ ਰਿਪੋਰਟ ਅਨੁਸਾਰ ਜੇਕਰ ਸਿਨੇਮਾ ਘਰ ਖੁੱਲ ਵੀ ਜਾਣ ਤਾਂ ਸਾਮਾਜਿਕ ਦੂਰੀ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਇਕ ਸੀਟ ਤੋਂ ਬਾਅਦ



ਇਕ ਸੀਟ ਖਾਲੀ ਛੱਡਣੀ ਪਵੇਗੀ। ਅਜਿਹਾ ਕਰਨ ਨਾਲ 50 ਫ਼ੀਸਦੀ ਸੀਟਾਂ ਹੀ ਭਰੀਆਂ ਜਾ ਸਕਣਗੀਆਂ। ਇਉਂ ਫ਼ਿਲਮਾਂ ਦਾ ਬਜਟ ਵੀ ਪੂਰਾ ਨਹੀਂ ਹੋ ਸਕੇਗਾ।

ਉਧਰ ਵੱਡੇ ਬਜਟ ਦੀਆਂ ਕਈ ਫ਼ਿਲਮਾਂ ਦੀ ਰਿਲੀਜ਼ ਰੁਕੀ ਹੋਈ ਹੈ। ਇਕ ਗੱਲ ਸਾਫ਼ ਹੈ ਕਿ ਕੋਰੋਨਾ ਵਾਇਰਸ ਕਾਰਨ ਹੋਏ ਲਾਕਡਾਊਨ ਨੇ ਭਾਰਤੀ ਫ਼ਿਲਮ ਉਦਯੋਗ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਾਰੀਆਂ ਟੈਲੀਵਿਜ਼ਨ ਤੇ ਫ਼ਿਲਮ ਪ੍ਰੋਡਕਸ਼ਨ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ ਹਨ। ਪੰਜਾਬੀ ਫ਼ਿਲਮ ਉਦਯੋਗ ਨੂੰ ਵੀ ਆਰਥਿਕ ਤੌਰ 'ਤੇ ਵੱਡੀ ਸੱਟ ਵੱਜੀ ਹੈ। ਮਾਹਿਰ ਮੰਨਦੇ ਹਨ ਕਿ ਹੁਣ ਰਿਲੀਜ਼ ਦੀ ਵਿਉਂਤਬੰਦੀ 2021 ਨੂੰ ਧਿਆਨ ਵਿਚ ਰੱਖ ਕੇ ਕਰਨੀ ਪਵੇਗੀ। ਕੋਈ ਕੁਝ ਨਹੀਂ ਕਹਿ ਸਕਦਾ ਅਧੂਰੀਆਂ ਫ਼ਿਲਮਾਂ ਕਦੋਂ ਮੁਕੰਮਲ ਹੋਣਗੀਆਂ ਤੇ ਮੁਕੰਮਲ ਹੋ ਚੁੱਕੀਆਂ ਕਦੋਂ ਰਿਲੀਜ਼ ਹੋਣਗੀਆਂ। ਸਤਿੰਦਰ ਸਰਤਾਜ ਦੀ ਫ਼ਿਲਮ 'ਇੱਕੋ-ਮਿੱਕੇ ਨਾਲ ਵੀ ਇਹੀ ਵਾਪਰਿਆ। 20 ਮਾਰਚ ਨੂੰ ਫ਼ਿਲਮ ਰਿਲੀਜ਼ ਹੋਈ ਅਤੇ 21 ਮਾਰਚ ਨੂੰ ਲਾਕਡਾਊਨ ਦੀ ਘੋਸ਼ਣਾ ਹੋ ਗਈ। ਲਾਕਡਾਊਨ ਨੇ ਫ਼ਿਲਮ ਕਾਰੋਬਾਰ ਨੂੰ ਬਦਲ ਕੇ ਰੱਖ ਦਿੱਤਾ ਹੈ। ਇਟਲੀ ਵਿਚ ਖੁੱਲੀ ਥਾਂ 'ਤੇ ਫ਼ਿਲਮਾਂ ਵਿਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਲੋਕ ਆਪਣੀਆਂ ਕਾਰਾਂ ਵਿਚ ਬੈਠ ਕੇ ਹੀ ਫ਼ਿਲਮ ਵੇਖਦੇ ਹਨ ਅਤੇ ਉਥੇ ਕਈ ਸੌ ਕਾਰਾਂ ਇਕੋ ਵੇਲੇ ਖੜੀਆਂ ਕਰਨ ਦੀ ਵਿਵਸਥਾ ਹੈ। ਆਇਰਲੈਂਡ ਵਿਚ 'ਮੋਬਾਈਲ ਸਿਨੇਮਾ' ਦੀ ਸ਼ੁਰੂਆਤ ਕੀਤੀ ਗਈ ਹੈ। ਅਰਥਾਤ ਚਲਦਾ ਫਿਰਦਾ ਸਿਨੇਮਾ। ਜਿਸ ਨੂੰ ਲੋਕ ਆਪਣੇ ਘਰਾਂ ਦੀਆਂ ਬਾਲਕੋਨੀਆਂ ਵਿਚ ਬੈਠ ਕੇ ਵੇਖਦੇ ਹਨ।

ਦੁਖਾਂਤ ਇਹ ਵੀ ਹੈ ਕਿ ਫ਼ਿਲਮਾਂ ਦੀ ਸ਼ੂਟਿੰਗ ਦਾ ਕੰਮ ਮੁਕੰਮਲ ਤੌਰ 'ਤੇ ਠੱਪ ਹੋ ਗਿਆ ਹੈ। ਨਤੀਜੇ ਵਜੋਂ ਲੱਖਾਂ ਕਾਮੇ ਬੇਰੁਜ਼ਗਾਰ ਹੋ ਗਏ ਹਨ। ਮਾਹਿਰ ਮੰਨਦੇ ਹਨ ਕਿ ਇਸ ਆਰਥਿਕ ਸੰਕਟ ਵਿਚੋਂ ਨਿਕਲਣ ਨੂੰ ਭਾਰਤੀ ਫ਼ਿਲਮ ਉਦਯੋਗ ਨੂੰ ਦੋ ਸਾਲ ਦਾ ਸਮਾਂ ਲੱਗੇਗਾ। ਭਾਰਤ ਵਿਚ ਹਰੇਕ ਸਾਲ 1200 ਦੇ ਕਰੀਬ ਫ਼ਿਲਮਾਂ ਬਣਦੀਆਂ ਹਨ। 2020 ਵਿਚ ਇਹ ਅੰਕੜਾ ਲੜਖੜਾ ਗਿਆ ਹੈ। ਹਰ ਕੋਈ ਗਿਣਤੀਆਂ-ਮਿਣਤੀਆਂ ਵਿਚ ਪਿਆ ਹੈ। ਪ੍ਰੰਤੂ ਸਾਰੇ ਜਾਣਦੇ ਹਨ ਕਿ ਜਾਨ ਹੈ ਤਾਂ ਜਹਾਨ ਹੈ। ਫ਼ਿਲਮ ਕਲਾਕਾਰ ਜਿਹੜੇ ਦਿਨ-ਰਾਤ ਰੁੱਝੇ ਹੁੰਦੇ ਹਨ, ਘਰਾਂ ਵਿਚ ਵਿਹਲੇ ਬੈਠੇ ਹਨ। ਸੋਸ਼ਲ ਮੀਡੀਆ ਰਾਹੀਂ ਆਪਣੀ ਗੱਲ ਕਹਿ ਰਹੇ ਹਨ ਅਤੇ ਲੋਕਾਂ ਨਾਲ ਜੁੜਨ ਦੀ ਕੋਸ਼ਿਸ਼ ਵਿਚ ਹਨ। ਘਰ ਦੇ ਨਿੱਕੇ-ਨਿੱਕੇ ਰੁਝੇਵਿਆਂ ਵਿਚ ਸਮਾਂ ਬਤੀਤ ਕਰ ਰਹੇ ਹਨ। ਲਾਕਡਾਊਨ ਖੁੱਲਣ ਉਪਰੰਤ ਕੁਝ ਟੈਲੀਵਿਜ਼ਨ ਸੋਅ ਸ਼ੁਰੂ ਹੋ ਸਕਦੇ ਹਨ ਪ੍ਰੰਤੂ ਸੀਰੀਅਲ ਕਦ ਲੀਹ 'ਤੇ ਆਉਂਦੇ ਹਨ, ਕਹਿਣਾ ਮੁਸ਼ਕਿਲ ਹੈ। ਇਸੇ ਤਰਾਂ ਫ਼ਿਲਮਾਂ ਲਈ ਮੁਸ਼ਕਿਲ ਦੌਰ ਜਾਰੀ ਰਹੇਗਾ।

## ਪਿੱਛੋਕੜੋਂ ਟੁੱਟੇ ਲੋਕ

ਪ੍ਰਕ੍ਰਿਤ ਵਿੱਚ 'ਗੁਨਾਢਿਆ' ਦੀ ਪਸਾਚੀ ਬੋਲੀ ਦੀ ਪੋਥੀ ਹੈ ਜੋ ਕਿ ਉਸਦੇ ਬੌਸ ਰਾਜੇ ਨੇ ਪਸੰਦ ਨਹੀ ਕੀਤੀ ਸੀ। ਅਤੇ ਉਸਦੇ ਬੌਸ ਰਾਜੇ ਨੇ ਸੰਸਕ੍ਰਿਤ ਨੂੰ ਤਰਜ਼ੀਹ ਦਿੱਤੀ। ਇਸ ਦਾ ਮਤਲਬ ਇਹ ਹੈ ਕਿ ਪ੍ਰਕ੍ਰਿਤ ਅਤੇ ਮਗਧ ਦੇਸ ਦੀਆਂ ਬੋਲੀਆ ਅਤੇ ਮਾਡਰਨ ਬੋਲੀਆ ਵੀ ਮੌਜੂਦ ਸਨ। ਹਾਕਮਾਂ ਅਤੇ ਉੱਘੇ ਲੋਕਾਂ ਵਿੱਚ ਮਾਡਰਨ ਬੋਲੀਆ ਲਈ ਨਫਰਤ ਸੀ ਅਤੇ ਪ੍ਰਕ੍ਰਿਤ ਵਾਲੇ ਵੀ ਮਾਡਰਨ ਕਹੀਆ ਜਾਣ ਵਾਲੀਆ ਬੋਲੀਆ ਨਾਲ ਨਫਰਤ ਕਰਦੇ ਸਨ। ਸੋ ਇਸ ਦਾ ਮਤਲਬ ਹੈ ਕਿ ਮਾਡਰਨ ਕਹੀਆ ਜਾਣ ਵਾਲੀਆ ਬੋਲੀਆ ਸੰਸਕ੍ਰਿਤ ਅਤੇ ਪ੍ਰਕ੍ਰਿਤਾਂ ਵਿੱਚੋਂ ਨਹੀ ਨਿਕਲੀਆ ਹਨ। ਜਦੋਂ ਮਹਿਮੂਦ ਗਜ਼ਨਵੀ ਨੇ ਇੰਡੀਆ ਦੇ ਬਹੁਤ ਸਾਰੇ ਇਲਾਕੇ ਜਿੱਤ ਲਏ ਤਾਂ ਉਸ ਨੇ 11ਵੀਂ ਸਦੀ ਦੇ ਸ਼ੁਰੂ ਵਿੱਚ ਫਾਰਸੀ ਬੋਲੀ ਨੂੰ ਸਰਕਾਰੀ ਬੋਲੀ ਬਣਾ ਦਿੱਤਾ। ਇਸੇ ਤਰਾਂ ਬ੍ਰਾਹਮਣੀਕਲ ਸਿਸਟਮ ਵਾਲਿਆ ਨੇ ਪਾਲੀ ਹਟਾਅ ਕੇ ਸੰਸਕ੍ਰਿਤ ਲਾਗੂ ਕਰ ਦਿੱਤੀ ਅਤੇ ਇਸ ਤੋਂ ਪਹਿਲਾ ਪਾਲੀ ਬੋਲੀ ਵਾਲਿਆ ਨੇ ਸੰਸਕ੍ਰਿਤ ਨੂੰ ਹਟਾਅ ਕੇ ਪਾਲੀ ਨੂੰ ਲਾਗੂ ਕਰ ਦਿੱਤਾ। ਉਸ ਵੇਲ਼ੇ ਨਾ ਤਾਂ ਸੰਸਕ੍ਰਿਤ ਅਤੇ ਨਾ ਹੀ ਪਾਲੀ ਬੋਲੀ ਲੋਕ ਬੋਲੀ ਸੀ। ਪਰ ਰਾਜੇ ਆਪਣੇ ਧਰਮ ਦੀ ਬੋਲੀ ਨੂੰ ਹੀ ਰਾਜ ਬੋਲੀ ਬਣਾਉਂਦੇ ਰਹੇ। ਫਿਰ ਇਕ ਦਮ ਕੀ ਹੋ ਗਿਆ ਕਿ ਪਾਲੀ ਅਤੇ ਸੰਸਕ੍ਰਿਤ ਦੋਵੇਂ ਹੀ ਹਟਾਅ ਦਿੱਤੀਆ ਗਈਆ? ਕਿਉਂਕਿ ਇਹ ਦੋਵੇਂ ਬੋਲੀਆ ਲੋਕ ਬੋਲੀਆ ਨਹੀ ਸਨ। ਇਸ ਪ੍ਰਕਾਰ ਮਹਿਮੂਦ ਗਜ਼ਨਵੀ ਦੇ ਰਾਜ ਵਿੱਚ ਲੋਕ ਬੋਲੀਆ ਨੂੰ ਵਿਗਸਨ ਦਾ ਮੌਕਾ ਮਿਲਿਆ। ਪਹਿਲਾ ਪੰਜਾਬੀ ਲਿਖਾਰੀ ਅਬਦੁਲ ਰਹਿਮਾਨ ਇਸੇ ਵੇਲ਼ੇ ਹੀ ਹੋਇਆ ਸੀ। ਇੱਥੇ ਪਹਿਲਾ ਲੋਕ ਬੋਲੀਆ ਟਾਕਰੀ ਅਤੇ ਹੋਰ ਲਿੱਪੀ ਵਿੱਚ ਲਿਖੀਆ ਜਾਂਦੀਆਂ ਸਨ। ਫਿਰ ਇੱਥੇ ਦੀਆ ਬੋਲੀਆ ਨੂੰ ਆਲਿਫ ਬੇ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਇਸ ਤਰਾਂ ਨਾਂ ਤਾਂ ਫਾਰਸੀ ਅਤੇ ਨਾਂ ਹੀ ਅਰਬੀ ਇੱਥੇ ਦੇ ਲੋਕਾਂ ਦੀ ਬੋਲੀ ਸੀ ਪਰ ਰਾਜ ਸਥਾਪਤੀ ਨਾਲ ਇਹ ਬਾਹਰਲ਼ੀ ਬੋਲੀ ਅਤੇ ਲਿੱਪੀ ਲੋਕਾਂ ਦੇ ਠੱਪ ਦਿੱਤੀ। ਇਸੇ ਤਰਾਂ ਜਦ ਅੰਗਰੇਜ਼ ਆਏ ਤਾਂ ਉਹਨਾਂ ਨੇ ਆਪਣੀ ਬੋਲੀ ਨੂੰ ਰੋਮਨ ਵਿੱਚ ਲੋਕਾਂ ਤੇ ਠੱਪ ਦਿਤਾ।ਅੱਜ ਵੀ ਅੰਗਰੇਜ਼ੀ ਨੂੰ ਇੰਡੀਅਨ ਸਬ-ਕੰਟੀਨੈਂਟ ਵਿੱਚ ਵਿੱਦਿਆ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਇੱਥੇ ਦੇ ਲੋਕ ਆਪਣੀ ਕਮਾਈ ਦਾ ਧਨ ਅੰਗਰੇਜ਼ੀ ਤੇ ਖਰਚ ਰਹੇ ਹਨ। ਇਸ ਤੋਂ ਲੋਕਾਂ ਦੀ ਮਾਨਸਿਕਤਾਂ ਦਾ ਪਤਾ ਲਗਦਾ ਹੈ ਕਿ ਇੱਕ ਵਾਰ ਗੁਲਾਮ ਹੋ ਗਏ ਤਾਂ ਗੁਲਾਮੀ ਛੱਡਣ ਦੀ ਰੂਹ ਨਹੀ ਕਰਦੀ। ਸੋ ਇਹ ਗੁਲਾਮ ਲੋਕਾਂ ਦੀ ਤਰਾਸਦੀ ਹੈ। ਜਿਵੇਂ ਲੋਕਾਂ ਨੂੰ ਇੱਕ ਵਾਰੀ ਨਸ਼ੇ ਦੀ ਆਦਤ ਪੈ ਜਾਂਦੀ ਹੈ ਤਾਂ ਉਹ ਨਸ਼ੇ ਨੂੰ ਛੱਡਣ ਲਈ ਤਿਆਰ ਨਹੀ ਹੁੰਦੇ ਹਨ। ਕਈਆ ਨੂੰ ਮੌਤ ਵੀ ਲੈ ਜਾਂਦੀ ਹੈ ਅਤੇ ਕਈ ਜਾਇਦਾਦ ਵੀ ਬਰਬਾਦ ਕਰ ਦਿੰਦੇ ਹਨ ਅਤੇ ਨਾਲੇ ਲੋਕਾਂ ਨੂੰ ਲਾਪ੍ਰਵਾਹ ਬਣਾ ਦਿੰਦੇ ਹਨ ਅਤੇ ਇਹ ਗੁਲਾਮੀ ਦੀ ਨਿਸ਼ਾਨੀ ਹੈ। ਇਸ ਤਰਾਂ ਇਹ ਆਪਣੀ ਹੀ ਸੱਭਿਅਤਾ ਦੀ ਤਬਾਹੀ ਹੈ। ਜਿਵੇ ਡੰਗਰ ਗਲ਼ ਵਿੱਚ ਸੰਗਲ਼ ਪੁਆ ਕੇ ਖੁਸ਼ ਹੁੰਦਾ ਹੈ ਇਸੇ ਤਰਾਂ ਗੁਲਾਮ ਦੀ ਮਾਨਸਿਕਤਾ ਦਾ ਵੀ ਇਹੀ ਹਾਲ ਹੈ। ਇਹੀ ਵਜ਼ਾ ਹੈ ਕਿ ਗੁਲਾਮ ਕੌਮਾਂ ਗੁਲਾਮੀ ਲਾਹੁਣ ਦਾ ਉਪਰਾਲਾ ਨਹੀ ਕਰਦੀਆ ਹਨ ਅਤੇ ਗੁਲਾਮੀ ਦੇ ਨਸ਼ੇ ਵਿੱਚ ਹੀ ਸੇਫ (safe) ਸਮਝਦੀਆਂ ਹਨ। ਇਸ ਤਰਾਂ 'ਹਿੱਤੋਪਦੇਸ਼' ਵਿੱਚ ਇੱਕ ਤੁੱਕ ਹੈ ਕਿ 'ਪਰਾਧੀਨ ਸੁਫਨੇ ਸੁਖ ਨਾਹੀ' ਜੋ ਕਿ ਗੁਲਾਮਾਂ ਲਈ ਸੰਜੀਵਨੀ ਬੂਟੀ ਸਾਬਤ ਹੋ ਸਕਦੀ ਹੈ।

## ਹਮ ਹਿੰਦੂ ਨਹੀਂ ਹੈਂ ਦਾ ਸਿੱਖ...

1898 ਵਿਚ ਛਪੇ ਇਸ ਲਿਖਤ ਦੇ ਪਹਿਲੇ ਐਡੀਸ਼ਨ ਦੇ ਮੁਖ ਸਫੇ ਉਤੇ ਗੁਰੂ ਗ੍ਰੰਥ ਸਾਹਿਬ ਦੀ ਇਹ ਤੁਕ ਛਪੀ ਹੈ, ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾ ਛਾਡੇ ਦੋਊ ॥ ਇਸ ਦੇ ਨਾਲ ਹੀ ਭਾਈ ਗੁਰਦਾਸ ਦੀ ਇਹ ਟੂਕ ਛਪੀ ਹੈ, ਕੀਤੋਸੁ ਅਪਨਾ ਪੰਥ ਨਿਰਾਲਾ' ਸਾਰੀ ਲਿਖਤ ਅੰਦਰ ਅਨੇਕ ਹਵਾਲੇ ਸਿੱਖੀ ਦੇ ਨਿਆਰੇਪਣ ਨੂੰ ਸਪਸ਼ਟ ਕਰਦੇ ਹਨ:

1. ਨਾ ਹਮ ਹਿੰਦੂ ਨ ਮੁਸਲਮਾਨ ॥ (ਭੈਰਉ ਕਬੀਰ ਜੀ) 2. ਪੰਡਿਤ ਮੁਲਾਂ ਜੋ ਲਿਖ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥ (ਭੈਰਉ ਕਬੀਰ ਜੀ) 3. ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ ਵਿਚ ਲਿਖਦੇ ਹਨ-ਬਾਬੇ ਨੂੰ ਹਾਜੀਆਂ ਨੇ ਪੁਛਿਆ, "ਹੇ ਫਕੀਰ! ਤੂੰ ਹਿੰਦੂ ਹੈ ਕਿ ਮੁਸਲਮਾਨ?" ਤਾਂ ਬਾਬਾ ਬੋਲਿਆ, "ਮੈਂ ਹਿੰਦੂ ਮੁਸਲਮਾਨ-ਦੋਹਾਂ ਦਾ ਗਵਾਹ ਹਾਂ।" 4. ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ। (ਰਹਿਤਨਾਮਾ ਭਾਈ ਦਯਾ ਸਿੰਘ) 5. ਸਿਧਾਂਤ ਗੁਰੂ ਸਾਹਿਬ ਦਾ ਇਹ ਹੈ ਕਿ ਜਿਸ ਦੇਸ ਦੇ ਲੋਕ ਅਖਲਾਕ ਤੋਂ ਡਿੱਗ ਕੇ ਖੁਸ਼ਾਮਦ, ਡਰ ਔਰ ਲਾਲਚ ਪਿਛੇ ਆਪਣਾ ਧਰਮ ਹਾਰ ਦਿੰਦੇ ਹਨ, ਉਹ ਮਹਾਂ ਅਧਰਮੀ ਔਰ ਕਮੀਨੇ ਸਮਝੇ ਜਾਂਦੇ ਹਨ।

ਏਨੀ ਸਪਸ਼ਟਤਾ ਦੇ ਬਾਵਜੂਦ 120 ਸਾਲ ਪਿਛੋਂ ਵੀ ਇਹ ਲਿਖਤ ਇਹੀ ਬਿਰਤਾਂਤ ਸਿਰਜ ਰਹੀ ਹੈ; ਸਗੋਂ ਜੂਨ 1984 ਦੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ 'ਤੇ ਹੋਏ ਫੌਜੀ ਹਮਲੇ ਨੇ ਇਸ ਬਿਰਤਾਂਤ ਨੂੰ ਸਿੱਖ ਮਨਾਂ ਵਿਚ ਹੋਰ ਵੀ ਗੂੜਾ ਕਰ ਦਿਤਾ ਹੈ; ਕਿਉਂਕਿ ਇਹ ਮੰਨ ਲਿਆ ਗਿਆ ਹੈ ਕਿ ਦਿੱਲੀ ਸਰਕਾਰ ਹਿੰਦੂਆਂ ਦੀ ਸਰਕਾਰ ਹੈ। ਫਿਰ ਜਿਵੇਂ ਧਰਮ ਯੁਧ ਮੋਰਚੇ ਨੂੰ ਹਿੰਦੂ-ਸਿੱਖ ਮਸਲਾ ਬਣਾ ਕੇ ਪੇਸ਼ ਕੀਤਾ ਗਿਆ, ਉਸ ਨੇ ਵੀ ਸਿੱਖ ਮਨਾਂ ਵਿਚ ਇਸ ਧਾਰਨਾ ਨੂੰ ਹੋਰ ਦ੍ਰਿੜ ਕੀਤਾ ਹੈ। ਇਸ ਧਾਰਨਾ ਨੇ ਪੰਜਾਬ ਦੇ ਦੋ ਭਾਈਚਾਰਿਆਂ ਵਿਚ ਦਰਾਰ ਪੈਦਾ ਕੀਤੀ ਹੈ ਅਤੇ ਤੀਜਾ ਭਾਈਚਾਰਾ ਸਾਰੇ ਦ੍ਰਿਸ਼ ਵਿਚੋਂ ਹੀ ਅਲੋਪ ਹੋ ਗਿਆ ਹੈ। ਸਿੱਖੀ ਵਿਰੋਧੀ ਧਿਰਾਂ ਨੂੰ ਇਹ ਦਰਾਰ ਰਾਜਸੀ ਤੌਰ 'ਤੇ ਬਹੁਤ ਰਾਸ ਆਉਂਦੀ ਹੈ, ਪਰ ਸਿੱਖ ਧਿਰਾਂ ਦੀ ਨਾ ਸਿਰਫ ਇਹ ਰਾਜਸੀ ਸਗੋਂ ਸਿਧਾਂਤਕ ਲੋੜ ਹੈ ਕਿ ਉਹ ਮੌਜੂਦਾ ਆਲਮੀ ਪ੍ਰਸੰਗ ਵਿਚ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਅਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਨ ਤਾਂ ਕਿ ਸਰਬਪੱਖੀ ਸੰਕਟ ਵਿਚ ਘਿਰੀ ਮਨੁੱਖ ਜਾਤੀ ਗੁਰਮਤਿ ਗਿਆਨ ਤੋਂ ਕੋਈ ਸੇਧ ਲੈ ਸਕੇ। ਗੁਰਮਤਿ ਦੇ ਵੱਡੇ ਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਕੇ ਹੀ ਸਿੱਖ ਪੰਜਾਬ ਨੂੰ ਕੋਈ ਨਵੀਂ ਰਾਜਨੀਤਕ ਦਿਸ਼ਾ ਦੇਣ ਦੇ ਯੋਗ ਹੋ ਸਕਣਗੇ।

ਗੁਰੂ ਨਾਨਕ ਸਾਹਿਬ ਦੇ ਸੁਲਤਾਨਪੁਰ ਲੋਧੀ ਵਿਖੇ ਵੇਈਂ ਵਿਚ ਟੁੱਭੀ ਲਾਉਣ ਦੇ ਸਮੇਂ ਨਾਲ ਇਕ ਸਾਖੀ ਜੁੜੀ ਹੋਈ ਹੈ। ਜਦੋਂ ਗੁਰੂ ਸਾਹਿਬ ਤਿੰਨ ਦਿਨ ਬਾਅਦ ਵੇਈਂ ਵਿਚੋਂ ਬਾਹਰ ਆਏ ਤਾਂ ਉਨਾਂ ਦੇ ਪਹਿਲੇ ਸ਼ਬਦ ਸਨ, ਨਾ ਕੋ ਹਿੰਦੂ ਨ ਮੁਸਲਮਾਨ ॥ ਸਪਸ਼ਟ ਹੈ ਕਿ ਗੁਰੂ ਸਾਹਿਬ ਸਿੱਖੀ ਦੇ ਨਿਆਰੇਪਣ ਦਾ ਉਸ ਵੇਲੇ ਦੇ ਪ੍ਰਚਲਿਤ ਦੋਹਾਂ ਵੱਡੇ ਧਰਮਾਂ ਤੋਂ ਨਿਖੇੜਾ ਕਰ ਰਹੇ ਸਨ। ਇਥੇ ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਉਹ ਦੋਹਾਂ ਧਰਮਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਸਨ, ਪਰ ਉਹ ਇਨਾਂ ਦੋਹਾਂ ਧਰਮਾਂ ਤੋ ਆਪਣੀ ਨਿਵੇਕਲੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ,

**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡ ਪਰਾਨ ॥**
**(ਪੰਨਾ 1136)**

ਜਦੋਂ ਅਸੀਂ ਇਨਾਂ ਸ਼ਬਦਾਂ ਦੇ ਭਾਵਅਰਥਾਂ ਦੀ ਤਹਿ ਵਿਚ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਿਸੇ ਮਨੁੱਖੀ ਹੋਂਦ ਦੀ ਇਹ ਕਿੰਨੀ ਖ਼ੂਬਸੂਰਤ ਵਿਆਖਿਆ ਹੈ। ਭਾਵ ਨਾ ਅਸੀਂ ਹਿੰਦੂ ਹਾਂ ਅਤੇ ਨਾ ਹੀ ਅਸੀਂ ਮੁਸਲਮਾਨ ਹਾਂ, ਪਰ ਸਾਡਾ ਇਹ ਸਰੀਰ ਤੇ ਜਿੰਦ ਸਾਨੂੰ 'ਅਲਹ ਰਾਮ' ਨੇ ਦਿੱਤੇ ਹਨ। ਕਿੱਡਾ ਅਜਬ ਹੈ ਕਿ ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡੀ ਹੋਂਦ 'ਅਲਹ ਰਾਮ' ਦੀ ਦੇਣ ਹੈ। ਅਲਹ ਮੁਸਲਮਾਨਾਂ ਲਈ ਅਤੇ ਰਾਮ ਹਿੰਦੂਆਂ ਲਈ ਸਰਬ-ਉਚ ਹਸਤੀ ਹੈ।

ਇਹ ਅਲਹ ਰਾਮ ਕੌਣ ਹੈ? ਇਸ ਦੀ ਵਿਆਖਿਆ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ,

**ਕਾਰਨ ਕਰਨ ਕਰੀਮ ॥**
**ਸਰਬ ਪ੍ਰਤਿਪਾਲ ਰਹੀਮ ॥**
**ਅਲਹ ਅਲਖ ਅਪਾਰ ॥**
**ਖੁਦਿ ਖੁਦਾਇ ਵਡ ਬੇਸੁਮਾਰ ॥**
**ਖਾਲਕੁ ਰਵਿ ਰਹਿਆ ਸਰਬ ਠਾਈ ॥**
**ਰਹਾਉ ॥**
**ਨਾਰਾਇਣ ਨਰਹਰ ਦਇਆਲ ॥**
**ਰਮਤ ਰਾਮ ਘਟ ਘਟ ਆਧਾਰ ॥**
**ਕਹੁ ਨਾਨਕ ਗੁਰਿ ਖੋਏ ਭਰਮ ॥**
**ਏਕੋ ਅਲਹੁ ਪਾਰਬ੍ਰਹਮ ॥**
**(ਪੰਨਾ 896)**

ਭਾਵ ਸਮੁਚੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਰਬਵਿਆਪਕ ਹੈ ਤੇ ਉਹ ਸਭ ਥਾਂ ਰਮ ਰਿਹਾ ਹੈ। ਓਹੀ ਕਾਰਨ ਭਾਵ ਕਰਨ ਵਾਲਾ ਹੈ। ਓਹੀ ਬਖਸ਼ਿੰਦ ਹੈ। ਓਹੀ ਸਭ ਦੀ ਪਾਲਣਾ ਕਰਨ ਵਾਲਾ ਅਤੇ ਸਭ 'ਤੇ ਰਹਿਮਤਾਂ ਕਰਨ ਵਾਲਾ ਹੈ। ਇਹ ਅਲਹ ਦੇ ਰੂਪ ਵਿਚ ਅਪਹੁੰਚ ਅਤੇ ਬੇਅੰਤ ਹੈ। ਇਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।

ਗੁਰੂ ਸਾਹਿਬ ਬਚਨ ਕਰਦੇ ਹਨ ਕਿ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ ਅਤੇ ਮੈਨੂੰ ਹੁਣ ਪਤਾ ਲੱਗਾ ਹੈ ਕਿ ਇਹ ਸਰਬ ਵਿਆਪਕ ਏਕੋ ਹੀ ਅਲਹ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਫਿਲਾਸਫੀ ਅਤੇ ਇਸਲਾਮੀ ਫਿਲਾਸਫੀ ਵਿਚਲੀ ਰੱਬੀ ਹਸਤੀ ਇਕੋ ਹੀ ਹੈ। ਇਸ ਸ਼ਬਦ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮੀ ਫਲਸਫੇ ਵਿਚਲੀ ਰੱਬੀ ਹਸਤੀ ਬਾਰੇ ਆਮ ਵਰਤੇ ਜਾਂਦੇ ਨਾਂਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ਭਾਵ ਸਰਬ ਵਿਆਪਕ 'ਏਕੋ' (ਦਾਤਾ-ਕਰਤਾ) ਦੀ ਬੜੀ ਖ਼ੂਬਸੂਰਤ ਵਿਆਖਿਆ ਕੀਤੀ ਹੈ। ਇਹੀ ਏਕੋ ਰਮਤ ਰਾਮ ਭਾਵ ਸਭ ਥਾਂ ਰਮਿਆ ਹੋਇਆ ਰਾਮ ਹੈ, ਜੋ ਸਭ ਜੀਆਂ ਦਾ ਆਧਾਰ ਹੈ।

**ਅਵਲਿ ਅਲਹ ਨੂਰੁ ਉਪਾਇਆ**
**ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ**
**ਕਉਨ ਭਲੇ ਕੋ ਮੰਦੇ ॥**
**(ਪੰਨਾ 1349)**
**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥**
**(ਪੰਨਾ 885)**

ਅਲਹ ਸਰਬਉਚ ਹੈ, ਜਿਸ ਨੇ ਨੂਰ ਭਾਵ ਜ਼ਿੰਦਗੀ ਦੀ ਰੌਅ ਪੈਦਾ ਕੀਤੀ ਹੈ। ਸਾਰੇ ਮਨੁੱਖ ਕੁਦਰਤ ਦੀ ਉਪਜ ਹਨ। ਜਦੋਂ ਸਾਰੇ ਮਨੁੱਖ ਇਕ ਹੀ ਨੂਰ ਤੋਂ ਪੈਦਾ ਹੋਏ ਹਨ ਤਾਂ ਫਿਰ ਕਿਸੇ ਦੇ ਚੰਗੇ-ਮੰਦੇ ਹੋਣ ਦਾ ਭਰਮ ਕਿਉਂ ਕੀਤਾ ਜਾਏ? ਗੁਰਮਤਿ ਅਡ-ਅਡ ਧਰਮਾਂ ਦੇ ਪੈਰੋਕਾਰਾਂ ਦੇ ਵਖਰੇਵੇਂ ਨੂੰ ਨਫਰਤ ਨਹੀਂ ਕਰਦੀ, ਸਗੋਂ ਇਨਾਂ ਸਭ ਦੀ ਏਕਤਾ ਦੇ ਇਸ ਤੋਂ ਵੱਡੇ ਆਧਾਰ ਭਾਵ ਹੁਕਮ ਅਨੁਸਾਰ ਜ਼ਿੰਦਗੀ ਜਿਉਣ ਦੇ ਆਤਮਕ ਗਿਆਨ ਦੀ ਜਾਣਕਾਰੀ ਦਿੰਦੀ ਹੈ।

ਇਸ ਲਈ ਸਿੱਖ ਚਿੰਤਕਾਂ ਨੂੰ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਬਾਹਰ ਨਿਕਲ ਕੇ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਬਿਰਤਾਂਤ ਨੂੰ ਸਪਸ਼ਟ ਕਰਨ ਦੀ ਲੋੜ ਹੈ। ਗੁਰਮਤਿ ਦਾ ਇਹੀ ਬਿਰਤਾਂਤ ਹਿੰਦੂਆਂ, ਮੁਸਲਮਾਨਾਂ ਸਮੇਤ ਪੰਜਾਬ ਦੇ ਸਾਰੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਸਕੇਗਾ ਅਤੇ ਜੋ ਹਿੰਦੂ ਮੁਸਲਮਾਨ ਦੀ ਕਾਣ ਨੂੰ ਮੇਟਣ ਦਾ ਕੰਮ ਕਰੇਗਾ। ਆਲਮੀ ਰਾਜਨੀਤੀ ਜਿਸ ਪਾਸੇ ਨੂੰ ਮੋੜਾ ਕੱਟ ਰਹੀ ਹੈ, ਉਸ ਨੂੰ ਧਿਆਨ ਵਿਚ ਰੱਖਦਿਆਂ ਸਿੱਖਾਂ ਨੂੰ ਆਪਣੀ ਵੱਡੀ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

## ਆਪਣਾ ਆਪਣਾ ਦੇਸ਼

ਵਾਪਸੀ ਉਤੇ ਪ੍ਰਭਜੋਤ ਦੱਸ ਰਹੀ ਸੀ ਕਿ ਹੁਣ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸਭ ਕੰਮਾਂ ਵਿਚ ਰੁੱਝੇ ਹੋਏ ਸਨ। ਕਿਸੇ ਕੋਲ ਇਨਾਂ ਨੂੰ ਸੰਭਾਲਣ ਦੀ ਵਿਹਲ ਹੀ ਨਹੀਂ ਸੀ। ਟੀ.ਵੀ. ਰੇਡੀਓ ਤੇ ਅਖ਼ਬਾਰਾਂ ਰਾਹੀਂ ਤੇ ਫਿਰ ਅੱਖਾਂ ਨਾਲ ਸਭ ਕੁਝ ਵੇਖ ਕੇ ਗੁਰਮੁਖ ਸਿੰਘ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਉਹ ਏਥੇ ਸੁਰੱਖਿਅਤ ਨਹੀਂ ਸੀ। ਲਗਾਤਾਰ ਭੈਅ ਦੀ ਅਵਸਥਾ ਵਿਚੋਂ ਲੰਘ ਰਿਹਾ ਸੀ। ਚਿੰਤਾ ਵਿਚ ਘਿਰ ਗਿਆ ਸੀ। ਇਕ ਚੱਕਰਵਿਊ ਵਿਚ ਫਸ ਗਿਆ ਸੀ। ਕੀ ਇਸ ਚੱਕਰਵਿਊ ਵਿੱਚੋਂ ਬਚ ਨਿਕਲਣਾ ਸੰਭਵ ਹੈ? ਜੇ ਹੈ ਤਾਂ ਕਿਵੇਂ? ਕਦੋਂ?? ਇਨਾਂ ਦਿਨਾਂ ਵਿਚ ਸਰਮੁਖ ਦਾ ਸਮੁੰਦਰੀ ਜਹਾਜ਼ ਵੈਨਕੂਵਰ ਦੇ ਘਾਟ ਉਤੇ ਆ ਲੱਗਾ। ਉਸ ਦੇ ਦੋ ਕੁ ਹਫ਼ਤੇ ਵਿਹਲੇ ਹੋ ਗਏ ਸਨ ਅਤੇ ਉਹ ਆਪਣੇ ਮਾਂ-ਬਾਪ ਤੇ ਪਤਨੀ ਕੋਲ ਰਹਿਣ ਆ ਗਿਆ। ਗੁਰਮੁਖ ਸਿੰਘ ਨੇ ਪੁੱਤਰ ਨੂੰ ਗੱਲ ਤੋਰਦਿਆਂ ਆਖਿਆ, "ਏਥੇ ਬੇਘਰਿਆਂ ਦੀ ਬਹੁਤ ਵੱਡੀ ਸਮੱਸਿਆ ਹੈ। ਸਿਆਲ ਵਿਚ ਕਈ ਸੜਕਾਂ ਉੱਤੇ ਲੰਮੇ ਪਏ, ਠੰਢ ਨਾਲ ਆਕੜ ਕੇ ਮਰ ਜਾਂਦੇ ਹਨ।"

"ਇਨਾਂ 'ਚੋਂ ਬਹੁਤੇ ਵੈਲੀ ਹਨ", ਅੱਗੋਂ ਸੁਰਮੁਖ ਬੋਲਿਆ।

"ਸਾਨੂੰ ਤਾਂ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਜੇ ਤੈਨੂੰ ਕੁਝ ਹੋ ਗਿਆ ਤਾਂ ਅਸੀਂ ਵੀ ਬੇਘਰੇ ਹੋ ਕੇ ਇਨਾਂ ਲੋਕਾਂ ਵਾਂਗ ਹੀ ਸੜਕਾਂ ਉਤੇ ਆਕੜੇ ਨਾ ਪਏ ਹੋਈਏ।"

"ਸੁਖ ਬੋਲੋ ਡੈਡੀ! ਆਪਣਾ ਘਰ ਹੈ।"

"ਵੇਖ ਪੁੱਤਰ, ਏਨੀ ਕੁ ਗੱਲ ਮੈਨੂੰ ਸਮਝ ਆ ਗਈ ਹੈ ਕਿ ਘਰ ਅਜੇ ਤੇਰਾ ਨਹੀਂ, ਬੈਂਕ ਦਾ ਹੈ। ਜੇ ਤੈਨੂੰ ਕੁਝ ਹੋ ਗਿਆ ਤਾਂ ਮੇਰੇ ਵਿਚ ਏਸ ਉਮਰੇ ਏਨੀ ਹਿੰਮਤ ਨਹੀਂ ਕਿ ਮੈਂ ਮੁੜ ਕੇ ਫੇਰ ਆਪਣੇ ਜੀਵਨ ਦਾ ਸੰਘਰਸ਼ ਸ਼ੁਰੂ ਕਰਾਂ ਅਤੇ ਤੇਰੇ ਘਰ ਦੀਆਂ ਕਿਸ਼ਤਾਂ ਆਪਣੇ ਮਰਨ ਤਕ ਦੇਈ ਜਾਵਾਂ।"

"ਡੈਡੀ, ਇੰਜ ਹੋਣਾ ਹੀ ਨਹੀਂ ਤੇ ਨਾਲੇ ਦਸਾਂ ਸਾਲਾਂ ਤਾਈਂ ਤਾਂ ਤੁਹਾਡੇ ਦੋਹਾਂ ਦੇ ਬੁਢਾਪੇ ਦੀ ਪੈਨਸ਼ਨ ਵੀ ਲੱਗ ਜਾਣੀ ਹੈ।" ਸਰਮੁਖ ਬੋਲਿਆ।

"ਦਸ ਸਾਲ ਕੀਹਨੇ ਵੇਖਣੇ ਹਨ ਪੁੱਤਰ। ਉਂਜ ਵੀ ਸਾਨੂੰ ਕੋਈ ਲਾਲਚ ਨਹੀਂ। ਬਹੁਤ ਕੁਝ ਹੈ ਸਾਡੇ ਕੋਲ ਭਾਰਤ ਵਿਚ। ਜੋ ਕੁਝ ਸਾਨੂੰ ਚਾਹੀਦਾ ਹੈ, ਉਹ ਏਥੇ ਮਿਲ ਨਹੀਂ ਸਕਦਾ। ਬਹੁਤ ਕੁਝ ਬਦਲ ਚੁੱਕਾ ਹੈ। ਆਪਣੀ ਮੌਤ ਦੇ ਘਟਣ ਦੇ ਨਿਰੰਤਰ ਭੈਅ ਹੇਠ ਜੀਣਾ ਬਹੁਤ ਮੁਸ਼ਕਲ ਹੈ ਪੁੱਤਰ। ਜਾਪਦਾ ਹੈ ਕਿ ਜਦੋਂ ਦਿਨ ਚੜ੍ਹਦਾ ਹੈ ਤਾਂ ਸਾਨੂੰ ਏਥੋਂ ਦੇ ਖ਼ੂਨ-ਖਰਾਬੇ ਤੇ ਮਾਰ-ਧਾੜ ਵਾਲੇ ਚੌਗਿਰਦੇ ਵਿਚ, ਇਕ ਨਵਾਂ ਫਾਹਾ ਲੱਗ ਜਾਂਦਾ ਹੈ। ਅਸੀਂ ਹੌਲੀ-ਹੌਲੀ ਇਕ ਧੀਮੀ ਮੌਤ ਮਰ ਰਹੇ ਹਾਂ, ਹਰ ਰੋਜ਼।"

"ਡੈਡੀ! ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਹੋ? ਏਥੇ ਫਿਕਰ ਵਾਲੀ ਐਸੀ ਕੋਈ ਗੱਲ ਹੈ ਹੀ ਨਹੀਂ।"

"ਵੇਖ ਪੁੱਤਰ। ਹੁਣ ਭਾਰਤ ਵਿਚ ਬਿਰਧ ਘਰ ਬਣ ਗਏ ਹਨ। ਉਨਾਂ ਵਿਚ ਸਾਡੀ ਆਪਣੀ ਬੋਲੀ, ਬੋਲੀ ਜਾਂਦੀ ਹੈ। ਖਾਣ-ਪੀਣ ਤੇ ਸੱਭਿਆਚਾਰਕ ਗੀਤਾਂ ਸਭ ਪੰਜਾਬੀ ਹਨ। ਅਸੀਂ ਜਿੰਨਾ ਚਿਰ ਹੋਸ਼ ਵਿਚ ਤੇ ਤੁਰਦੇ-ਫਿਰਦੇ ਹਾਂ, ਰੱਜ ਕੇ ਜਿਉਣਾ ਚਾਹੁੰਦੇ ਹਾਂਸੁਤੰਤਰ ਤੇ ਬੇਖੌਫ਼ ਹਵਾਵਾਂ ਵਿਚ ਸਾਹ ਲੈਣਾ ਚਾਹੁੰਦੇ ਹਾਂ ਤੇ ਫਿਰ ਏਥੋਂ ਦੇ ਨਿੱਤ ਫਾਹੇ ਲੱਗਦੇ, ਹੌਲੀ-ਹੌਲੀ ਮਰਦੇ, ਜੀਵਨ ਤੋਂ ਉਲਟ, ਆਪਣੀ ਆਈ, ਕੁਦਰਤੀ ਮੌਤ ਮਰਨਾ ਚਾਹੁੰਦੇ ਹਾਂ। ਪੁੱਤਰ, ਇਹ ਸਾਡਾ ਦੇਸ਼ ਨਹੀਂ,ਤੇ ਦੇਸ਼ ਉਹ ਹੁੰਦਾ ਹੈ, ਜਿੱਥੇ ਕਿਸੇ ਦਾ ਮਨ ਵਸਦਾ ਹੋਵੇ।" ਆਖਦਿਆਂ ਗੁਰਮੁਖ ਸਿੰਘ ਨੇ ਸਰਮੁਖ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਗੁਰਜੀਤ ਨੇ ਸਰਮੁਖ ਨੂੰ ਦੱਸਿਆ, "ਤੇਰੇ ਆਉਣ ਬਾਰੇ ਜਾਣ ਕੇ ਤੇਰੇ ਡੈਡੀ ਨੇ ਇੰਡੀਆ ਦੇ ਦੋ ਹਵਾਈ ਟਿਕਟ ਲੈ ਲਏ ਸਨ। ਹੁਣ ਕੁਝ ਦਿਨ ਤੇਰੇ ਨਾਲ ਘੁੰਮਾਂ-ਫਿਰਾਂਗੇ ਤੇ ਫਿਰ.।" ਸਰਮੁਖ ਤੇ ਗੁਰਜੀਤ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ ਸਨ। ਗੁਰਮੁਖ ਸਿੰਘ ਦੂਰ ਖਲਾਅ ਨੂੰ ਘੂਰ ਰਿਹਾ ਸੀ।

## ਜੂਨ 84 ਦੇ ਦੁਖਾਂਤ 'ਤੇ ਬਣੀਆਂ..

ਜਿਸ ਦੇ ਜ਼ਿੰਦਗੀ ਦੇ ਕੌੜੇ ਅਨੁਭਵ ਉਸ ਨੂੰ ਭ੍ਰਿਸ਼ਟ ਸਰਕਾਰੀ ਤੰਤਰ ਕਲਾ ਪੱਖੋਂ ਕਮਜ਼ੋਰ ਹੈ। ਨਿਰੇਦਸ਼ਨ ਪੱਖੋਂ ਇਸ ਨੂੰ ਹੋਰ ਬਿਹਤਰ ਬਣਾਇਆ ਜਾ ਸਕਦਾ ਸੀ।

**ਕੁਸ਼** (2013)

ਸੁਭਾਅਸ਼ੀਸ਼ ਭੁਟਿਆਨੀ ਦੀ 20 ਮਿੰਟ ਦੀ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਪਿੱਠਭੂਮੀ ਵਾਲੀ ਇਸ ਲਘੂ ਫ਼ਿਲਮ ਨੇ ਬੀਤੇ ਵਰੇ ਇਟਲੀ ਦੇ ਵੀਨਸ ਫ਼ਿਲਮ ਫੈਸਟੀਵਲ ਦੇ 70ਵੇਂ ਐਡੀਸ਼ਨ ਵਿੱਚ ਸਰਬੋਤਮ ਲਘੂ ਫ਼ਿਲਮ ਦਾ ਐਵਾਰਡ ਹਾਸਲ ਕੀਤਾ। ਇਹ ਫ਼ਿਲਮ ਇੱਕ ਸਿੱਖ ਲੜਕੇ ਕੁਸ਼ ਦੀ ਕਹਾਣੀ ਹੈ, ਜਿਸ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭੜਕਾਈ ਹਿੰਸਾ ਤੋਂ ਉਸ ਦੀ ਅਧਿਆਪਕ ਬਚਾਉਂਦੀ ਹੈ। ਇਸ ਫ਼ਿਲਮ ਵਿੱਚ ਕੁਸ਼ ਦਾ ਕਿਰਦਾਰ ਸ਼ਿਆਮ ਸਮੀਰ ਅਤੇ ਅਧਿਆਪਕ ਦਾ ਕਿਰਦਾਰ ਸੋਨਿਕਾ ਚੋਪੜਾ ਨੇ ਨਿਭਾਇਆ।

ਭਾਵੇਂ ਉਪਰੋਕਤ ਕੁਝ ਫ਼ਿਲਮਾਂ ਤੋਂ ਇਲਾਵਾ ਚਰਚਾ ਤੋਂ ਦੂਰ ਰਹੀਆਂ ਕੁਝ ਲਘੂ ਫ਼ਿਲਮਾਂ ਨੇ ਵੀ ਇਸ ਵਿਸ਼ੇ ਨੂੰ ਛੋਹਿਆ ਹੈ ਪਰ ਭਾਰਤੀ ਸਮਾਜ ਨਾਲ ਸਿਨੇਮੇ ਦੇ ਰਿਸ਼ਤੇ ਨੂੰ ਵੇਖਦਿਆਂ ਹਾਲੇ ਬਹੁਤ ਕੁਝ ਲਿਖਿਆ ਤੇ ਫ਼ਿਲਮਾਇਆ ਜਾਣਾ ਬਾਕੀ ਹੈ ਜੋ ਤੱਥਾਂ ਅਤੇ ਸੱਚ ਦੇ ਨੇੜੇ ਹੋਵੇ। ਅੱਜੇ ਤੱਕ ਕਿਸੇ ਨੇ ਵੀ ਜੂਨ 1984 ਦੌਰਾਨ ਦਰਬਾਰ ਸਾਹਿਬ ਦੇ ਅੰਦਰ ਵਾਪਰੇ ਹਾਲਾਤ ਨੂੰ ਪਰਦੇ ਉੱਤੇ ਨਹੀਂ ਸੀ ਉਤਾਰਿਆ। ਇਨਾਂ ਲੋਕਾਂ ਨੂੰ ਏਨੀ ਸਾਦਾ ਸਚਾਈ ਦਾ ਵੀ ਗਿਆਨ ਨਹੀਂ ਕਿ ਜਦੋਂ ਮਸਲਾ ਕਿਸੇ ਅਜਿਹੀ ਸਮਾਜਿਕ-ਰਾਜਸੀ ਲਹਿਰ ਦਾ ਹੋਵੇ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਜੁਝਾਰੂਆਂ ਨੇ ਹੱਕੀ ਕਾਜ਼ ਵਾਸਤੇ ਆਪਣੀਆਂ ਚੜਦੇ ਸੂਰਜ ਵਰਗੀਆਂ ਭਖਦੀਆਂ ਜਵਾਨੀਆਂ ਨੂੰ ਹੱਸ ਹੱਸ ਕੇ ਕੁਰਬਾਨ ਕਰ ਦਿਤਾ ਹੋਵੇ ਅਤੇ ਵੇਲੇ ਦੀ ਹਕੂਮਤ ਨੇ ਜਿਸ ਲਹਿਰ ਨੂੰ ਹੱਦ ਦਰਜੇ ਦੀ ਕਰੂਰਤਾ ਨਾਲ ਲਹੂ ਵਿਚ ਡਬੋ ਦਿਤਾ ਹੋਵੇ, ਤਾਂ ਅਜਿਹੀ ਲਹਿਰ ਦਾ ਚਿਤਰਨ ਕਰਨ ਦਾ ਦਾਅਵਾ ਕਰਨ ਵਾਲੀ ਜਾਂ ਇਸ ਨਾਲ ਜੁੜੇ ਪਾਕਿ ਜਜ਼ਬਿਆਂ ਦਾ ਵਪਾਰਕ ਮਨੋਰਥਾਂ ਲਈ ਇਸਤੇਮਾਲ ਕਰਨ ਵਾਲੀ ਫਿਲਮ ਦਾ ਮੁਲਾਂਕਣ ਕਰਨ ਵੇਲੇ ਸੋਚ ਦਾ ਸੰਤੁਲਨ ਨਹੀਂ ਉਖੜਨਾ ਚਾਹੀਦਾ।

## ਘੱਲੂਘਾਰਾ ਜੂਨ 84 ਕਾਰਨ ਸਿੱਖਾਂ

ਕੈਪਟਨ ਅਮਰਇੰਦਰ ਵਲੋਂ ਜੂਨ 1984 ਨੂੰਸਿੱਖ ਤਵਾਰੀਖ ਵਿੱਚ ਵਾਪਰੇ ਤੀਜੇ ਖੂਨੀ ਘੱਲੂਘਾਰੇ ਦੇ ਰੋਸ ਵਜੋਂ ਕਾਂਗਰਸ ਦੀ ਮੁੱਢਲੀ ਮੈਂਬਰਸ਼ਿੱਪ ਅਤੇ ਮੈਂਬਰ ਪਾਰਲੀਮੈਂਟ ਤੋਂ ਅਸਤੀਫਾ ਦੇ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣਾ ,ਸ੍ਰਅਕਾਲੀ ਦਲ ਅੰਮ੍ਰਿਤਸਰ ਦੀ ਸਥਾਪਨਾ ਵਕਤ ਕਾਰਜਕਰਨੀ ਦਾ ਮੈਂਬਰ ਬਣਕੇ ਅੰਮ੍ਰਿਤਸਰ ਐਲਾਨਨਾਮੇ ਲਈ ਸੰਘਰਸ਼ ਕਰਨ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰਣ ਕਰਨਾ, ਕੈਨੇਡਾ ਵਿੱਚ ਖਾਲਿਸਤਾਨੀ ਸਟੇਜ ਤੋਂ ਸਿੱਖ ਸੰਗਤਾਂ ਨੂੰ ਸੰਬੋਧਨ ਕਰਨਾ , ਦੁਬਾਰਾ ਉਸੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣਾ,ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਸੌਂਹ ਖਾਣੀ ਅਤੇ ਖਰੇ ਨਾ ਉਤਰਨਾ ਸਮੇਤ ਦਰਜਨਾਂ ਉਦਾਹਰਣਾ ਹਨ ਜੋ ਕੈਪਟਨ ਨੂੰ ਵੱਡਾ ਡਰਾਮੇਬਾਜ਼ ਦਰਸਾਉਂਦੀਆਂ ਹਨ।

## ਖਾਲਸਾ ਰਾਜ ਦਾ ਬਾਨੀ...

ਕਪੂਰੀ ਕਸਬੇ ਤੇ ਕਬਜਾ ਕਰ ਲਿਆ ਤੇ ਕਦੂਮੁਦੀਨ ਨੂੰ ਭਿਆਨਕ ਸਜਾ ਦਿੱਤੀ। ਦੇਵਬੰਧ ਦੇ ਫੌਜਦਾਰ ਜੋ ਸਿਖਾਂ ਦੇ ਖਿਲਾਫ਼ ਲੁਟ ਮਾਰ ਕਰਨ ਲਈ ਫੌਜੀ ਦਸਤੇ ਭੇਜਿਆ ਕਰਦਾ ਸੀ ਉਸ ਨੂੰ ਵੀ ਸਖਤ ਸਜਾ ਦਿੱਤੀ। ਬੰਦਾ ਸਿੰਘ ਬਹਾਦਰ ਦੇ ਆਉਣ ਨਾਲ ਪਹਿਲੀ ਵਾਰੀ ਪੰਜਾਬ ਦੀ ਸਿਆਸਤ ਵਿਚ ਜਬਰਦਸਤ ਧਮਾਕਾ ਹੋਇਆ। ਬਾਬਾ ਬੰਦਾ ਸਿੰਘ ਸਢੌਰੇ ਵਲ ਨੂੰ ਤੁਰ ਪਏ। ਇਥੋਂ ਦਾ ਹਾਕਮ ਓਸਮਾਨ ਖਾਨ ਨੇ ਗੁਰੂ ਗੋਬਿੰਦ ਸਿੰਘ ਦੇ ਪਿਆਰੇ ਮਿੱਤਰ ਪੀਰ ਬੁਧੂ ਸ਼ਾਹ ਨੂੰ ਬੜੇ ਤਸੀਹੇ ਦੇਕੇ ਕਤਲ ਕੀਤਾ ਸੀ। ਓਸਮਾਨ ਖਾਨ ਨੂੰ ਉਸਦੀ ਕਰਨੀ ਦੀ ਬੜੀ ਭਿਆਨਕ ਸਜਾ ਦਿਤੀ, ਮੁਖਲਿਸ ਗੜ ਦਾ ਕਿਲਾ ਫ਼ਤਿਹ ਕਰ ਲਿਆ, ਜਿਸਦਾ ਨਾਂ ਲੋਹਗੜ ਰਖਿਆ।

ਉਸ ਤੋਂ ਉਪਰੰਤ ਅੰਬਾਲਾ -ਛਤ-ਬਨੂੜ ਜੋ ਜੁਲਮ ਤੇ ਜਬਰ ਦੇ ਗੜ ਸੀ, ਤੇ ਕਬਜਾ ਕੀਤਾ। ਇਸ ਤੋ ਬਾਅਦ ਓਹ ਖਰੜ ਵਲ ਨੂੰ ਹੋ ਤੁਰੇ। ਬਾਬਾ ਬੰਦਾ ਸਿੰਘ ਦੇ ਆਉਣ ਦਾ ਸੁਣ ਕੇ ਸਿਖਾਂ ਦੇ ਹੌਂਸਲੇ ਬੁਲੰਦ ਹੋ ਚੁਕੇ ਸਨ, ਮਾਝੇ ਤੇ ਦੁਆਬੇ ਦੇ ਸਿਖਾਂ ਨੇ ਮੁਗਲ ਹਕੂਮਤ ਵਿਰੁਧ ਬਗਾਵਤ ਕਰ ਦਿਤੀ ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ, ਸਰਹੰਦ ਵਲ ਕੂਚ ਕਰ ਦਿੱਤਾ। ਰੋਪੜ ਦੇ ਸਥਾਨ ਤੇ ਇਨਾ ਸਿੰਘਾਂ ਨਾਲ ਸ਼ਾਹੀ ਫੌਜ ਦੀ ਪਹਿਲੀ ਲੜਾਈ ਹੋਈ। ਵਜ਼ੀਰ ਖਾਨ ਦੇ ਹੁਕਮ ਉਤੇ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਨ ਨੇ ਆਪਣੇ ਭਰਾ (ਖਿਜਰ ਖਾਨ) ਤੇ ਭਤੀਜਿਆਂ (ਨੁਸਰਤ ਖਾਨ ਤੇ ਵਲੀ ਮੁਹੰਮਦ ਖਾਨ) ਸਮੇਤ ਸਿਖਾਂ ਉਤੇ ਜੋਰਦਾਰ ਹਮਲਾ ਕਰ ਦਿਤਾ। ਸਿਖਾਂ ਦੀ ਮਲੇਰਕੋਟਲਾ ਦੇ ਪਠਾਣਾ ਨਾਲ ਤਕੜੀ ਝੜਪ ਹੋਈ। ਦੋ ਦਿਨ ਖੂਨ ਡੋਲਵੀ ਲੜਾਈ ਵਿਚ ਖਿਜਰ ਖਾਨ, ਨੁਸਰਤ ਖਾਨ ਤੇ ਵਲੀ ਮੁਹੰਮਦ ਖਾਨ ਮਾਰੇ ਗਏ ਤੇ ਸ਼ੇਰ ਮੁਹੰਮਦ ਸਖਤ ਜਖਮੀ ਹੋ ਗਿਆ। ਸਿੰਘ ਇਹ ਲੜਾਈ ਜਿਤ ਕੇ ਬੰਦਾ ਸਿੰਘ ਬਹਾਦਰ ਨਾਲ ਆਣ ਮਿਲੇ। ਦੁਸ਼ਮਨ ਦੀਆਂ ਅਨਗਿਣਤ ਤੋਪਾਂ ਨੂੰ ਦੇਖ ਕੇ ਵੀ ਡੋਲਿਆ ਨਹੀਂ। ਏਨੀ ਵਡੀ ਫੌਜ਼ ਦੇਖ ਕੇ ਘਬਰਾਇਆ ਨਹੀਂ ਕਈ ਤਨਖਾਹਦਾਰ, ਲੁਟੇਰੇ ਤੇ ਸੁਚਾ ਨੰਦ ਦੇ ਭਤੀਜੇ ਜਿਸ ਕੋਲ 1000 ਸਿਪਾਹੀ ਸੀ ਮੈਦਾਨ ਛਡ ਕੇ ਦੌੜ ਗਏ ਪਰ ਬੰਦਾ ਸਿੰਘ ਬਹਾਦਰ ਨੇ ਦਿਲ ਨਹੀਂ ਛਡਿਆ ਤੇ ਐਸੀ ਦਲੇਰੀ ਨਾਲ ਖੁਦ ਮੈਦਾਨ-ਏ-ਜੰਗ ਵਿਚ ਦੁਸ਼ਮਨ ਦਾ ਟਾਕਰਾ ਕੀਤਾ ਕਿ ਇਤਿਹਾਸ ਦਾ ਰੁਖ ਬਦਲ ਕੇ ਰਖ ਦਿੱਤਾ। ਬਨੂੜ ਦੀ ਧਰਤੀ ਤੇ ਸਾਰਾ ਪੰਥ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਇਕੱਠਾ ਹੋ ਗਿਆ। ਜਦੋਂ ਬਾਬਾ ਬੰਦਾ ਸਿੰਘ ਨੇ ਸਮਾਣਾ ਇਲਾਕਾ ਜਿੱਤਿਆ ਤਾਂ ਮੁਗਲ ਪ੍ਰਸ਼ਾਸ਼ਣ ਥਰ-ਥਰ ਕੰਬਣ ਲਗੇ। ਗੁਰੂ ਦੇ ਬੰਦੇ ਦਾ ਕਿਰਦਾਰ ਤੇ ਇਹ ਸਾਰੀਆਂ ਜਿਤਾਂ ਆਉਣ ਵਾਲੀ ਸਰਹੰਦ ਦੀ ਵੱਡੀ ਮੁਹਿੰਮ ਦਾ ਆਧਾਰ ਬਣੀਆਂ। ਜਿਤਾਂ ਦੇ ਇਸ ਲੰਬੇ ਸਿਲਸਿਲੇ ਨੂੰ ਸੁਣ ਕੇ ਸਰਹੰਦ ਦਾ ਸੂਬੇਦਾਰ ਵਜੀਰ ਖਾਨ ਨੂੰ ਵੀ ਇਕ ਵਾਰ ਕਾਂਬਾ ਛਿੜ ਗਿਆ ਹਾਲਾਂਕਿ ਓਹ ਕੁਸ਼ਲ ਪ੍ਰਬੰਧਕ ਸੀ। ਉਸ ਕੋਲ 48 ਤੋਪਾਂ 200 ਹਾਥੀ ਤੇ 10000 ਘੋੜ ਸਵਾਰ, 5000 ਪਿਆਦਾ ਫੌਜ਼, ਅਨਗਿਣਤ ਬੰਦੂਕਾਂ, ਦਾਰੂ ਸਿਕਾ ਤੇ ਰਸਦ ਦੇ ਭੰਡਾਰ ਇਕਠੇ ਕੀਤੇ ਹੋਏ ਸੀ। ਰਾਜੇ ਰਜਵਾੜਿਆਂ ਨੂੰ ਵੀ ਬੁਲਾ ਲਿਆ, ਜੇਹਾਦ ਦਾ ਨਾਹਰਾ ਲਗਾਕੇ ਨਵਾਬਾਂ ਤੇ ਜਗੀਰਦਾਰਾਂ ਦੀਆਂ ਫੌਜਾ ਵੀ ਇਕਠੀਆਂ ਕਰ ਲਈਆਂ। 20000 ਉਸਦੀ ਆਪਣੀ ਫੌਜ਼ ਸੀ।

ਸਰਹੰਦ ਕੂਚ ਕਰਨ ਤੋ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਖਾਲਸਈ ਫੌਜਾਂ ਨਾਲ ਇਕ ਹੋਰ ਸ਼ਕਤੀਸ਼ਾਲੀ ਸਿੰਘਾਂ ਦਾ ਜਥਾ ਬਾਬਾ ਬੀਰ ਸਿੰਘ ਰੰਘਰੇਟਾ ਦੀ ਅਗਵਾਈ ਵਿਚ ਬਨੂੜ ਦੇ ਨੇੜੇ ਆ ਰਲਿਆ ਜਿਸ ਨਾਲ ਖਾਲਸਾਈ ਫੌਜ਼ ਦੀ ਤਾਕਤ ਵਿਚ ਵਾਧਾ ਹੋਇਆ। ਬੰਦਾ ਸਿੰਘ ਬਹਾਦਰ ਕੋਲ ਸਿਰਫ 6 ਤੋਪਾਂ, 5000 ਧਾੜਵੀ 1000 ਘੋੜ ਸਵਾਰ ਤੇ ਕੁਝ ਮਰਜੀਵੜੇ ਸਿਖ ਜੋ ਜਾਨ ਤਲੀ ਤੇ ਰਖ ਕੇ ਲੜਨਾ ਮਰਨਾ ਜਾਣਦੇ ਸਨ। ਚਪੜ- ਚਿੜੀ ਦੇ ਮੈਦਾਨ ਵਿਚ ਦੋਨਾ ਦੀਆਂ ਫੌਜਾਂ ਆ ਡਟੀਆਂ। ਬੰਦਾ ਸਿੰਘ ਬਹਾਦਰ ਨੇ ਆਪਣੀ ਫੌਜ਼ ਨੂੰ ਦੋ ਹਿਸਿਆਂ ਵਿਚ ਵੰਡ ਦਿਤਾ, ਇਕ ਜਥਾ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਤੇ ਦੂਸਰੇ ਜਥੇ ਦਾ ਆਗੂ ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ।

12 ਮਈ 1710 ਵਿਚ ਚਪੜ ਚਿੜੀ ਦੇ ਮੈਦਾਨ ਵਿਚ ਜੋ ਪਹਿਲਾਂ ਚਪੜ ਚਿੜੀ ਦੇ ਨਾਂ ਨਾਲ ਮਸ਼ਹੂਰ ਸੀ, ਸਰਹੰਦ ਤੋ ਕੋਈ 10 ਕੋਹ ਦੀ ਦੂਰੀ ਤੇ ਭਾਰੀ ਯੁਧ ਹੋਇਆ। । ਲੜਾਈ ਸ਼ੁਰੂ ਹੋਣ ਤੋ ਪਹਿਲੋ ਵਜ਼ੀਰ ਖਾਨ ਇਕ ਚਾਲ ਚਲੀ ਉਸ ਨੇ ਸੁਚਾ ਨੰਦ ਦੇ ਭਤੀਜੇ ਗੰਡਾ ਮਲ ਨੂੰ 1000 ਫੌਜ ਦੇ ਕੇ ਬੰਦਾ ਸਿੰਘ ਬਹਾਦਰ ਕੋਲ ਭੇਜਿਆ ਜਿਸ ਨੇ ਆ ਕੇ ਕਿਹਾ ਕਿ ਮੈਂ ਆਪਣੇ ਚਾਚਾ ਦੀ ਕਰਨੀ ’ਤੇ ਬੇਹਦ ਸ਼ਰਮਿੰਦਾ ਹਾਂ, ਮੈ ਤੁਹਾਡੀ ਫੌਜ ਵਿਚ ਭਰਤੀ ਹੋਕੇ ਉਨਾਂ ਦੀ ਇਸ ਭੁਲ ਦਾ ਪਸ਼ਚਾਤਾਪ ਕਰਨਾ ਚਾਹੁੰਦਾ ਹਾਂ। ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਫੌਜ ਵਿਚ ਭਰਤੀ ਤਾਂ ਕਰ ਲਿਆ ਪਰ ਬਾਜ ਸਿੰਘ ਨੂੰ ਕਹਿ ਦਿੱਤਾ ਇਸ ’ਤੇ ਨਜਰ ਰਖੀ ਜਾਏ। ਲੜਾਈ ਸ਼ੁਰੂ ਹੋਣ ਤੇ ਉਸ ਨੇ ਬਾਬਾ ਬੰਦਾ ਸਿੰਘ ਦੇ ਫੌਜੀ ਮਰਵਾਣੇ ਸ਼ੁਰੂ ਕਰ ਦਿਤੇ। ਬਾਜ ਸਿੰਘ ਨੇ ਇਕੋ ਝਟਕੇ ਨਾਲ ਉਸਦੀ ਗਰਦਨ ਉਤਾਰ ਦਿਤੀ ਤੇ ਬਾਕੀ ਧਾੜਵੀ ਉਸਦੇ ਸਾਥੀ ਸਭ ਖਿਸਕ ਗਏ।

ਲੜਾਈ ਸ਼ੁਰੂ ਹੋਈ। ਸਿਖਾਂ ਕੋਲ ਤੋਪਾਂ ਦੀ ਘਾਟ ਸੀ ਨਹੀ। ਸਭ ਤੋ ਪਹਿਲਾਂ ਬਾਬਾ ਬੰਦਾ ਸਿੰਘ ਦੀ ਹਦਾਇਤ ਅਨੁਸਾਰ ਸਿੱਖ ਦੁਸ਼ਮਣ ਦੀਆਂ ਤੋਪਾਂ ’ਤੇ ਟੁਟ ਪਏ ਤੇ ਸਾਰੀਆਂ ਤੋਪਾਂ ਖੋਹ ਲਈਆਂ। ਵਜੀਰ ਖਾਨ ਨੇ ਸਿਖਾਂ ’ਤੇ ਕਾਬੂ ਪਾਣ ਲਈ ਆਪਣਾ ਹਾਥੀ ਅਗਲੀ ਪਾਲ ਵਿਚ ਲਿਆ ਕੇ ਗਾਜ਼ੀਆਂ ਨੂੰ ਹਲਾ ਸ਼ੇਰੀ ਦੇਣ ਲਗਾ। ਬਾਬਾ ਬੰਦਾ ਇਕ ਉਚੀ ਟਿਬੀ ਤੇ ਬੈਠ ਕੇ ਦੋਨੋ ਫੌਜਾਂ ਦਾ ਜਾਇਜਾ ਲੈ ਰਿਹਾ ਸੀ। ਇਕ ਦਮ ਉਠਿਆ ਤੇ ਮੁਹਰਲੀ ਕਤਾਰ ਵਿਚ ਆਕੇ ਵੈਰੀਆਂ ਤੇ ਬਿਜਲੀ ਵਾਂਗ ਟੁਟ ਪਿਆ। ਸਿਖਾਂ ਦੇ ਹੌਸਲੇ ਵਧ ਗਏ ਤੇ ਜੋਸ਼ ਚਰਮ ਸੀਮਾ ਤੱਕ ਪਹੁੰਚ ਗਏ। ਵਜ਼ੀਰ ਖਾਨ ਬਾਜ ਸਿੰਘ ਤੇ ਫਤਿਹ ਸਿੰਘ ਵਿਚ ਘਿਰ ਗਿਆ। ਫਤਿਹ ਸਿੰਘ ਨੇ ਫੁਰਤੀ ਨਾਲ ਤਲਵਾਰ ਚਲਾਈ ਤੇ ਉਸਦੀ ਬਾਹ ਕਟ ਦਿੱਤੀ ਓਹ ਧਰਤੀ ਤੇ ਡਿਗ ਪਿਆ। ਵਜ਼ੀਰ ਖਾਨ ਨੂੰ ਜਿੰਦਾ ਹੀ ਦਬੋਚ ਲਿਆ ਸ਼ਾਹੀ ਫੌਜ਼ ਵਿਚ ਹਫੜਾ ਦਫੜੀ ਮਚ ਗਈ, f ਸਭ ਨਸ ਗਏ । ਸਰਹੰਦ ਫਤਹਿ ਹੋਣ ਦੇ ਜੈਕਾਰੇ ਛਡੇ ਗਏ। ਨਗਾਰਾ ਵਜਿਆ। 14 ਮਈ 1710 ਸਿਖਾਂ ਨੇ ਸਰਹੰਦ ਵਿਚ ਪ੍ਰਵੇਸ਼ ਕੀਤਾ। ਵਜ਼ੀਰ ਖਾਨ ਨੂੰ ਘੋੜੇ ਪਿਛੇ ਬੰਨ ਕੇ ਸਾਰੇ ਸ਼ਹਿਰ ਵਿਚ ਘਸੀਟਿਆ ਗਿਆ। ਉਸ ਦੀ ਲਾਸ਼ ਦਰਖਤਾਂ ’ਤੇ ਲਟਕਾ ਦਿੱਤੀ। ਸੁਚਾ ਨੰਦ ਦੀ ਹਵੇਲੀ ਮਲਬੇ ਦਾ ਢੇਰ ਕਰ ਦਿਤੀ। ਸੁਚਾ ਨੰਦ ਦੇ ਨੱਕ ਵਿਚ ਨਕੇਲ ਪਾਕੇ ਘਸੀਟਿਆ ਤੇ ਸਰਹੰਦ ਦੇ ਚੁਰਾਹੇ ਵਿਚ ਕਤਲ ਕਰ ਦਿੱਤਾ। ਵਜ਼ੀਰ ਖਾਨ ਦਾ ਵੱਡਾ ਪੁੱਤਰ ਡਰ ਕੇ ਦਿਲੀ ਭਜ ਗਿਆ। 17 ਮਈ 1710 ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਵਾਲੇ ਦਿਨ ਖਾਲਸਾ ਫੌਜ਼ ਤੇ ਇਲਾਕੇ ਦੀਆਂ ਸੰਗਤਾ ਨੇ ਇਕ ਵੱਡੇ ਇਕੱਠ ਵਿਚ ਸਰਹੰਦ ਫਤਹਿ ਲਈ ਅਕਾਲ ਪੁਰਖ ਦਾ ਧੰਨਵਾਦ ਕੀਤਾ ਤੇ ਸਰਬ ਸਾਂਝੇ ਸਿਖ ਰਾਜ ਦਾ ਐਲਾਨ ਕੀਤਾ ਤੇ ਸਿਖ ਰਾਜ ਦਾ ਝੰਡਾ ਉਥੇ ਲਹਿਰਾਇਆ। ਬੰਦਾ ਸਿੰਘ ਬਹਾਦਰ ਨੇ ਕੌਮੀ ਨੇਤਾ ਦੀ ਜ਼ਿੰਮੇਵਾਰੀ ਸੰਭਾਲੀ। ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਤੇ ਆਲੀ ਸਿੰਘ ਨੂੰ ਉਸ ਦਾ ਵਜ਼ੀਰ ਥਾਪਿਆ। 28 ਪਰਗਨੇ ਦੇ ਮੁਖੀ, ਕਾਬਿਲ ਸਿਖ ਤੇ ਹਿੰਦੂ ਲਗਾਏ ਗਏ। ਬਾਬਾ ਬੰਦਾ ਸਿੰਘ ਦੁਨੀਆਂ ਦਾ ਪਹਿਲਾ ਹੁਕਮਰਾਨ ਸੀ, ਜਿਸ ਨੇ ਆਪਣੀਆਂ ਜਿੱਤਾਂ ਦਾ ਮਾਣ ਆਪਣੇ ਆਪ ਨੂੰ ਨਾ ਦੇ ਕੇ ਉਸ ਅਕਾਲ ਪੁਰਖ,ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦਿੱਤਾ। ਖਾਲਸਾ ਰਾਜ ਵਿਚ ਇਕ ਵੱਖਰਾ ਸਿੱਕਾ ਚਲਾਇਆ, ਜਿਸਦੀ ਕੀਮਤ ਮੁਗਲਾਂ ਦੇ ਸਿਕੇ ਤੋਂ ਵਧ ਰਖੀ। ਸਿਕੇ ਉੱਤੇ ਫ਼ਾਰਸੀ ਵਿਚ ਖੁਦਵਾਇਆ

**ਸਿਕਾ ਜਦ ਬਰ ਹਰ ਦੋ ਆਲਮ,**
**ਤੇਗੇ ਨਾਨਕ ਵਹਿਬ ਅਸਤ**
**ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਹਾਨ,**
**ਵਜ਼ਲਿ ਸਚਾ ਸਾਹਿਬ ਅਸਤ**

ਥੋੜੇ ਹੀ ਦਿਨਾ ਵਿਚ ਸਢੌਰੇ ਤੋ ਰਾਇਕੋਟ, ਮਾਛੀਵਾੜਾ ਲੁਧਿਆਣਾ ਤੋ ਕਰਨਾਲ, ਸੋਨੀਪਤ ਤਕ ਦੇ ਸਾਰੇ ਇਲਾਕੇ ਬੰਦਾ ਸਿੰਘ ਬਹਾਦਰ ਦੇ ਅਧੀਨ ਹੋ ਗਏ। ਫਿਰ ਪਛਮ ਵਲ ਵਧੇ, ਜਲਾਲਾਬਾਦ- ਜਲੰਧਰ, ਰਿਆੜਕੀ ਆਦਿ ਸ਼ਹਿਰਾਂ ਨੂੰ ਫਤਹਿ ਕਰਦੇ ਹੋਏ ਲਾਹੌਰ ਤੱਕ ਜਾ ਪਹੁੰਚੇ। ਬੰਦਾ ਸਿੰਘ ਬਹਾਦਰ ਦੀਆਂ ਜਿਤਾਂ ਤੇ ਉਸਦੀ ਆਪਣੀ ਸ਼ਖਸੀਅਤ ਦਾ ਪ੍ਰਭਾਵ ਇਤਨਾ ਪਿਆ ਕਿ ਬਹੁਤ ਸਾਰੇ ਮੁਸਲਮਾਨ ਸਿਖ ਬਣ ਗਏ ਤੇ ਉਸਦੀ ਫੌਜ ਵਿਚ ਭਰਤੀ ਹੋ ਗਏ ਉਨਾ ਦੀ ਫੌਜ ਵਿਚ 5000 ਤੋਂ ਵਧ ਮੁਸਲਮਾਨ ਸਨ ਜੋ ਮੁਗਲ ਹਕੂਮਤ ਦੇ ਵਿਰੁਧ ਜੰਗ ਵਿਚ ਉਸਦੇ ਹਿਸੇਦਾਰ ਬਣ ਗਏ। 10 ਦਸੰਬਰ 1710 ਵਿਚ ਬਹਾਦਰ ਸ਼ਾਹ ਨੇ ਇਕ ਹੁਕਮ ਜਾਰੀ ਕੀਤਾ ਸੀ ਕਿ ਜਿਥੇ ਵੀ ਕੋਈ ਸਿੱਖ ਮਿਲੇ ਉਸ ਨੂੰ ਕਤਲ ਕਰ ਦਿੱਤਾ ਜਾਏ। ਬੰਦਾ ਸਿੰਘ ਦੀ ਇਸ ਕਦਰ ਵਧਦੀ ਤਾਕਤ ਨੂੰ ਦੇਖ ਕੇ ਸਮਸ ਖਾਨ ਨੇ ਘਬਰਾ ਕੇ ਬਹਾਦੁਰ ਸ਼ਾਹ ਨੂੰ ਚਿਠੀ ਲਿਖੀ ਕਿ ਜੇਕਰ ਸਿਖਾਂ ਨੂੰ ਵਕਤ ਸਿਰ ਨਾ ਕੁਚਲਿਆ ਗਿਆ ਤਾਂ ਉਨਾ ਨੂੰ ਦਬਾਉਣਾ ਔਖਾ ਹੋ ਜਾਏਗਾ। ਇਸ ਵਕਤ ਸਿਖ ਅਮਲੀ ਤੌਰ ’ਤੇ ਦੋਆਬਾ, ਮਾਝਾ ਤੇ ਸਰਹੰਦ ਤੇ ਕਾਬਜ਼ ਸਨ। ਗੰਗਾ-ਜਮੁਨਾ ਦੇ ਮੈਦਾਨੀ ਇਲਾਕੇ ਵਿਚ ਉਨਾ ਦਾ ਦਬਦਬਾ ਸੀ। ਬਹਾਦਰ ਸ਼ਾਹ ਨੇ ਵਕਤ ਦੀ ਨਜ਼ਾਕਤ ਨੂੰ ਸਮਝ ਕੇ ਆਪਣਾ ਰੁਖ ਰਾਜਪੂਤਾ ਤੋਂ ਹਟਾ ਕੇ ਪੰਜਾਬ ਨੂੰ ਕਰ ਲਿਆ। ਸਰ ਜੋਹਨ ਮੇਲਕੋਮ ਲਿਖਦੇ ਹਨ ਕੀ ਜੇਕਰ ਇਸ ਵਕਤ ਬਹਾਦਰ ਸ਼ਾਹ ਦਖਣ ਛਡ ਕੇ ਪੰਜਾਬ ਵਲ ਮੂੰਹ ਨਾ ਕਰਦਾ ਤਾਂ ਸਾਰਾ ਹਿੰਦੁਸਤਾਨ ਸਿਖਾਂ ਦੇ ਕਬਜ਼ੇ ਹੇਠ ਹੁੰਦਾ।”

ਬਹਾਦਰ ਸ਼ਾਹ ਜਦ ਦੱਖਣ ਤੋ ਵਾਪਿਸ ਆਇਆ ਤਾਂ ਦਿੱਲੀ ਦੇ ਗਵਰਨਰ ਨਾਲ ਫੌਜਾ ਚੜਾ ਕੇ ਤ੍ਰਾਵੜੀ, ਥਨੇਸਰ ਸ਼ਾਹਬਾਦ ਤੇ ਸਰਹੰਦ ਵਾਪਸ ਲੈ ਲਏ। ਬੰਦਾ ਸਿੰਘ ਨੇ ਉਸ ਨੂੰ ਅਗੋਂ ਘੇਰਿਆ। ਸ਼ਾਹਬਾਦ ਵਿਚ ਸ਼ਾਹੀ ਫੌਜਾ ਨਾਲ ਖੂਨ ਡੋਲਵੀ ਲੜਾਈ ਹੋਈ। ਸ਼ਾਹੀ ਫੌਜ਼ ਮੂੰਹ ਦੀ ਖਾਣੀ ਪਈ। ਇਹ ਸਾਰੇ ਇਲਾਕੇ ਮੁੜ ਬੰਦਾ ਸਿੰਘ ਬਹਾਦਰ ਕੋਲ ਆ ਗਏ। ਸ਼ਾਹਬਾਦ ਦੇ ਕਿਲੇ ਦਾ ਨਾ ਮਸਤਗੜ ਰਖਿਆ ਗਿਆ। ਬਹਾਦਰ ਸ਼ਾਹ ਨੇ ਦਿਲੀ ਤੇ ਅਵਧ ਦੇ ਗਵਰਨਰਾਂ, ਮੁਰਾਦਾਬਾਦ ਤੇ ਅਲਾਹਾਬਾਦ ਦੇ ਫੌਜਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਆਪਣੀਆਂ ਫੌਜਾਂ ਨਾਲ ਲੈ ਕੇ ਆਉਣ। ਮੁਲਤਾਨ ਕੁਲੀ ਖਾਨ ਤੇ ਸਾਦਰ ਖਾਨ ਤੇ ਹੋਰ ਕਈ ਸਰਦਾਰ ਆਪਣੇ ਨਾਲ ਰਲਾ ਲਏ। ਮਗਰੋਂ ਮੁਹੰਮਦ ਅਮੀਨ ਖਾਨ ਤੇ ਕਮਰੂਦੀਨ ਵੀ ਆ ਰਲੇ। 22 ਅਗਸਤ 1710 ਸਯੀਦ ਵਜ਼ੀਰੂਦੀਨ ਹੋਰ ਸੈਨਾ ਦੇ ਨਾਲ ਨਾਲ ਸ਼ਾਹੀ ਫੌਜ਼ ਵੀ ਆ ਗਈ। ਹਜ਼ਾਰਾਂ ਦੀ ਗਿਣਤੀ ਵਿਚ ਫੌਜ ਇਕੱਠੀ ਕਰ ਲਈ। ਹਿੰਦੂ ਅਫਸਰਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੀਆ ਦਾੜੀਆਂ ਮੁਨਾ ਦੇਣ ਤਾਂ ਕਿ ਉਨਾਂ ਦੇ ਸਿਖ ਹੋਣ ਦਾ ਭੁਲੇਖਾ ਨਾ ਪਵੇ। ਤਰਾਵੜੀ ਦੇ ਨੇੜੇ ਅਮੀਨ ਗੜ ਦੇ ਜੰਗ-ਏ- ਮੈਦਾਨ ਵਿਚ ਖੂਨ ਡੋਲਵੀ ਲੜਾਈ ਹੋਈ। ਸਿਖ ਫੌਜ ਖਿੰਡੀ -ਪੁੰਡੀ ਹੋਈ ਸੀ ਤੇ ਵਕਤ ਸਿਰ ਇਕਠੀ ਨਾ ਹੋ ਸਕੀ ਤੇ ਹਾਰ ਗਈ। ਤਿੰਨ ਸੋ ਸਿਖਾਂ ਦੇ ਸਿਰ ਵਢ ਕੇ ਬਹਾਦਰ ਸ਼ਾਹ ਅਗੇ ਪੇਸ਼ ਕੀਤੇ ਗਏ। ਇਸ ਤੋਂ ਬਾਦ ਬੰਦਾ ਸਿੰਘ ਲੋਹਗੜ ਗਿਆ ਜਿਥੇ ਉਸ ਨੂੰ ਬਾਦਸ਼ਾਹ ਦੀ ਸਿਧੀ ਕਮਾਨ ਹੇਠਾਂ ਤਿੰਨ ਪਾਸਿਆਂ ਤੋਂ ਘੇਰ ਲਿਆ ਗਿਆ। ਵਿਓਂਤ ਬਣੀ ਕਿ ਸਵੇਰੇ ਬੰਦਾ ਸਿੰਘ ਬਹਾਦਰ ਨੂੰ ਉਸਦੇ ਸਾਥੀਆਂ ਸਮੇਤ ਪਕੜ ਲਿਆ ਜਾਵੇ। ਦਸੰਬਰ 11 ਨੂੰ ਹਮਲਾ ਕੀਤਾ ਜਾਣਾ ਸੀ। ਰਾਤ ਨੂੰ ਗੁਲਾਬ ਸਿੰਘ ਜੋ ਉਸਦੀ ਮਿਲਦੀ ਜੁਲਦੀ ਸ਼ਕਲ ਦਾ ਸੀ ਸ਼ਹਾਦਤ ਦੇਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਸਾਧਨਾਂ ਦੀ ਕਮੀ ਕਾਰਨ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਕਿਲੇ ਵਿਚੋਂ ਨਿਕਲ ਕੇ ਪਹਾੜਾਂ ਵਾਲੇ ਪਾਸੇ ਜਾ ਤੁਰਿਆ। ਪਰ ਗੁਲਾਬ ਸਿੰਘ ਜੋ ਬੰਦਾ ਸਿੰਘ ਬਹਾਦਰ ਵਾਂਗ ਹੀ ਕਪੜਿਆਂ ਵਿਚ ਸੀ ਸ਼ਾਹੀ ਫੌਜ਼ ਦੇ ਕਾਬੂ ਆ ਗਿਆ। ਬਹਾਦੁਰ ਸ਼ਾਹ ਨੇ ਸੋਚਿਆ ਕੀ ਉਨਾ ਨੇ ਬੰਦਾ ਸਿੰਘ ਬਹਾਦਰ ਨੂੰ ਫੜ ਲਿਆ ਹੈ, ਪਰ ਜਦੋਂ ਪਤਾ ਲੱਗਾ ਕਿ ਬੰਦਾ ਸਿੰਘ ਬਹਾਦਰ ਨਹੀਂ ਤਾਂ ਉਸ ਨੇ ਹੁਕਮ ਜਾਰੀ ਕੀਤੇ ਕਿ ਸਿੱਖਾਂ ਨੂੰ ਖਤਮ ਕਰ ਦਿੱਤਾ ਜਾਵੇ। 16 ਫਰਵਰੀ 1712 ਵਿਚ ਉਸਦੀ ਮੋਤ ਹੋ ਗਈ।

ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਫਰਖਸ਼ੀਅਰ ਦੀ ਅਗਵਾਈ ਵਿਚ ਮੁਗਲ ਫੌਜ਼ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਸਿਖ ਫੌਜੀਆਂ ਨੂੰ ਗੁਰਦਾਸ ਨੰਗਲ ਦੀ ਗੜੀ ਵਿਚ ਘੇਰ ਲਿਆ। ਇਥੇ ਬਾਬਾ ਬੰਦਾ ਸਿੰਘ ਤੇ ਬਾਬਾ ਵਿਨੋਦ ਸਿੰਘ ਦਾ ਮਤ -ਭੇਦ ਹੋ ਗਿਆ। ਬਾਬਾ ਵਿਨੋਦ ਸਿੰਘ ਬੰਦਾ ਸਿੰਘ ਬਹਾਦਰ ਨੂੰ ਛੱਡ ਕੇ ਕਿਲੇ ’ਚੋਂ ਬਾਹਰ ਨਿਕਲ ਗਿਆ। ਆਖਿਰ ਭੁੱਖੀਆਂ ਪਿਆਸੀਆਂ ਖਾਲਸਾ ਫੌਜਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ 1709-1716, ਸੱਤ ਸਾਲ ਦੀ ਅਗਵਾਈ ਨੇ ਸਾਊਥ ਏਸ਼ੀਆ ਦੀ ਸਭ ਤੋਂ ਵੱਡੇ ਮੁਗਲ ਸਮਰਾਜ ਦੀਆ ਨੀਹਾਂ ਖੋਖਲੀਆਂ ਕਰ ਦਿੱਤੀਆਂ। ਆਖਿਰ ਜ਼ੁਲਮ ਤੇ ਅਨਿਆਂ ਦੇ ਖਿਲਾਫ਼ ਜੂਝਦਿਆਂ ਜੂਝਦਿਆਂ ਜੂਨ 1716 ਵਿਚ ਆਪਣੇ 740 ਸਾਥੀਆਂ ਸਮੇਤ ਜਿਸ ਹੌਂਸਲੇ, ਚਾਅ,ਖੇੜੇ ਤੇ ਚੜਦੀ ਕਲਾ ਨਾਲ ਸ਼ਹਾਦਤ ਪਾਈ, ਓਹ ਵੀ ਦੁਨੀਆਂ ਦੀ ਇਕ ਵਿਲਖਣ ਸ਼ਹਾਦਤ ਦੀ ਮਿਸਾਲ ਹੈ।

## ਜੂਨ ’84 ਦਾ ਵੱਡਾ ਦੁਖਾਂਤ...

ਇਹ ਦੁਖਾਂਤ ਉਦੋਂ ਸਦੀਵੀ ਹੋ ਜਾਂਦੇ ਹਨ, ਜਦੋਂ ਸਾਡੀ ਗੁਰਦੁਆਰਾ ਸੰਸਥਾ, ਰਾਜਨੀਤੀ, ਆਰਥਿਕਤਾ, ਵਿੱਦਿਆ, ਸੱਭਿਆਚਾਰ, ਸਿੱਖ ਸ਼ਾਸਕੀ ਮਾਡਲ ਅਤੇ ਸਮੁੱਚੇ ਸਿੱਖ ਵਿਸ਼ਵ ਦ੍ਰਿਸਟੀਕੋਣ ਆਦਿ ਸੰਸਥਾਵਾਂ ਕਮਜ਼ੋਰ ਹੋ ਜਾਣ ਤੇ ਉਨਾਂ ਵਿਚ ਸੁਧਾਰ ਦੇ ਤੇ ਸੰਗਠਨ ਕਰਨ ਦੇ ਉਪਰਾਲੇ ਨਾ ਕੀਤੇ ਜਾਣ। ਸਿੱਖ ਪੰਥ ਦੇ ਭਵਿੱਖ ਲਈ ਪੰਜਾਬ ਅਤੇ ਵਿਸ਼ਵ ਭਰ ਵਿਚ ਵੱਸਦੇ ਫਿਕਰਮੰਦ ਸਿੱਖਾਂ ਦੀ ਇਹ ਮੁੱਢਲੀ ਚਿੰਤਾ ਹੈ ਕਿ ਗੁਰੂ ਨਾਨਕ ਪੰਥ ਨੂੰ ਵਿਸ਼ਵ ਪੱਧਰ ’ਤੇ ਸੰਗਠਿਤ ਕਿਵੇਂ ਕੀਤਾ ਜਾਵੇ। ਗੁਰੂ ਨਾਨਕ ਪੰਥ ਕੋਲ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਸਿੱਖ ਫਿਲਾਸਫ਼ੀ ਤੋਂ ਸੇਧ ਪ੍ਰਾਪਤ ਕਰਦੀ ਆਪਣੀ ਵਿਸ਼ਵ-ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਕੌਮੀ ਲੋੜਾਂ ਅਨੁਕੂਲ ਪੰਜਾਬ ਤੋਂ ਭਾਰਤ ਅਤੇ ਦੂਰ-ਦੁਰਾਡੇ ਦੇਸ਼ਾਂ ਵਿਚ ਸਿੱਖ ਧਰਮ ਦਾ ਸੁਨੇਹਾ ਦੇਣ ਵਾਲੇ ਗੁਰਦੁਆਰਿਆਂ, ਧਰਮ-ਕੇਂਦਰਾਂ ਅਤੇ ਧਾਰਮਿਕ ਸੰਸਥਾਵਾਂ ਕੋਲ ਸਪੱਸ਼ਟ ਏਜੰਡਾ ਅਤੇ ਸਦੀਵੀਂ ਪ੍ਰਚਾਰ ਨੀਤੀ ਹੋਣੀ ਜ਼ਰੂਰੀ ਹੈ। ਇਨਾਂ ਹੀ ਲੀਹਾਂ ਉੱਤੇ ਸਿੱਖ ਪੰਥ ਦਾ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਦਾ ਨੀਤੀਤੰਤਰ ਉਸਾਰਨਾ ਜ਼ਰੂਰੀ ਹੈ। ਸਿੱਖ ਪੰਥ ਦੀ ਰਾਜਨੀਤਿਕ-ਸੱਤਾ ਨੀਤੀ, ਆਰਥਿਕ ਨੀਤੀ, ਵਿਦਿਅਕ-ਬੌਧਿਕ ਨੀਤੀ, ਸੱਭਿਆਚਾਰਕ ਨੀਤੀ, ਵਿਦੇਸ਼ ਨੀਤੀ, ਖੇਡ ਨੀਤੀ, ਮੀਡੀਆ ਨੀਤੀ, ਸਿੱਖ ਨੌਜਵਾਨੀ ਨੂੰ ਸੰਭਾਲਣ ਅਤੇ ਉਨਾਂ ਦੀ ਜੀਵਨ ਸੁਰੱਖਿਆ ਯਕੀਨੀ ਬਣਾਉਂਦਿਆਂ ਉਨਾਂ ਦੇ ਸਿਰਜਣਾਤਮਿਕ ਕਾਰਜਾਂ ਵਿਚ ਯੋਗਦਾਨ ਸਬੰਧੀ ਨੀਤੀ ਤਿਆਰ ਕਰਨਾ ਸਮੇਂ ਦੀ ਮੰਗ ਹੈ। ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਬਣ ਚੁੱਕੇ ਗੁਰਦੁਆਰੇ ਮਹਿਜ਼ ਇਮਾਰਤਾਂ ਹੀ ਬਣ ਕੇ ਰਹਿ ਗਏ ਹਨ ਜਦ ਕਿ ਇਹ ਸਿੱਖੀ ਦਾ ਸਕੂਲ ਹੋਣੇ ਚਾਹੀਦੇ ਹਨ। ਜਿੰਨਾ ਚਿਰ ਤੱਕ ਅਸੀਂ ਸਿੱਖ ਸਭਿਆਚਾਰ ਉਸਾਰਨ ਵਲ ਧਿਆਨ ਨਹੀਂ ਦੇਵਾਂਗੇ ਤੇ ਹਲੇਮੀ ਰਾਜ ਤਹਿਤ ਆਪਣੀ ਪ੍ਰਭੂ ਸੱਤਾ ਨਹੀਂ ਉਸਾਰੇਗਾ, ਓਨਾ ਚਿਰ ਤੱਕ ਸਿੱਖ ਘੱਲੂਘਾਰੇ ਦੇ ਦੁਖਾਂਤ ਸਾਡੇ ਜ਼ਖ਼ਮ ਬਣਦੇ ਰਹਿਣਗੇ। ਹੋ ਸਕਦਾ ਹੈ ਕਿ ਹੌਲੀ ਹੌਲੀ ਅਸੀਂ ਕਮਜ਼ੋਰ ਹੁੰਦੇ ਇਨਾਂ ਨੂੰ ਭੁੱਲ ਵੀ ਜਾਈਏ, ਪਰ ਜਦੋਂ ਅਸੀਂ ਆਪਣੇ ਗਿਆਨ ਸਿਲੇਬਸਾਂ ਨਾਲ ਲੈਸ ਹੋਵਾਂਗੇ ਤਾਂ ਹੀ ਸਾਡਾ ਭਵਿੱਖ ਉਜਵਲ ਹੋ ਸਕੇਗਾ। ਗੁਰੂ ਗ੍ਰੰਥ ਸਾਹਿਬ ਵਿਚਲਾ ਹਲੇਮੀ ਰਾਜ ਇਹੋ ਹੀ ਉਹ ਮਾਡਲ ਹੈ ਜਿਸ ਦੀ ਪੂੰਜੀਵਾਦ, ਸਮਾਜਵਾਦ, ਸਾਮਵਾਦ, ਇਸਲਾਮਿਕ ਸ਼ਰੀਅਤ ਅਤੇ ਹਿੰਦੂਤਵ ਤੋਂ ਬਦਲਵੀਂ ਸ਼ਾਸਕੀ ਵਿਵਸਥਾ ਦੀ ਅੱਜ ਵਿਸ਼ਵ ਮਾਨਵ ਸੱਭਿਅਤਾ ਨੂੰ ਲੋੜ ਹੈ। ਇਸ ਸੰਬੰਧ ਵਿਚ ਡੂੰਘੀ ਵਿਆਖਿਆ ਕਰਨ ਦੇ ਨਾਲ ਸੰਗਤੀ ਪੱਧਰ ’ਤੇ ਅਭਿਆਸ ਜਾਰੀ ਰੱਖਣ ਦੀ ਲੋੜ ਹੈ। ਪੰਜਾਬ, ਭਾਰਤ ਅਤੇ ਵਿਸ਼ਵ ਵਿਚ ਵੱਸਦਾ ਸਿੱਖ ਭਾਈਚਾਰਾ ਅਤੇ ਗੁਰੂ ਨਾਨਕ ਨਾਮ ਲੇਵਾ ਵਰਗਾਂ ਨੂੰ ਕਿਵੇਂ ਸ਼ਕਤੀਸ਼ਾਲੀ ਬਣਾਇਆ ਜਾਵੇ ਅਤੇ ਪੰਜਾਬੀ ਭਾਈਚਾਰੇ ਨੂੰ ਇਕਮੁੱਠ ਕਰਕੇ ਕਿਵੇਂ ਸਿਆਸੀ ਸ਼ਕਤੀ ਉਸਾਰੀ ਜਾਵੇ, ਇਹੀ ਫਿਰਕਾਪ੍ਰਸਤੀ ਤੇ ਹਿੰਦੂ ਰਾਸ਼ਟਰਵਾਦ ਦੀ ਨੀਤੀ ਦਾ ਬਦਲ ਹੈ।

## ਰਾਸ਼ਟਰਪਤੀ ਟਰੰਪ ਵੱਲੋਂ...

ਲੋਕਾਂਦਾ ਕਹਿਣਾ ਹੈ ਕਿ ਉਹ ਜੇਲ ਜਾਣ ਲਈ ਤਿਆਰ ਹਨ, ਉਨਾਂ ਨੂੰ ਜਿਥੇ ਮਰਜੀ ਲੈ ਜਾਵੋ ਪਰ ਉਹ ਆਪਣੀਆਂ ਹੱਕੀ ਮੰਗਾਂ ਮੰਨੇ ਜਾਣ ਤੱਕ ਪ੍ਰਦਰਸ਼ਨ ਕਰਦੇ ਰਹਿਣਗੇ। ਡਾਊਨ ਟਾਊਨ ਮੈਨਹਟਨ ਵਿਚ ਦੁਕਾਨਾਂ ਦੀ ਲੁੱਟਮਾਰ ਕੀਤੀ ਗਈ। ਲੁਟੇਰੇ ਦੁਕਾਨਾਂ ਤੇ ਸਟੋਰਾਂ ਦੇ ਸ਼ੀਸ਼ੇ ਤੋੜਕੇ ਅੰਦਰ ਜਾ ਵੜੇ ਤੇ ਉਥੋਂ ਸਮਾਨ ਲੁੱਟਕੇ ਲੈ ਗਏ। ਕਈ ਥਾਵਾਂ ‘ਤੇ ਦੁਕਾਨਾਂ ਦੇ ਮਾਲਕਾਂ ਨੇ ਆਪਣੀਆਂ ਦੁਕਾਨਾਂ ਲੁੱਟੇ ਜਾਣ ਤੋਂ ਬਚਾਉਣ ਦਾ ਯਤਨ ਵੀ ਕੀਤਾ ਪਰ ਉਹ ਨਾਕਾਮ ਰਹੇ। ਡਾਊਨ ਟਾਊਨ ਐਟਲਾਂਟਾ, ਜਾਰਜੀਆ ਵਿਚ ਪੁਲਿਸ ਨੇ ਸੈਂਕੜੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਦੂਸਰੇ ਪਾਸੇ ਵਾਸ਼ਿੰਗਟਨ , ਡੀ. ਸੀ ਦੇ ਮੇਅਰ ਮੋਰੀਲ ਬੋਅਸਰ ਨੇ ਵਾਈਟ ਹਾਊਸ ਦੇ ਬਾਹਰ ਸ਼ਾਂਤਮਈ ਪ੍ਰਦਰਸ਼ਨਕਾਰੀਆਂ ’ਤੇ ਪੁਲਿਸ ਵੱਲੋਂ ਕੀਤੀ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਉਨਾਂ ਕਿਹਾ ਹੈ ਕਿ ਸੰਘੀ ਪੁਲਿਸ ਨੇ ਬਿਨਾਂ ਕਿਸੇ ਭੜਕਾਹਟ ਦੇ ਤਾਕਤ ਦੀ ਵਰਤੋਂ ਕੀਤੀ।

### ਕਿੰਨੇ ਕਾਲੇ ਤੇ ਕਿੰਨੇ ਗੋਰੇ ਮਰੇ

‘ਦਿ ਗਾਰਡੀਅਨ’ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਦੇ ਅਨੁਸਾਰ, ਅਮਰੀਕਾ ਵਿਚ ਪੁਲਿਸ ਹਿੰਸਾ ਦੁਆਰਾ ਮਾਰੇ ਗਏ ਕਾਲ਼ਿਆਂ ਦੀ ਗਿਣਤੀ ਪ੍ਰਤੀ ਮਿਲੀਅਨ 7.13 ਹੈ, ਜਦੋਂ ਕਿ ਮਾਰੇ ਗਏ ਗੋਰਿਆਂ ਦੀ ਗਿਣਤੀ 2.91 ਹੈ। ਅਮਰੀਕਾ ਵਿਚ ਇਕ ਸਾਲ ਵਿਚ ਤਕਰੀਬਨ ਹਜ਼ਾਰ ਲੋਕ ਮਾਰੇ ਜਾਂਦੇ ਹਨ। ਜਦੋਂ ਬਰਾਕ ਓਬਾਮਾ ਸੰਯੁਕਤ ਰਾਜ ਦੇ ਪਹਿਲੇ ਕਾਲੇ ਰਾਸ਼ਟਰਪਤੀ ਬਣੇ, ਤਾਂ ਅਜਿਹਾ ਲੱਗ ਰਿਹਾ ਸੀ ਕਿ ਨਸਲੀ ਵਿਤਕਰੇ ਵਾਲਾ ਅਮਰੀਕਾ ਪਿੱਛੇ ਰਹਿ ਗਿਆ ਸੀ, ਪਰ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ ਸਥਿਤੀ ਹੋਰ ਵਿਗੜ ਗਈ। 1973 ਦੌਰਾਨ ਟਰੰਪ ਉੱਤੇ ਨਸਲ ਦੇ ਆਧਾਰ ਤੇ ਆਪਣੇ ਫਲੈਟ ਕਿਰਾਏ ਤੇ ਦੇਣ ਦਾ ਇਲਜ਼ਾਮ ਲੱਗਾ ਸੀ। ਉਨਾਂ ਨੇ ਆਪਣੇ ਫਲੈਟਾਂ ਨੂੰ ਕਾਲਿਆਂ ਨੂੰ ਕਿਰਾਏ ’ਤੇ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। 1980 ਵਿਚ ਟਰੰਪ ਦੇ ਪੁਰਾਣੇ ਕਰਮਚਾਰੀ ਕਿਪ ਬ੍ਰਾਊਨ ਨੇ ਟਰੰਪ ਉੱਪਰ ਦੋਸ਼ ਲਗਾਇਆ ਕਿ ਜਦੋਂ ਟਰੰਪ ਕੈਸੀਨੋ ਵਿਚ ਆਏ ਸਨ ਤਾਂ ਕਾਲਿਆਂ ਨੂੰ ਰਸਤਾ ਖਾਲੀ ਕਰਨ ਲਈ ਕਿਹਾ ਗਿਆ ਸੀ। ਸਾਲ 2016 ਵਿਚ, ਟਰੰਪ ਨੇ ਪੰਜ ਕਾਲੇ ਨਾਗਰਿਕਾਂ ’ਤੇ ਇਕ ਬਿਆਨ ਦਿੱਤਾ ਸੀ, ਜਿਨਾਂ ਨੂੰ ਅਦਾਲਤ ਨੇ 1989 ਵਿਚ ਬਲਾਤਕਾਰ ਦੇ ਦੋਸ਼ ਤੋਂ ਮੁਕਤ ਕਰਕੇ ਰਿਹਾਅ ਕੀਤਾ ਗਿਆ ਸੀ। ਟਰੰਪ ਨੇ ਕਿਹਾ ਸੀ ਕਿ ਉਹ ਅਜੇ ਵੀ ਮੰਨਦੇ ਹਨ ਕਿ ਉਹ ਦੋਸ਼ੀ ਹਨ। 2015 ਦੌਰਾਨ ਟਰੰਪ ਨੇ ਮੈਕਸੀਕਨ ਪ੍ਰਵਾਸੀਆਂ ’ਤੇ ਦੋਸ਼ ਲਗਾਏ ਸਨ ਕਿ ਉਹ ਅਪਰਾਧੀ, ਬਲਾਤਕਾਰੀ ਅਤੇ ਡਰੱਗ ਸਮੱਗਲਰ ਹਨ। 2016 ਦੌਰਾਨ ਉਸਨੇ ਗਰੀਬੀ ਵਿੱਚ ਰਹਿਣ ਵਾਲੇ ਕਾਲਿਆਂ ਨੂੰ ਨਕਾਰਿਆ। ਟਰੰਪ ਰੰਗ ਨਸਲ ਕਾਰਨ ਹਮੇਸ਼ਾਂ ਓਬਾਮਾ ਦਾ ਵਿਰੋਧੀ ਰਿਹਾ ਹੈ। ਇਹ ਵੇਖਣਾ ਬਾਕੀ ਹੈ ਕਿ ਕੀ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਇਹ ਪ੍ਰਦਰਸ਼ਨ ਅਮਰੀਕਾ ਦੇ ਭਵਿੱਖ ਵਿਚ ਕੁਝ ਤਬਦੀਲੀ ਲਿਆਏਗਾ। ਵਿਸ਼ਵ ਮਹਾਂਸ਼ਕਤੀ, ਜੋ ਪਹਿਲਾਂ ਹੀ ਕੋਰੋਨਾ ਕਾਰਨ ਵਿੱਤੀ ਤੌਰ ਤੇ ਟੁੱਟ ਚੁੱਕੀ ਹੈ, ਦੇ ਅਕਸ ਨੂੰ ਬਣਾਈ ਰੱਖਣ ਲਈ, ਅਮਰੀਕਾ ਨੂੰ ਚਿੱਟੇ-ਕਾਲੇ ਦੀ ਇਸ ਪ੍ਰਣਾਲੀ ਨੂੰ ਤੋੜਨਾ ਪਏਗਾ ਅਤੇ ਹਰੇਕ ਨਾਗਰਿਕ ਨੂੰ ਇਕ ਅੱਖ ਨਾਲ ਵੇਖਣਾ ਸ਼ੁਰੂ ਕਰਨਾ ਪਏਗਾ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com